# ਵਿਗਿਆਨ ਜੋਤ

***ਸਾਲ 9, ਅੰਕ 4***

**ਜੁਲਾਈ-ਅਗਸਤ, 2014**

**PUNPUN/2006/17457**



ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਸੰਪਾਦਕ :ਅਜਮੇਰ ਸਿੱਧੂ
ਰਣਜੀਤ ਝਨੇਰ
ਮੁੱਖ ਪ੍ਰਬੰਧਕ : ਅਮਿੱਤ ਮਿੱਤਰ

**ਸੰਪਾਦਕੀ ਬੋਰਡ:**
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**
* ਸੁਖਵੀਰ ਰੈਨਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**



**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@gmail.com



***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***

*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਰਾਮ ਤੇਰੀ ਗੰਗਾ ਮੈਲੀ

ਗੱਲ ਇਕੱਤੀ ਵਰ੍ਹੇ ਪੁਰਾਣੀ ਹੈ ਮੈਂ ਡਾਕਟਰ ਇਬਰਾਹਮ ਟੀ ਕਾਵੂਰ ਦੀ ਕਿਤਾਬ '...ਤੇ ਦੇਵ ਪੁਰਸ਼ ਹਾਰ ਗਏ' ਦਾ ਅਨੁਵਾਦ ਕਰ ਰਿਹਾ ਸਾਂ। ਇਸ ਕਿਤਾਬ ਦਾ ਇਕ ਚੈਪਟਰ "ਗੰਗਾਜਲ ਦੇ ਚਮਤਕਾਰ ਹੈ।" ਇਸ ਚੈਪਟਰ ਵਿੱਚ ਕਾਵੂਰ ਲਿਖਦਾ ਹੈ ਕਿ "ਮੇਰੀ ਰਹਾਇਸ਼ ਸ੍ਰੀ ਲੰਕਾ ਵਿੱਚ ਹੈ ਮੈਂ ਪੜ੍ਹਾਈ ਕਲਕੱਤਾ ਯੂਨੀਵਰਸਿਟੀ ਤੋਂ ਕੀਤੀ ਹੈ। ਆਪਣੇ ਵਿਦਿਆਰਥੀ ਜੀਵਨ ਦੌਰਾਨ ਸਾਡੇ ਭਾਰਤੀ ਗੁਆਂਢੀ ਮੈਨੂੰ ਤੇ ਮੇਰੇ ਭਰਾ ਨੂੰ ਕਲਕੱਤੇ ਤੋਂ ਗੰਗਾਜਲ ਦੀ ਬੋਤਲ ਲਿਆਉਣ ਲਈ ਬੇਨਤੀ ਕਰਦੇ ਪਰ ਅਸੀਂ ਉਹਨਾਂ ਨੂੰ ਸਥਾਨਕ ਰੇਲਵੇ ਸਟੇਸ਼ਨ ਦੇ ਨਲਕੇ ਦਾ ਪਾਣੀ ਹੀ ਭਰ ਕੇ ਦੇ ਦਿਆ ਕਰਦੇ ਸਾਂ। ਫਿਰ ਉਹ ਅਗਲੇ ਸਾਲ ਸਾਨੂੰ ਗੰਗਾ ਜਲ ਦੀਆਂ ਕਰਾਮਾਤਾਂ ਦੇ ਕਿੱਸੇ ਸੁਣਾਇਆ ਕਰਦੇ ਕੋਈ ਕਹਿੰਦਾ "ਮੇਰੀ ਮਾਂ ਦਾ ਪੇਟ ਦਰਦ ਗੰਗਾ ਜਲ ਦੀਆਂ ਦੋ ਬੂੰਦਾ ਨਾਲ ਹੀ ਛੂ ਮੰਤਰ ਹੋ ਗਿਆ। ਦੂਸਰਾ ਕਹਿੰਦਾ ਅਮਰੂਦਾਂ ਦੇ ਇੱਕ ਬੂਟੇ ਨੂੰ ਪਾਈਆਂ ਗੰਗਾ ਜਲ ਦੀਆਂ ਕੁੱਝ ਬੂੰਦਾਂ ਨੇ ਹੀ ਉਸਨੂੰ ਫਲਾਂ ਨਾਲ ਭਰ ਦਿੱਤਾ। ਅਸੀਂ ਉਹਨਾਂ ਦੀਆਂ ਗੱਲਾਂ ਸੁਣ ਕੇ ਮਨ ਹੀ ਮਨ ਵਿੱਚ ਮੁਸਕਰਾ ਛੱਡਦੇ।"

ਇਸ ਚੈਪਟਰ ਦਾ ਅਨੁਵਾਦ ਕਰਦਿਆਂ ਮੇਰੀ ਬਹਿਸ ਸਾਡੇ ਸਕੂਲ ਦੇ ਇੱਕ ਅਧਿਆਪਕ ਨਾਲ ਹੋ ਗਈ। ਉਹ ਕਹਿਣ ਲੱਗਿਆ "ਮੇਰੇ ਕੋਲ ਦਸ ਵਰ੍ਹੇ ਪੁਰਾਣੇ ਗੰਗਾ ਜਲ ਦੀ ਬੋਤਲ ਹੈ। ਇਸ ਵਿੱਚ ਅੱਜ ਤੱਕ ਜਾਲੇ ਨਹੀਂ ਪਏ।" ਮੈਂ ਕਿਹਾ ਜਾਲੇ ਪੈਣਾ ਜਾਂ ਨਾ ਪੈਣਾ ਤਾਂ ਪਾਣੀ ਦੀ ਸ਼ੁੱਧਤਾ ਜਾਣਨ ਦਾ ਕੋਈ ਢੰਗ ਨਹੀਂ ਉਸਦੀ ਪਰਖ ਤਾਂ ਪ੍ਰਯੋਗਸ਼ਾਲਾ ਤੋਂ ਹੁੰਦੀ ਹੈ। ਅੱਜ ਦਾ ਗੰਗਾਜਲ ਤਾਂ ਪੀਣ ਵਾਲੇ ਸ਼ੁਧ ਪਾਣੀ ਨਾਲੋਂ ਹਜ਼ਾਰਾਂ ਗੁਣਾ ਜ਼ਿਆਦਾ ਅਸ਼ੁੱਧ ਹੈ।

ਇਹਨਾਂ ਅਸ਼ੁੱਧੀਆਂ ਲਈ ਜ਼ਿੰਮੇਵਾਰ ਅਸੀਂ ਖ਼ੁਦ ਹਾਂ। ਕੁੱਝ ਵਰ੍ਹੇ ਪਹਿਲਾਂ ਮੇਰੇ ਚਾਚੇ ਦੇ ਲੜਕੇ ਦਾ ਫੋਨ ਆਇਆ ਕਹਿਣ ਲੱਗਿਆ "ਘਰ ਵਿਚਲੇ ਕਲੇਸ਼ ਤੋਂ ਤੰਗ ਆ ਕੇ ਮੇਰੀ ਪਤਨੀ ਕਿਸੇ ਜੋਤਸ਼ੀ ਕੋਲ ਗਈ। ਉਸਨੇ ਕਿਹਾ ਕਿ "ਘਰ 'ਤੇ ਕਿਸੇ ਨੇ ਸਾੜ੍ਹ ਸਤੀ ਛੱਡੀ ਹੋਈ ਹੈ। ਇਸ ਦਾ ਉਪਾਅ ਕਰਨਾ ਪਵੇਗਾ। ਉਪਾਅ ਲਈ ਉਸਨੇ ਹੋਰ ਚੀਜ਼ਾਂ ਤੋਂ ਇਲਾਵਾ ਸਵਾ ਮਣ ਸਿੱਕਾ ਗੰਗਾ ਦੇ ਪਾਣੀ ਵਿੱਚ ਪਾਉਣ ਲਈ ਕਿਹਾ ਹੈ। ਮੈਂ ਇੰਜਨੀਅਰਿੰਗ ਕੀਤੀ ਹੋਈ ਹੈ। ਮੈਂ ਜਾਣਦਾ ਹਾਂ ਕਿ ਲੈੱਡ ਇੱਕ ਜਹਿਰੀਲੀ ਧਾਤ ਹੈ। ਇਸਦੇ ਜਹਿਰੀਲੇਪਣ ਕਾਰਨ ਅੱਜ ਕੱਲ੍ਹ ਤਾਂ ਇਸ ਦੀ ਰੰਗ ਰੋਗਨ ਵਿੱਚ ਵਰਤੋਂ ਦੀ ਮਨਾਹੀ ਵੀ ਹੈ। ਭਾਵੇਂ ਮੈਂ ਆਪਣੀ ਘਰ ਵਾਲੀ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਹੈ ਪਰ ਮੈਂ ਸੋਚਦਾ ਹਾਂ ਕਿ ਲੱਖਾਂ ਵਿਅਕਤੀ ਅਜਿਹੇ ਹੋਣਗੇ ਜਿਹੜੇ ਇਸ ਗੱਲ ਤੋਂ ਜਾਣੂੰ ਨਹੀਂ ਉਹ ਅਜਿਹਾ ਕਰ ਵੀ ਰਹੇ ਹੋਣਗੇ।" ਉਸਨੇ ਮੈਨੂੰ ਜੋਤਸ਼ੀ ਦਾ ਨਾਂ ਤੇ ਪਤਾ ਦੱਸ ਦਿੱਤਾ। ਮੈਂ ਭਾਰਤ ਸਰਕਾਰ ਦੇ ਪ੍ਰਦੂਸ਼ਣ ਵਿਭਾਗ ਨੂੰ ਇਸ ਸਬੰਧੀ ਸੂਚਿਤ ਵੀ ਕੀਤਾ। ਪਰ ਉਹਨਾਂ ਨੇ ਕੋਈ ਵੀ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ।

ਗੰਗਾ ਜਲ ਨਾਲ ਕਰੋੜਾਂ ਹਿੰਦੂਆਂ ਦੇ ਜਜਬਾਤ ਜੁੜੇ ਹੋਏ ਹਨ। ਲੱਖਾਂ ਦੀ ਗਿਣਤੀ ਵਿੱਚ ਕਾਂਬੜੀਏ ਗੰਗਾ ਜਲ ਲਿਆਉਣ ਲਈ ਸੈਂਕੜੇ ਕਿਲੋਮੀਟਰ ਦੀ ਪੈਦਲ ਯਾਤਰਾ ਕਰਦੇ ਮੈਂ ਹਰ ਸਾਲ ਵੇਖਦਾ ਹਾਂ। ਹਰ ਹਿੰਦੂ ਆਪਣੇ ਬਜ਼ੁਰਗਾਂ ਦੇ ਫੁੱਲ ਗੰਗਾ ਵਿੱਚ ਪਾਉਣ ਲਈ ਇੱਕ ਟਿਕਟ ਦੀ ਬਜਾਏ ਦੋ ਟਿਕਟ ਖ਼ੀਦ ਕੇ ਗੱਡੀ ਵਿੱਚ ਬੈਠਦਾ ਹੈ। ਪੁੱਛਣ 'ਤੇ ਦੱਸਦਾ ਹੈ ਕਿ ਇੱਕ ਟਿਕਟ ਮੈਂ ਆਪਣੀ ਖ਼ੀਦੀ ਹੈ। ਪੋਟਲੀ ਵੱਲ ਇਸ਼ਾਰਾ ਕਰਕੇ ਕਹਿੰਦਾ ਹੈ ਕਿ ਦੂਸਰੀ ਇਸਦੀ ਹੈ ਜਿਸ ਨੂੰ ਹਰਦੁਆਰ ਛੱਡ ਕੇ ਆਉਣਾ ਹੈ।" ਮਰਨ ਵੇਲੇ ਹਰ ਹਿੰਦੂ ਦੀ ਇੱਛਾ ਹੁੰਦੀ ਹੈ ਕਿ ਉਸਦੇ ਮੂੰਹ ਵਿੱਚ ਗੰਗਾ ਜਲ ਦੀਆਂ ਦੋ ਬੂੰਦਾਂ ਪਾਈਆਂ ਜਾਣ।

ਇੱਥੋਂ ਦਾ ਚਲਾਕ ਸਿਆਸਤਦਾਨ ਜਾਣਦਾ ਹੈ ਕਿ ਸਤਾ 'ਤੇ ਕਾਬਜ ਹੋਣ ਲਈ ਹਿੰਦੂ ਜਜਬਾਤਾਂ ਦਾ ਇਸਤੇਮਾਲ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸ ਲਈ ਹੀ ਕਾਂਬੜੀਆਂ ਦੀਆਂ ਗੋਧਰਾ ਰੇਲਵੇ ਸਟੇਸ਼ਨ 'ਤੇ ਅਗਨੀ ਕਾਂਡ ਨਾਲ ਹੋਈਆਂ ਮੌਤਾਂ ਗੁਜਰਾਤ ਦੰਗਿਆਂ ਲਈ ਪਿੱਠ ਭੂਮੀ ਬਣੀਆਂ। ਕੇਂਦਰੀ ਮੰਤਰੀ ਉਮਾ ਭਾਰਤੀ ਨੇ ਆਪਣੇ ਦਫ਼ਤਰ ਵਿੱਚ ਪਹਿਲੇ ਦਿਨ ਹੀ ਗੰਗਾਜਲ ਦੀ ਗੜਬੀ ਲਿਜਾ ਕੇ ਰੱਖ ਦਿੱਤੀ।

ਕੀ ਗੰਗਾ ਪੈਸੇ ਨਾਲ ਸਾਫ਼ ਨਹੀਂ ਕੀਤੀ ਜਾ ਸਕਦੀ ? ਤਾਂ ਮੇਰਾ ਜੁਆਬ ਨਾਂਹ ਵਿੱਚ ਹੈ। ਪਿਛਲੀ ਸਰਕਾਰ ਨੇ ਵੀਹ ਹਜ਼ਾਰ ਕਰੋੜ ਰੁਪਏ ਗੰਗਾ ਦੀ ਸਫ਼ਾਈ ਦੇ ਨਾਂ 'ਤੇ ਖਰਚ ਕਰ ਦਿੱਤੇ ਪਰ ਗੰਗਾ ਤਾਂ ਅੱਗੇ ਨਾਲੋਂ ਵੱਧ ਦੂਸ਼ਿਤ ਹੋ ਗਈ। ਕਿਉਂਕਿ ਮੈਲ ਸਾਡੇ ਮਨਾਂ ਵਿੱਚ ਹੈ। ਜਿੰਨਾ ਚਿਰ ਸਾਡੇ ਮਨ ਸਾਫ਼ ਨਹੀਂ ਕੀਤੇ ਜਾਂਦੇ ਗੰਗਾ ਸਾਫ਼ ਹੋ ਹੀ ਨਹੀਂ ਸਕਦੀ।

2010 ਵਿੱਚ ਮੈਨੂੰ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਨਿਊਜੀਲੈਂਡ ਵੱਲੋਂ ਤਰਕਸ਼ੀਲਤਾ ਦੇ ਪ੍ਰਚਾਰ ਪ੍ਰਸਾਰ ਹੇਤੂ ਨਿਊਜੀਲੈਂਡ ਬੁਲਾਇਆ ਗਿਆ। ਸੰਸਥਾ ਦੀ ਇੱਕ ਮੈਂਬਰ ਮੰਮਤਾ ਰਾਜੂ ਇੱਕ ਪ੍ਰਾਇਮਰੀ ਅਧਿਆਪਕਾ ਹੈ। ਉਹ ਮੈਨੂੰ ਕਹਿਣ ਲੱਗੀ ਅੰਕਲ ਜੀ ਮੇਰੇ ਨਾਲ ਇੱਕ ਗੋਰੀ ਅਧਿਆਪਕਾ ਪੜ੍ਹਾਉਂਦੀ ਹੈ। ਕਈ ਦਿਨਾਂ ਤੋਂ ਉਹ ਸਕੂਲ ਵਿੱਚ ਬਹੁਤ ਉਦਾਸ ਦਿਖਾਈ ਦਿੰਦੀ ਸੀ। ਮੇਰੀਆਂ ਸਾਥੀ ਅਧਿਆਪਕਾਵਾਂ ਨੇ ਉਸਨੂੰ ਪੁੱਛਿਆ ਕਿ ਉਹ ਉਦਾਸ ਕਿਉਂ ਹੈ। ਉਹ ਕਹਿਣ ਲੱਗੀ ਮੇਰੇ ਦੋਸਤ ਨਾਲ ਮੇਰੀ ਅੱਜ ਕੱਲ੍ਹ ਅਣਬਣ ਚੱਲ ਰਹੀ ਹੈ। ਮੇਰੀਆਂ ਸਾਥੀ ਅਧਿਆਪਕਾਵਾਂ ਦੇ ਕਹਿਣ 'ਤੇ ਉਹ ਇੱਕ ਭਾਰਤੀ ਜੋਤਸ਼ੀ ਕੋਲ ਚਲੀ ਗਈ। ਜੋਤਸ਼ੀ ਜੀ ਉਸਨੂੰ ਕਹਿਣ ਲੱਗੇ। "ਸੱਤ ਕਿਸਮ ਦਾ ਅਨਾਜ ਲੈ ਕੇ ਇਸਦਾ ਸੱਤਨਾਜ਼ਾ ਬਣਾ ਲਵੀਂ ਤੇ ਇਸ ਸਤਨਾਜ਼ੇ ਨੂੰ ਵੱਗਦੇ ਦਰਿਆ ਵਿੱਚ ਵਹਾ ਦੇਈਂ। ਤੇਰੇ ਸੰਬੰਧ ਤੇਰੇ ਮਿੱਤਰ ਨਾਲ ਚੰਗੇ ਹੋ ਜਾਣਗੇ।" ਉਸਨੇ ਉਸੇ ਸਮੇਂ ਜੋਤਸ਼ੀ ਜੀ ਨੂੰ ਅਜਿਹਾ ਕਰਨ ਤੋਂ ਇਹ ਕਹਿ ਕੇ ਜੁਆਬ ਦੇ ਦਿੱਤਾ "ਮੇਰੇ ਸਬੰਧ ਮੇਰੇ ਦੋਸਤ ਨਾਲ ਚੰਗੇ ਹੋਣ ਜਾਂ ਨਾ ਹੋਣ ਪਰ ਮੈਂ ਆਪਣੇ ਦੇਸ਼ ਦੇ ਦਰਿਆਵਾਂ ਨੂੰ ਤਾਂ ਦੂਸ਼ਿਤ ਨਹੀਂ ਕਰ ਸਕਦੀ।"

ਸੋ ਗੰਗਾ ਨੂੰ ਸ਼ੁੱਧ ਕਰਨ ਦਾ ਰਾਹ ਭਾਰਤੀਆਂ ਦੇ ਮਨਾਂ ਵਿੱਚੋਂ ਹੋ ਕੇ ਹੀ ਨਿਕਲੇਗਾ। ਸਿਆਸਤ ਨੂੰ ਪੱਕੇ ਪੈਰੀਂ ਕਰਨ ਲਈ ਅਥਾਹ ਪੈਸਾ ਖਰਚ ਕੇ ਗੰਗਾ ਸ਼ੁੱਧ ਕੀਤੀ ਹੀ ਨਹੀਂ ਸਕਦੀ।

**- ਮੇਘ ਰਾਜ ਮਿੱਤਰ**

# ਕਿਰਾਏ ਦੀ ਕੁੱਖ (ਸੈਰੋਗੇਸੀ) ਵਰਦਾਨ ਹੈ ਜਾਂ ਸਰਾਪ?

ਜਿਸ ਬਾਂਝ ਜੋੜੇ ਲਈ ਉਹਨਾਂ ਦਾ ਗਰਭ ਕੋਈ ਹੋਰ ਔਰਤ ਆਪਣੀ ਕੁੱਖ (ਬੱਚੇਦਾਨੀ) 'ਚ ਪਾਲਦੀ ਹੈ, ਉਸ ਨੂੰ ਸੇਰੋਗੇਟ ਮਾਂ ਕਹਿੰਦੇ ਹਨ। ਸੇਰੋਗੇਸੀ ਉਹਨਾਂ ਸਭ ਔਰਤਾਂ ਲਈ ਫਾਇਦੇਮੰਦ ਹੈ ਜੋ ਕਿ ਮੈਡੀਕਲ ਤੌਰ 'ਤੇ ਬੱਚੇ ਨੂੰ ਜਨਮ ਦੇਣ 'ਚ ਅਸਮਰੱਥ ਹੈ ਜਾਂ ਜਿਸ ਦੀ ਕੁੱਖ ਨੌ ਮਹੀਨੇ ਤੱਕ ਬੱਚੇ ਨੂੰ ਨਹੀਂ ਸੰਭਾਲ ਸਕਦੀ ਹੈ। ਬਸ਼ਰਤ ਹੈ ਕਿ ਇਸ ਤਕਨੀਕ ਦੀ ਦੁਰਵਰਤੋਂ ਨਾ ਹੋਵੇ।



ਪਿਛਲੇ ਸਮੇਂ ਤੋਂ ਦੇਖਣ 'ਚ ਆਇਆ ਹੈ ਕਿ ਬਾਲੀਵੁੱਡ ਦੇ ਵੱਡੇ ਵੱਡੇ ਸਿਤਾਰੇ ਸੇਰੋਗੇਟ ਮਦਰ ਤੋਂ ਆਪਣੀਆਂ ਔਲਾਦਾਂ ਦੀ ਗਿਣਤੀ 'ਚ ਵਾਧਾ ਕਰ ਰਹੇ ਹਨ। ਅਜੇ ਪਿਛੇ ਜਿਹੇ ਹੀ ਸਾਹਰੁਖ ਖਾਨ ਆਪਣੇ ਬੇਟੇ ਨੂੰ ਆਪਣੇ ਘਰ ਲੈ ਕੇ ਆਏ ਜਿਸ ਦਾ ਨਾਂ ਉਹਨਾਂ ਨੇ ਅਬ੍ਰਾਹਮ ਰੱਖਿਆ ਹੈ। ਇਸ ਉਮਰ 'ਚ ਪਹੁੰਚਣ ਪਿਛੋਂ ਜੇ ਇਨਾਂ ਲੋਕਾਂ ਦਾ ਇਹ ਸੁਪਨਾ ਪੂਰਾ ਹੋ ਸਕਿਆ ਹੈ ਤਾਂ ਇਸ ਦਾ ਵੱਡਾ ਸਿਹਰਾ ਜਾਂਦਾ ਹੈ ਵਿਗਿਆਨ ਦੀ ਤਰੱਕੀ ਤੇ ਸੇਰੋਗੇਟ ਮਦਰ ਦੀ ਉਪਲੱਭਤਾ ਨੂੰ। ਭਾਰਤ 'ਚ ਇਨ੍ਹਾਂ ਸਿਤਾਰਿਆਂ ਨੂੰ ਰੱਬ ਮੰਨਣ ਵਾਲੇ ਬਹੁਤੇ ਲੋਕਾਂ ਵਿਚ ਵੀ ਸੇਰੋਗੇਟ ਮਦਰ ਦੀ ਮਦਦ ਨਾਲ ਸੰਤਾਨ ਸੁਖ ਦਾ ਲੁਤਫ਼ ਲੈਣ ਦੀ ਉਤਸੁਕਤਾ ਲਗਾਤਾਰ ਵਧਦੀ ਜਾ ਰਹੀ ਹੈ। ਜੋ ਲੋਕ ਕਿਸੇ ਕਾਰਣ ਕਰਕੇ ਵਿਆਹ ਤੋਂ ਕਈ ਸਾਲਾਂ ਤਕ ਵੀ, ਮਾਂ-ਬਾਪ ਨਹੀਂ ਬਣ ਸਕੇ। ਉਹਨਾਂ ਲਈ, ਸੇਰੋਗੇਸੀ ਇਕ ਬੇਹਤਰ ਵਿਕਲਪ ਬਣ ਕੇ ਉਭਰ ਰਿਹਾ ਹੈ। ਹੁਣ ਸਾਹਰੁਖ ਖਾਨ ਦੇ ਆਪਣੇ ਦੋ ਬੱਚੇ ਹੋਣ ਦੇ ਬਾਵਜੂਦ ਜਦ ਉਹਨਾਂ ਨੇ ਸੇਰੋਗੇਸੀ ਦੀ ਮੱਦਦ ਨਾਲ ਤੀਜੇ ਬੇਟੇ ਦਾ ਸੁਪਨਾ ਪੂਰਾ ਕੀਤਾ ਤਾਂ ਬੱਚਿਆਂ ਦੀ ਲਲਕ ਕਈ ਲੋਕਾਂ ਨੂੰ ਇਸ ਤੋਂ ਬਹੁਤ ਆਸਰਾ ਮਿਲਿਆ ਹੈ ਅਤੇ ਉਹਨਾਂ ਦੇ ਮਨ 'ਚ ਛੁਪੇ ਡਰ ਜਾਂ ਭੈਅ ਨਾਲ ਲੜਨ 'ਚ ਉਨ੍ਹਾਂ ਨੂੰ ਮੱਦਦ ਮਿਲ ਰਹੀ ਹੈ। ਜਦ ਸ਼ਾਹਰੁਖ ਖਾਨ ਤੇ ਗੌਰੀ ਖਾਨ ਦੇ ਸੇਰੋਗੇਸੀ ਨਾਲ ਬੱਚਾ ਹੋਣ ਦੀ ਖ਼ਬਰ ਆਈ ਹੈ ਉਦੋਂ ਤੋਂ ਕਲੀਨਿਕਾਂ 'ਚ ਆਈ ਵੀ ਐਫ ਲਈ ਆਉਣ ਵਾਲੇ ਲੋਕਾਂ ਦੀ ਗਿਣਤੀ ਵਧ ਗਈ ਹੈ। ਇਸ ਤੋਂ ਬਹੁਤ ਸਾਰੇ ਜੋੜਿਆਂ ਨੂੰ ਹਿੰਮਤ ਮਿਲੀ ਹੈ। ਰਵੀ ਗੋਇਲ ਦਾ ਕਹਿਣਾ ਹੈ ਕਿ ਅਸੀਂ ਬਹੁਤ ਸਮੇਂ ਤੱਕ ਕੁਦਰਤੀ ਤੌਰ 'ਤੇ ਬੱਚਾ ਹੋਣ ਦੀ ਉਡੀਕ ਕੀਤੀ ਪਰ ਅਸਫਲਤਾ ਹੀ ਹੱਥ ਲੱਗੀ। ਡਾਕਟਰਾਂ ਨੇ ਸਾਨੂੰ ਆਈ ਵੀ ਐਫ, ਬਾਰੇ ਸੁਝਾਅ ਦਿੱਤਾ ਪਰ ਇਸ 'ਚ ਅਜੀਬ ਜਿਹੇ ਡਰ ਤੇ ਸ਼ਰਮ ਨੇ ਸਾਨੂੰ ਇਸ ਪਾਸੇ ਵਧਣ ਹੀ ਨਹੀਂ ਦਿੱਤਾ। ਪਰ ਅੱਜ ਸੇਲੇਬ੍ਰਿਆਂ ਰਾਹੀ ਇਸ ਵਿਕਲਪ ਨੂੰ ਅਪਣਾਉਣ ਨਾਲ ਸਾਡਾ ਨਜ਼ਰੀਆਂ ਵੀ ਬਦਲ ਗਿਆ ਹੈ। ਹੁਣ ਅਸੀਂ ਵੀ ਸੇਰੋਗੇਸੀ ਦੀ ਮੱਦਦ ਨਾਲ ਹੀ ਆਪਣਾ ਸੁਪਨਾ ਪੂਰਾ ਕਰਾਂਗੇ। ਸਾਡੇ ਵਰਗੇ ਬੇਔਲਾਦ ਲੋਕਾਂ ਲਈ ਇਹ ਤਕਨੀਕ ਕਿਸੇ ਅਸ਼ੀਰਵਾਦ ਤੋਂ ਘੱਟ ਨਹੀਂ ਹੈ।

ਇਹ ਸੇਲੇਬ੍ਰਿਟੀਜ਼ ਆਮ ਲੋਕਾਂ ਲਈ ਉਹਨਾਂ ਦਾ ਆਦਰਸ਼ (9) ਹੁੰਦੇ ਹਨ। ਉਹਨਾਂ ਵਲੋਂ ਕੀਤਾ ਜਾਣ ਵਾਲਾ ਹਰ ਕੰਮ ਉਹਨਾਂ (ਲੋਕਾਂ) ਲਈ ਬਹੁਤ ਮਾਅਨੇ ਰੱਖਦਾ ਹੈ। ਲੋਕਾਂ 'ਤੇ ਉਸ ਦਾ ਡੂੰਘਾਂ ਅਸਰ ਪੈਂਦਾ ਹੈ। ਹੁਣ ਸ਼ਾਹਰੁਖ ਖਾਨ, ਆਮਿਰ ਖਾਨ ਤੇ ਸਤੀਸ਼ ਕੌਸ਼ਿਕ ਵਲੋਂ ਇਸ ਤਰ੍ਹਾਂ ਦੇ ਕਦਮ ਚੁਕੇ ਜਾਣ ਨਾਲ ਲੋਕਾਂ ਨੂੰ ਹੀ ਹਿੰਮਤ ਮਿਲੀ ਹੈ ਅਤੇ ਸਮਾਜਕ ਡਰ ਗਾਇਬ ਹੁੰਦਾ ਜਾ ਰਿਹਾ ਹੈ। ਲੋਕਾਂ ਦਾ ਨਜ਼ਰੀਆਂ ਵੀ ਕਿਰਾਏ ਦੀ ਕੁੱਖ (ਸੇਰੋਗੇਸੀ) ਪ੍ਰਤੀ ਰਵੱਈਆਂ ਬਦਲਦਾ ਜਾ ਰਿਹਾ ਹੈ। ਇਕ ਖੋਜ਼ ਮੁਤਾਬਕ ਭਾਰਤ 'ਚ ਕਰੀਬ 30 ਫੀਸਦੀ ਔਰਤਾਂ ਸੇਰੋਗੇਟ ਦੀ ਮਦਦ ਨਾਲ ਮਾਂ ਬਣਦੀਆਂ ਹਨ। ਭਾਰਤ 'ਚ ਇਕ ਸਾਲ 'ਚ 1000 ਤੋਂ ਵੱਧ ਬੱਚੇ ਇਸ ਅਮਲ ਰਾਹੀ ਪੈਦਾ ਕੀਤੇ ਜਾਂਦੇ ਹਨ। ਇਹ ਗਿਣਤੀ ਹੁਣ ਹੌਲੀ-ਹੌਲੀ ਵਧ ਰਹੀ ਹੈ।

ਸੇਰੋਗੇਸੀ ਹੁੰਦੀ ਕੀ ਹੈ ? ਜਦ ਬੇਔਲਾਦ ਜੋੜੇ ਲਈ ਉਹਨਾਂ ਦਾ ਗਰਭ ਜਦ ਕੋਈ ਹੋਰ ਔਰਤ ਆਪਣੀ ਕੁੱਖ 'ਚ ਪਾਲਦੀ ਹੈ, ਉਸਨੂੰ ਸੇਰੋਗੇਟ (ਕਿਰਾਏ ਦੀ) ਮਾਂ ਕਿਹਾ ਜਾਂਦਾ ਹੈ। ਸੇਰੋਗੇਸੀ ਉਹਨਾਂ ਸਭ ਔਰਤਾਂ ਲਈ ਹੈ ਜੋ ਕਿ ਮੈਡੀਕਲ ਤੌਰ 'ਤੇ ਬੱਚੇ ਨੂੰ ਜਨਮ ਦੇਣ 'ਚ ਅਸਮਰੱਥ ਹਨ ਜਾਂ ਜਿਹਨਾਂ ਦੀ ਕੁੱਖ (ਬੱਚੇਦਾਨੀ) ਨੌ ਮਹੀਨੇ ਤਕ ਬੱਚੇ ਨੂੰ ਸੰਭਾਲ ਕੇ ਨਹੀਂ ਰੱਖ ਸਕਦੀ ਹੈ। ਕਦੇ ਕਦੇ ਬੱਚੇਦਾਨੀ 'ਚ ਕੰਮਜ਼ੋਰੀ ਹੋਣ, ਵਾਰ-ਵਾਰ ਗਰਭਪਤਾ ਹੋਣ ਤੇ ਆਈ. ਵੀ. ਐਫ. ਤਕਨੀਕ ਦੇ ਅਸਫਲ ਹੋਣ ਦੇ ਕੇਸਾਂ ਵਿਚ ਲੋਕ ਕਿਰਾਏ ਦੀ ਕੁੱਖ (ਸੇਰੋਗੇਸੀ) ਵੱਲ ਵਧਦੇ ਹਨ। ਕਿਰਾਏ ਦੀ ਜਾਂ ਸੇਰੋਗੇਸੀ ਮਾਂ 'ਚ ਕੁੱਝ ਵਿਸੇਸ਼ਤਾਵਾਂ ਵੇਖੀਆਂ ਜਾਂਦੀਆਂ ਹਨ ਜਿਵੇਂ:-

* ਜਿਹਨਾਂ ਦੀ ਸਰੀਰਕ ਤੇ ਮਾਨਸਕ ਸਿਹਤ ਬੇਹਤਰ ਹੋਵੇ।
* ਜਿਹਨਾਂ ਨੇ ਘੱਟੋ-ਘੱਟ ਇਕ ਬੱਚਾ ਤਾਂ ਪੈਦਾ ਕੀਤਾ ਹੋਵੇ।
* ਜਿਹਨਾਂ ਨੇ ਜਿੰਨੇ ਵੀ ਗਰਭਧਾਰਣ ਕੀਤੇ ਹੋਣ ਉਸ 'ਚ ਕੋਈ ਗੁੰਝਲ ਨਾ ਆਈ ਹੋਵੇ।
* 43 ਸਾਲ ਤੋਂ ਘੱਟ ਉਮਰ ਦੀ ਹੋਵੇ।
* ਸ਼ਰਾਬ ਅਤੇ ਸਿਗਰਟਨੋਸ਼ੀ ਦੀ ਆਦੀ ਨਾ ਹੋਵੇ।
* ਕਿਸੇ ਵੀ ਸੇਰੋਗੇਟ ਮਾਂ (ਕਿਰਾਏ ਦੀ ਕੁੱਖ ਵਾਲੀਆਂ) ਨੂੰ ਭਾਵਨਾਤਮਕ ਤੇ ਦਿਲਦਾਨ ਹੋਣਾ ਜ਼ਰੂਰੀ ਹੈ।

ਵੈਸੇ ਸੇਰੋਗੇਸੀ ਦੋ ਤਰ੍ਹਾਂ ਦੀ ਹੁੰਦੀ ਹੈ:-

ਗੈਸਟੇਸ਼ਨਲ ਸੇਰੋਗੇਸੀ

ਕੁਦਰਤੀ ਸੇਰੋਗੇਸੀ



ਡਾ. ਅਜੀਤਪਾਲ ਸਿੰਘ
ਐਮ. ਡੀ.
ਮੋ. 98156-29301

ਗੈਸਟੇਸ਼ਨ ਸੇਰੋਗੇਸੀ – ਦੌਰਾਨ ਜੋੜੇ ਦੇ ਸ਼ਕਰਾਣੂ ਤੇ ਅੰਡੇ ਨੂੰ ਫਰਟੀਲਾਇਜ਼ ਕਰਕੇ ਸੇਰੋਗੇਟ ਮਾਂ ਦੀ ਕੁੱਖ (ਬੱਚੇਦਾਨੀ) 'ਚ ਟਿਕਾ ਦਿੱਤਾ ਜਾਂਦਾ ਹੈ। ਇਹ ਅਕਸਰ ਅਪਣਾਈ ਜਾਣ ਵਾਲੀ ਸੇਰੋਗੇਸੀ ਹੈ। ਅਜੇਹੇ 'ਚ ਸੇਰੋਗੇਟ 9 ਮਹੀਨੇ ਤਕ ਗਰਭ ਨੂੰ ਆਪਣੇ ਪੇਟ 'ਚ ਪਾਲਦੀ ਹੈ ਤੇ ਉਸ ਨੂੰ ਪੈਦਾ ਕਰਦੀ ਹੈ। ਪਰ ਬੱਚੇ ਕਿਸੇ ਵੀ ਤਰ੍ਹਾਂ ਪਿਤਾ ਪੁਰਖੀ ਤੌਰ 'ਤੇ ਸੇਰੋਗੇਟ ਮਾਂ ਨਾਲ ਸਬੰਧਤ ਨਹੀਂ ਹੁੰਦਾ।

ਕੁਦਰਤੀ ਸੇਰੋਗੇਸੀ – ਅਜੇ ਕੇਸਾਂ 'ਚ ਮਰਦਾਂ ਦੇ ਸ਼ਕਰਾਣੂਆਂ ਦੇ ਨਾਲ ਸੇਰੋਗੇਟ ਮਾਂ ਨੂੰ ਆਈ. ਵੀ. ਐਫ. ਜਾਂ ਇਕਸੀ ਦੀ ਪ੍ਰੀਕ੍ਰਿਆ ਕਰਵਾਈ ਜਾਂਦੀ ਹੈ, ਤਾਂ ਪੈਦਾ ਹੋਣ ਵਾਲਾ ਬੱਚਾ ਪਿਤਾ-ਪੁਰਖੀ ਤੌਰ 'ਤੇ ਸੇਰੋਗੇਟ ਮਾਂ ਤੇ ਮਰਦ ਨਾਲ ਸਬੰਧਤ ਹੁੰਦਾ ਹੈ। ਪਰ ਉਸ ਜੋੜੇ 'ਚ ਮਹਿਲਾਂ ਸਾਥੀ (ਪਾਰਟਨਰ) ਨਾਲ ਉਸਦਾ ਕੋਈ ਜਮਾਂਦਰੂ ਸਬੰਧ ਨਹੀਂ ਹੁੰਦਾ ਹੈ।

ਦਰਅਸਲ ਆਈ. ਵੀ. ਐਫ. ਇਕ ਅਜੇਹਾ ਚਮਤਕਾਰ ਹੈ ਜੋ ਕਿ ਬੇਔਲਾਦ ਜੋੜਿਆਂ ਨੂੰ ਉਹਨਾਂ ਲਈ ਜੀਵਨ ਭਰ ਦੀ ਖੁਸ਼ੀਆਂ ਦੇ ਸਕਦਾ ਹੈ। ਲੋੜ ਹੈ ਇਸ ਮੌਕੇ ਨੂੰ ਸਮਝਣ ਜਾਂ ਅਪਣਾਉਣ ਦੀ।

ਕਈ ਤਰ੍ਹਾਂ ਦਾ ਬਾਂਝਪਣ (ਇਨਫਰਟਿਲਟੀ) ਹੁੰਦੀ ਹੈ। ਖਾਸ਼ ਕਰਕੇ ਜਨਮ ਤੋਂ ਹੀ ਹੋਣ ਵਾਲੀ ਤੇ ਕੁਝ ਕੇਸਾਂ 'ਚ ਗਰਭ ਠਹਿਰਨ ਦੀ ਸਮੱਸਿਆ ਆਉਂਦੀ ਹੈ। ਕਈ ਕੇਸਾਂ 'ਚ ਪਹਿਲਾਂ ਬੱਚਾ ਠੀਕ ਹੋ ਜਾਂਦਾ ਹੈ ਪਰ ਦੂਜਾ ਬੱਚਾ ਹੋਣ 'ਚ ਦਿਕਤ ਆਉਂਦੀ ਹੈ। ਅੱਜ ਦੇ ਸਮੇਂ 'ਚ 20 ਫੀਸਦੀ ਵਿਆਹੇ ਹੋਏ ਜੋੜਿਆਂ ਨੂੰ ਬਾਂਝਪਣ ਦੀ ਸਮੱਸਿਆ ਹੈ ਜਿਸ 'ਚ 40 ਫੀਸਦੀ ਔਰਤਾਂ ਹਨ ਤੇ 30 ਫੀਸਦੀ ਮਰਦ ਹਨ। ਅਜੇਹੇ 'ਚ ਅਸੀਂ ਮੰਨਦੇ ਹਾਂ ਕਿ ਹਰ ਪ੍ਰੀਵਾਰ ਚਾਹੇ ਉਹ ਗ਼ਰੀਬ ਹੋਵੇ ਜਾਂ ਅਮੀਰ, ਸਭ ਨੂੰ ਖੁਸ਼ ਰਹਿਣ ਦਾ ਹੱਕ ਹੈ। ਉਹਨਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆਂ ਹੋਣੀ ਵੀ ਚਾਹੀਦੀ ਹੈ। ਦੁਰਵਰਤੋਂ ਹਰਗਿਜ਼ ਨਹੀਂ ਹੋਣੀ ਚਾਹੀਦੀ। ਵੱਧ ਤੋਂ ਵੱਧ ਬੇਔਲਾਦ ਜੋੜੇ ਆਧੁਨਿਕ ਤਕਨੀਕ ਤੇ ਨਵੇਂ ਔਜ਼ਾਰਾਂ ਦੀ ਸਹਾਇਤਾ ਨਾਲ (ਨੈਤਿਕਤਾ ਨੂੰ ਮੱਦੇਨਜ਼ਰ ਰੱਖ ਕੇ) ਨਾਲ ਔਲਾਦ ਪੈਦਾ ਕਰਨ ਇਹੀ ਇਹਨਾਂ ਤਕਨੀਕਾਂ ਦਾ ਮਾਨਵੀਂ ਪੱਖ ਹੈ।

## ਪੰਜਾਬ 'ਚ ਆਮ ਆਦਮੀ ਪਾਰਟੀ ਦਾ ਉਭਾਰ – ਰਜਵਾੜਾਸ਼ਾਹੀ ਚਿੰਤਤ

ਹੁਣੇ-ਹੁਣੇ ਹੋਈਆਂ 16ਵੀਆਂ ਲੋਕ ਸਭਾ ਚੋਣਾਂ 'ਚ ਭਾਵੇਂ ਭਾਜਪਾ ਸੰਪੂਰਨ ਬਹੁਮਤ ਨਾਲ ਦਿੱਲੀ ਦੇ ਸਿੰਘਾਸਨ 'ਤੇ ਸ਼ੁਸ਼ੋਭਿਤ ਹੋਣ ਵਿੱਚ ਕਾਮਯਾਬ ਹੋ ਗਈ ਹੈ ਪਰ ਮਹਾਨ ਪੰਜਾਬੀਆਂ ਨੇ ਮੋਦੀ ਦੀ ਸੁਨਾਮੀ ਨੂੰ ਜ਼ੀਰੋ ਸਾਬਿਤ ਕਰਕੇ ਪੰਜਾਬ ਦੇ ਚਾਰ ਜ਼ਿਲ੍ਹਿਆਂ ਸੰਗਰੂਰ, ਫਤਿਹਗੜ੍ਹ ਸਾਹਿਬ, ਪਟਿਆਲਾ ਅਤੇ ਫਰੀਦਕੋਟ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਇੱਕ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਪੰਜਾਬ ਨੂੰ ਕੈਲੇਫੋਰਨੀਆਂ ਬਣਾਉਣ ਜਾਂ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਭਾਗ ਸਿਰਜਣ ਵਾਲਿਆਂ ਦੇ ਪਰਿਵਾਰਵਾਦੀ ਪੈਂਤੜੇ ਨੂੰ ਚੰਗੀ ਸੱਟ ਵੱਜੀ ਹੈ। ਲੋਕਾਂ ਨੂੰ ਝੂਠੇ ਸਬਜ਼ ਬਾਗ ਦਿਖਾ ਕੇ 25 ਸਾਲ ਰਾਜ ਕਰਨ ਦਾ ਸੁਪਨਾ ਦੇਖਣ ਵਾਲਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਚੋਣਾਂ 'ਚ ਹੋਈ ਹਾਰ ਦੇ ਕਾਰਨਾਂ ਨੂੰ ਘੋਖਣ ਦੀ ਬਜਾਏ ਨਸ਼ਈਆਂ 'ਤੇ ਸ਼ਿਕੰਜਾ ਕੱਸਕੇ ਨਸ਼ਿਆਂ ਦੇ ਸੌਦੇਦਾਰਾਂ ਨੂੰ ਬਚਾਉਣ ਦੀ ਤਾਲ ਤੋਂ ਪੰਜਾਬੀ ਭਾਲੀ ਭਾਂਤ ਜਾਣੂ ਹਨ। ਮਹਾਰਾਜਾ ਰਣਜੀਤ ਸਿੰਘ ਵਰਗੇ ਰਾਜ ਵਿੱਚ "ਬੱਕਰੇ ਨੂੰ ਬਚਾਉਣ ਲਈ ਬਿੱਲੀਆਂ ਦੀ ਬਲੀ" ਦਿੱਤੀ ਜਾ ਰਹੀ ਹੈ। ਪੰਜਾਬ ਦਾ ਰਾਜਨੀਤਕ ਅਤੇ ਪ੍ਰਸ਼ਾਸ਼ਨਿਕ ਸਿਸਟਮ ਇਨਾ ਨਿੱਘਰ ਚੁੱਕਿਆ ਹੈ ਕਿ ਆਮ ਆਦਮੀ ਦੀ ਸਰਕਾਰੇ ਦਰਬਾਰੇ ਕੋਈ ਪੁੱਛਗਿੱਛ ਨਹੀਂ ਸਗੋਂ, ਹਰ ਜਾਇਜ ਕੰਮ ਦੇ ਲਈ ਵੀ ਚਾਹ ਪਾਣੀ ਦੇ ਗੱਫਿਆਂ ਦੀ ਮੰਗ ਕੀਤੀ ਜਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਦਾ ਆਪਣੀ ਪਤਨੀ ਦੇ ਹਾਰ ਜਾਣ ਦਾ ਦਰਦ ਭੁਲਾਉਣ ਲਈ ਇਹ ਕਹਿਣਾ ਕਿੰਨਾ ਹਾਸੋਹੀਣਾ ਲੱਗਦਾ ਹੈ ਕਿ "ਆਮ ਆਦਮੀ ਪਾਰਟੀ ਵਾਲੇ ਨਕਸਲੀ ਵਿਚਾਰਧਾਰਾ ਦੇ ਮਾਲਕ ਹੁੰਦੇ ਹਨ।" ਰਾਜ ਭਾਗ ਦੇ ਸੁੱਖ 'ਚ ਗਲਤਾਨ ਰਹਿਣ ਵਾਲੇ ਇਨ੍ਹਾਂ ਅਸਫਲ ਸਾਸਕਾਂ ਨੂੰ ਕੋਈ ਪੁੱਛੇ ਕਿ "ਲੋਕ ਪੱਖੀ ਕੰਮ ਕਰਨ ਵਾਲੇ ਨਕਸਲੀ ਅਗਰ ਦੇਸ਼ ਦੀ ਮੁੱਖ ਧਾਰਾ 'ਚ ਰਹਿ ਕੇ ਦੇਸ਼ ਦੇ ਰਾਜਸੀ ਅਤੇ ਪ੍ਰਸਾਸ਼ਕੀ ਸਿਸਟਮ 'ਚ ਸੁਧਾਰ ਲਈ ਯਤਨ ਕਰਦੇ ਹਨ ਤਾਂ ਫਿਰ ਇਹ ਕਿਹੜਾ ਗੁਨਾਹ ਹੈ? ਖ਼ੈਰ ਜਦੋਂ ਰਾਜ ਭਾਗ ਦੇ ਅੰਤ ਨੇੜੇ ਦਿਖਦੇ ਹਨ ਤਾਂ ਸੱਤਾ ਦਾ ਸੁੱਖ ਭੋਗਣ ਵਾਲੇ ਅਜਿਹੀਆਂ ਬੇਤੁੱਕੀਆ ਹਾਸੋਹੀਣੀਆਂ ਗੱਲਾਂ ਨਾਲ ਅਨਰਜੀ ਸਭ ਪ੍ਰਾਪਤ ਕਰਦੇ ਰਹਿੰਦੇ ਹਨ। ਪੰਜਾਬ ਅਤੇ ਦੇਸ਼ ਭਰ 'ਚ ਪਰਿਵਾਰਵਾਦ ਦੀ ਰਾਜਨੀਤੀ ਦੇ ਖਾਤਮੇ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਹਨ। ਦੇਸ਼ ਨੂੰ ਆਜ਼ਾਦ ਹੋਇਆਂ 67 ਸਾਲ ਹੋ ਗਏ ਹਨ। ਕੇਂਦਰ 'ਚ ਕਾਂਗਰਸ ਅਤੇ ਭਾਜਪਾ ਵਾਲੇ ਅਤੇ ਇਥੇ ਪੰਜਾਬ 'ਚ ਅਕਾਲੀ ਤੇ ਕਾਂਗਰਸੀ ਰਲ ਮਿਲ ਕੇ ਹੀ ਸੱਤਾ ਦਾ ਸੁੱਖ ਭੋਗਦੇ ਰਹੇ ਹਨ। ਦੇਸ਼ ਦੇ ਲੋਕ ਜਾਗਰੂਕ ਹੋ ਚੁੱਕੇ ਹਨ। ਲੋਕਾਂ ਦੇ ਰਾਜ ਦੀ ਹਨੇਰੀ ਨੂੰ ਹੁਣ ਝੂਠੇ ਲਾਰਿਆਂ ਨਾਲ ਨਹੀਂ ਠੱਲ੍ਹਿਆ ਜਾ ਸਕਦਾ। 2017 ਦੀਆਂ ਪੰਜਾਬ ਵਿਧਾਨ ਸਭਾ ਦੇ ਹੈਰਾਨੀਜਨਕ ਨਤੀਜਿਆਂ ਦੇ ਬੱਦਲ ਹੁਣੇ ਤੋਂ ਹੀ ਮੰਡਰਾਉਣੇ ਸ਼ੁਰੂ ਹੋ ਗਏ ਹਨ। ਆਮ ਆਦਮੀ ਪਾਰਟੀ ਦੀ ਚਾਰ ਜ਼ਿਲ੍ਹਿਆਂ ਦੀ ਹੈਰਾਨੀਜਨਕ ਜਿੱਤ ਨੇ ਲੋਕਾਂ ਦੇ ਹੌਸਲੇ ਬੁਲੰਦ ਕਰ ਦਿੱਤੇ ਹਨ ਲੋਕਾਂ ਨੂੰ ਸੁੱਖ ਦਾ ਸਾਹ ਆਉਣ ਦੀਆਂ ਸੰਭਾਵਨਾਵਾਂ ਉਜਾਗਰ ਹੋਣ ਲੱਗ ਪਈਆਂ ਹਨ। ਖੈਰ! ਉਮੀਦ ਹੈ ਪੰਜਾਬ ਦੇ ਜੁਝਾਰੂ ਲੋਕ ਮੌਜੂਦਾ ਪੱਖਪਾਤੀ ਸਿਸਟਮ ਨੂੰ ਢਹਿ ਢੇਰੀ ਕਰਕੇ ਨਵਾਂ ਲੋਕ ਪੱਖੀ ਲੋਕ ਰਾਜ ਕਾਇਮ ਕਰਨ ਲਈ ਆਉਣਗੇ ਤਾਂ ਕਿ ਪੰਜਾਬ ਦੀ ਗੁਆਂਚੀ ਆਨ ਅਤੇ ਸਾਨ ਨੂੰ ਕਾਇਮ ਰੱਖਿਆ ਜਾ ਸਕੇ।

– ਰਣਜੀਤ ਝੁਨੇਰ



# ਨਾਸਤਿਕ ਦੀ ਸਖ਼ਤ ਮਿਹਨਤ ਦਾ ਇਨਾਮ, ਰੱਬ ਦੇ ਦਲਾਲ 'ਪਾਦਰੀ' ਨੂੰ ਕਿਉਂ?

ਜਿੰਦੀ ਪੇਂਟਰ ਤਰਕਸ਼ੀਲ
ਮੋ. 98156-81834



ਮੇਰੇ ਆਪਣੇ ਘਰ ਦਾ ਮਹੌਲ ਵਹਿਮਾਂ-ਭਰਮਾਂ ਅਤੇ ਅੰਧ ਵਿਸ਼ਵਾਸਾਂ ਵਾਲਾ ਹੋਣ ਕਰਕੇ ਕਦੇ-ਕਦੇ ਮੈਂ ਲੜਾਈ-ਝਗੜੇ ਅਤੇ ਕਲਾ-ਕਲੇਸ਼ ਤੋਂ ਬਹੁਤ ਪ੍ਰੇਸ਼ਾਨ ਹੋ ਜਾਂਦਾ ਹਾਂ ਕਿਉਂਕਿ ਮੈਂ ਇੱਕ ਨਾਸਤਿਕ (ਤਰਕਸ਼ੀਲ) ਤੇ ਵਿਗਿਆਨਕ ਸੋਚ ਵਾਲਾ ਵਿਅਕਤੀ ਹਾਂ ਜੋ ਸਿਰਫ਼ ਪਰਖੀਆਂ ਹੋਈਆਂ ਗੱਲਾਂ ਵਿੱਚ ਹੀ ਵਿਸ਼ਵਾਸ ਕਰਦਾ ਹੈ, ਇਸ ਲਈ ਮੇਰਾ ਕਿਸੇ ਭੂਤ-ਚੁੜੇਲਾਂ, ਜਾਦੂ-ਟੂਣਿਆਂ, ਸ਼ੈਤਾਨਾਂ, ਜੰਤਰਾਂ-ਮੰਤਰਾਂ, ਗੈਬੀ-ਸ਼ਕਤੀਆਂ, ਦੇਵੀ ਦੇਵਤਿਆਂ ਅਤੇ ਆਤਮਾ-ਪ੍ਰਮਾਤਮਾ ਆਦਿ ਵਿੱਚ ਭੋਰਾ ਭਰ ਵੀ ਵਿਸ਼ਵਾਸ ਨਹੀਂ। ਮੈਂ ਤਰਕਸ਼ੀਲਾਂ (ਨਾਸਤਿਕਾਂ) ਤੇ ਵਿਗਿਆਨਕਾਂ ਦੀਆਂ ਖੋਜਾਂ-ਪਰਖਾਂ ਤੇ ਜਾਂਚ-ਪੜਤਾਲਾਂ ਰਾਹੀਂ ਤਿਆਰ ਕੀਤੀਆਂ ਕਿਤਾਬਾਂ ਤੇ ਮੈਗਜ਼ੀਨ ਪੜ੍ਹ ਕੇ ਰੱਬ (ਪ੍ਰਮਾਤਮਾਂ) ਦੇ ਦਲਾਲਾਂ (ਵਿਚੋਲਿਆਂ) : ਜੋਤਸ਼ੀਆਂ, ਬਾਬਿਆਂ, ਸਾਧੂਆਂ, ਸੰਤਾਂ-ਮਹੰਤਾਂ, ਡੇਰੇਦਾਰਾਂ, ਧਾਰਮਿਕ ਗੁਰੂਆਂ, ਸਵਾਮੀਆਂ, ਮਹਾਰਾਜਾਂ, ਪੰਡਤਾਂ, ਪਾਂਡਿਆਂ, ਪੀਰਾਂ, ਫਕੀਰਾਂ, ਫੱਕਰਾਂ, ਦਾਤਿਆਂ, ਮਲੰਗਾਂ, ਚੇਲਿਆਂ, ਸਿਆਣਿਆਂ, ਪ੍ਰੋਹਿਤਾਂ, ਪਾਠੀਆਂ, ਭਾਈਆਂ, ਕੀਰਤਨੀਆਂ, ਧਾਰਮਿਕ ਪ੍ਰਚਾਰਕਾਂ, ਪੁਜਾਰੀਆਂ, ਯੋਹਵਾਹਾਂ ਦੇ ਗਵਾਹਾਂ ਅਤੇ ਈਸਾਈ ਪਾਦਰੀਆਂ ਆਦਿ ਦੁਆਰਾ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸਾਂ ਵਿੱਚ ਫਸਾ ਕੇ ਕੀਤੀ ਜਾਂਦੀ ਕਥਿਤ ਲੁੱਟ ਤੋਂ ਬੜੀ ਮੁਸ਼ਕਲ ਨਾਲ ਬਚ ਨਿਕਲਿਆਂ ਹਾਂ, ਮੇਰੇ ਘਰ ਦੇ ਇਸ ਬਾਰੇ 'ਅਗਿਆਨੀ' (ਅਕਲ ਦੀ ਘਾਟ) ਹੋਣ ਕਰਕੇ ਉਹ ਮੇਰੀਆਂ ਗੱਲਾਂ ਮਗਰ ਨਹੀਂ ਲੱਗਦੇ ਭਾਵੇਂ ਮੈਂ ਉਨ੍ਹਾਂ ਨੂੰ ਇਨ੍ਹਾਂ ਰੱਬ ਦੇ ਦਲਾਲਾਂ ਦੀਆਂ ਲੁੱਟ-ਖਸੁੱਟ ਵਾਲੀਆਂ 'ਕਾਲੀਆਂ ਕਰਤੂਤਾਂ' ਦੀ ਸਚਾਈ ਦੱਸੀ ਹੈ, ਫਿਰ ਵੀ ਉਹ ਵਹਿਮੀ ਤੇ ਅੰਧਵਿਸ਼ਵਾਸੀ ਹੋਣ ਕਰਕੇ ਇਨ੍ਹਾਂ ਦਲਾਲਾਂ ਨੂੰ ਗਲਤ ਸਮਝਣ ਦੀ ਬਜਾਏ ਮੈਨੂੰ ਹੀ ਬੁਰਾ ਤੇ ਮੰਦਾ ਬੋਲਦੇ ਹੋਏ ਭੰਡਦੇ ਹਨ। ਪਰਿਵਾਰਕ ਮੈਂਬਰ ਹੋਣ ਕਰਕੇ ਮੈਂ ਉਨ੍ਹਾਂ ਦੇ ਦੁੱਖਾ-ਸੁੱਖਾਂ ਨਾਲ ਪੂਰੀ ਤਰ੍ਹਾਂ ਮਾਨਸਿਕ ਤੌਰ 'ਤੇ ਜੁੜਿਆ ਹੋਇਆ ਹਾਂ ਇਸ ਲਈ ਸਭ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਇਨ੍ਹਾਂ ਵਿਚੋਲਿਆਂ (ਦਲਾਲਾਂ) ਦੀ ਲੁੱਟ ਤੋਂ ਬਚਾਉਣਾ ਆਪਣਾ ਮੁੱਖ ਫ਼ਰਜ਼' ਸਮਝਦਾ ਹਾਂ ਤਾਂ ਜੋ ਮੈਂ ਵੀ ਸੁਖ ਦੀ ਜ਼ਿੰਦਗੀ ਗੁਜ਼ਾਰ ਸਕਾਂ, ਪਰ ਉਹ ਆਪਣੀਆਂ ਦੁੱਖ-ਤਕਲੀਫਾਂ ਤੇ ਪ੍ਰੇਸ਼ਾਨੀਆਂ ਦਾ ਮੁੱਖ ਮਾਰਨ ਮੈਨੂੰ ਤੇ ਮੇਰੀ ਸੁਧਾਰਵਾਦੀ ਸੋਚ ਨੂੰ ਹੀ ਸਮਝਦੇ ਹਨ ਕਿਉਂਕਿ ਉਨ੍ਹਾਂ ਅਨੁਸਾਰ ਮੈਂ ਇਨ੍ਹਾਂ ਰੱਬ ਦੇ ਦਲਾਲਾਂ ਨੂੰ ਸ਼ਰਧਾ ਨਾਲ 'ਨਾ ਪੂਜਣ' ਕਰਕੇ ਬਹੁਤ ਖਤਰਨਾਕ ਕੰਮ ਕਰਦਾ ਹਾਂ, ਜਿਸਦਾ ਦੰਡ ਉਨ੍ਹਾਂ ਨੂੰ ਭੁਗਤਣਾ ਪੈਂਦਾ ਹੈ। ਇਹ ਕਿੱਡਾ ਮੂਰਖਤਾ ਭਰਿਆ ਵਿਚਾਰ ਹੈ।

ਭਾਵੇਂ ਮੈਂ ਜਾਣਦਾ ਹਾਂ ਕਿ ਸਾਰੇ ਘਰਾਂ ਵਿੱਚ ਲੜਾਈ-ਝਗੜੇ ਤੇ ਕਲਾ-ਕਲੇਸ਼ ਦਾ ਮੁੱਖ ਕਾਰਨ 'ਅਗਿਆਨਤਾ' (ਅਕਲ ਦੀ ਘਾਟ) ਹੀ ਹੈ, ਜਿਸ ਕਰਕੇ ਵਹਿਮ-ਭਰਮ, ਅੰਧ ਵਿਸ਼ਵਾਸ, ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਮੂਰਖਤਾ, ਲਾਈਲੱਗਤਾ, ਭੁੱਖਮਰੀ, ਬਿਮਾਰੀਆਂ ਅਤੇ ਹਿੰਸਕ-ਘਟਨਾਵਾਂ ਆਦਿ ਪੈਦਾ ਹੁੰਦੀਆਂ ਹਨ ਜਿਸ ਕਰਕੇ ਮਨੁੱਖ ਦੀ ਜ਼ਿੰਦਗੀ 'ਨਰਕ' ਬਣ ਜਾਂਦੀ ਹੈ। ਇਸ ਨਰਕ ਭਰੀ ਜ਼ਿੰਦਗੀ ਦਾ ਵਿਚੋਲੇ (ਦਲਾਲ) ਖ਼ੂਬ-ਲੁਤਫ (ਫਾਇਦਾ) ਉਠਾਉਂਦੇ ਹਨ ਕਿਉਂਕਿ ਇਨ੍ਹਾਂ ਦੀ 'ਦੁਕਾਨਦਾਰੀ' ਅਜਿਹੇ ਨਰਕੀ ਲੋਕਾਂ ਦੀ ਅਗਿਆਨਤਾ ਭਰੀ ਮੂਰਖਤਾ ਤੇ ਲਾਈਲੱਗਤਾ ਕਰਕੇ ਹੀ 'ਦਿਨ ਦੁੱਗਣੀ, ਰਾਤ ਚੌਗੁਣੀ' ਤਰੱਕੀ ਕਰਦੀ ਹੈ। ਅੱਜ ਵੀ ਅਸੀਂ ਇਨ੍ਹਾਂ ਰੱਬ ਦੇ ਦਲਾਲ (ਵਿਚੋਲਿਆਂ) ਦੁਆਰਾ ਭੋਲੇ-ਭਾਲੇ ਲੋਕਾਂ ਨੂੰ ਲਾਈਲੱਗ ਤੇ ਮੂਰਖ ਬਣਾ ਕੇ ਲੁੱਟਣ ਲਈ ਇਨ੍ਹਾਂ ਦੀਆਂ 'ਧਾਰਮਿਕ ਅਸਥਾਨਾਂ' ਮੰਦਰਾਂ, ਗੁਰਦੁਆਰਿਆਂ, ਮਸੀਤਾਂ, ਚਰਚਾਂ, ਗਿਰਜਿਆਂ, ਡੇਰਿਆਂ, ਰੌਜ਼ਿਆਂ, ਆਸ਼ਰਮਾਂ, ਦਰਗਾਹਾਂ ਅਤੇ ਮੜੀਆਂ-ਮਸਾਣਾਂ ਆਦਿ ਉੱਪਰ ਲੱਗੀਆਂ 'ਨਰਕੀ ਲੋਕਾਂ' ਦੀਆਂ ਬਹੁਤ ਵੱਡੀਆਂ-ਵੱਡੀਆਂ ਭੀੜਾਂ ਨੂੰ ਦੇਖ ਸਕਦੇ ਹਾਂ।

'ਅਗਿਆਨਤਾ' ਕਾਰਨ ਭੋਲੇ-ਭਾਲੇ ਲੋਕਾਂ ਨੂੰ ਲਾਈਲੱਗ ਤੇ ਮੂਰਖ ਬਣਾ ਕੇ ਉਨ੍ਹਾਂ ਦੀ ਸਰੀਰਕ, ਮਾਨਸਿਕ ਤੇ ਆਰਥਿਕ ਲੁੱਟ ਕਰਨ ਲਈ ਰੱਬ ਦੇ ਵਿਚੋਲਿਆਂ ਦੁਆਰਾ ਜਾਣ ਬੁੱਝ ਕੇ ਹੋਂਦ ਰਹਿਤ ਅਖੌਤੀ ਭੂਤਾਂ-ਚੁੜੇਲਾਂ, ਜਾਦੂ-ਟੂਣਿਆਂ, ਜੰਤਰ-ਮੰਤਰਾਂ-ਤੰਤਰਾਂ, ਸ਼ੈਤਾਨਾਂ, ਗੈਬੀ-ਸ਼ਕਤੀਆਂ, ਕਰਾਮਾਤਾਂ, ਚਮਤਕਾਰਾਂ, ਦੇਵੀ-ਦੇਵਤਿਆਂ, ਆਤਮਾ (ਰੂਹਾਂ) ਅਤੇ ਪ੍ਰਮਾਤਮਾ (ਰੱਬ) ਆਦਿ ਬਾਰੇ ਮਨਘੜਤ ਤੇ ਕਾਲਪਨਿਕ ਕਹਾਣੀਆਂ ਦਾ ਵੱਧ ਤੋਂ ਵੱਧ ਪ੍ਰਚਾਰ ਕਰਕੇ ਵਹਿਮ-ਭਰਮ ਤੇ ਅੰਧ ਵਿਸ਼ਵਾਸ ਫੈਲਾਉਣ ਵਾਲੀਆਂ ਇਨ੍ਹਾਂ ਅਖੌਤੀ ਦੁਕਾਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਰਕੇ, ਇੱਥੇ ਲਾਈਲੱਗਾਂ ਤੇ ਮੂਰਖਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ। ਲੋਕਾਂ ਦੇ ਭਲੇ ਵਾਸਤੇ ਅਜਿਹੀਆਂ ਦੁਕਾਨਾਂ ਨੂੰ ਬੰਦ ਕਰਨ ਵਾਲੇ ਤਰਕਸ਼ੀਲਾਂ (ਨਾਸਤਿਕਾਂ) ਅਤੇ ਵਿਗਿਆਨਕ ਸੋਚ ਰੱਖਣ ਵਾਲੇ ਸਮਝਦਾਰ, ਅਕਲਮੰਦ ਅਤੇ ਬੁੱਧੀਜੀਵੀਆਂ ਦੀ ਗਿਣਤੀ (ਆਟੇ ਵਿੱਚ ਲੂਣ) ਬਰਾਬਰ ਘੱਟ ਹੋਣ ਕਰਕੇ ਕਈ ਵਾਰ ਇਨ੍ਹਾਂ ਨੂੰ ਵਹਿਮੀ ਤੇ ਅੰਧਵਿਸ਼ਵਾਸੀ ਮੂਰਖ ਤੇ ਲਾਈਲੱਗ ਲੋਕਾਂ ਦੇ ਅੱਤਿਆਚਾਰਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਕਦੇ-ਕਦੇ ਮੈਂ ਅਜਿਹੇ ਹੀ ਅੱਤਿਆਚਾਰੀ ਮਾਹੌਲ ਤੋਂ ਤੰਗ ਆਕੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਹੋ ਜਾਂਦਾ ਹਾਂ ਤੇ ਇਸ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਕੁੱਝ ਦਿਨਾਂ ਵਾਸਤੇ ਆਪਣੇ ਕਿਸੇ ਰਿਸ਼ਤੇਦਾਰ ਦੇ ਪਿੰਡ (ਘਰ) ਚਲਿਆ ਜਾਂਦਾ ਹਾਂ। ਉਥੋਂ ਦਾ ਮਾਹੌਲ ਕੁੱਝ ਦਿਨਾਂ ਸ਼ਾਂਤਮਈ ਤੇ ਆਪਸੀ ਮਿਲਵਰਤਣ ਵਾਲਾ ਹੋਣ ਕਰਕੇ ਮੈਨੂੰ ਕੁਝ ਪ੍ਰੇਸ਼ਾਨੀ ਤੋ ਰਾਹਤ ਮਿਲ ਜਾਂਦੀ ਹੈ, ਪਰ ਇੱਥੇ ਵੀ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸਾਂ ਵਾਲਾ ਮਾਹੌਲ ਬੜੇ ਜ਼ੋਰਾਂ 'ਤੇ ਚੱਲ ਰਿਹਾ ਹੈ ਆਪਣੀ ਪ੍ਰੇਸ਼ਾਨੀ ਨੂੰ ਹੋਰ ਵਧਣ ਤੋਂ ਰੋਕਣ ਲਈ ਮੈਨੂੰ ਮਜਬੂਰਨ ਆਪਣੇ ਨਾਸਤਿਕ ਵਿਗਿਆਨਕ ਵਿਚਾਰਾਂ ਨੂੰ ਮਨ ਅੰਦਰ ਹੀ ਦਬਾਅ ਕੇ ਰੱਖਣਾ ਪੈਂਦਾ ਹੈ ਕਿਉਂਕਿ ਉਹ ਅਖੌਤੀ ਗ੍ਰੰਥਾਂ ਵਿੱਚ ਲਿਖੀਆਂ ਮਨਘੜਤ ਗੱਲਾਂ ਤੇ

ਕਾਲਪਨਿਕ ਕਹਾਣੀਆਂ ਨੂੰ ਸੱਚ ਸਿੱਧ ਕਰਨ ਵਾਲੇ ਰੱਬ (ਪ੍ਰਮੇਸ਼ਵਰ) ਦੇ ਦਲਾਲ (ਵਿਚੋਲੇ) ਪਦਰੀਆਂ (ਪਾਸਟਰਾਂ) ਦੇ ਚੁੰਗਲ ਵਿੱਚ ਬੁਰੀ ਤਰ੍ਹਾਂ ਫਸੇ ਹੋਣ ਕਰਕੇ, ਬਹੁਤ ਸਾਰੀ ਲੁੱਟ ਕਰਵਾਉਂਦੇ ਮੈਂ ਆਪਣੇ ਅੱਖੀਂ ਕਈ ਵਾਰ ਦੇਖੇ ਹਨ। ਅਜਿਹੀ ਲੁੱਟ ਕਰਵਾ ਕੇ ਉਹ ਆਪਣੇ ਆਪ ਨੂੰ ਬਹੁਤ ਖੁਸ਼ਨਸੀਬ ਤੇ ਭਾਗਾਂ ਵਾਲੇ ਸਮਝਦੇ ਹਨ। ਜਦ ਕਿ ਇਹ ਉਹਨਾਂ ਦੀ ਸਭ ਤੋਂ ਵੱਡੀ 'ਮੂਰਖਤਾ' ਹੈ।

ਵਫਾਦਾਰ ਤੇ ਹਮਦਰਦੀ ਭਰਿਆ ਰਿਸ਼ਤੇਦਾਰ ਹੋਣ ਕਰਕੇ ਮੈਂ ਕਦੇ-ਕਦੇ ਉਨ੍ਹਾਂ ਨੂੰ ਇਨ੍ਹਾਂ ਪਾਦਰੀਆਂ ਦੀ ਲੁੱਟ ਤੋਂ ਬਚਾਉਣ ਲਈ ਆਪਣੇ ਨਾਸਤਿਕ (ਰੱਬ ਨੂੰ ਨਾ ਮੰਨਣ ਵਾਲਾ) ਅਤੇ ਵਿਗਿਆਨਕ ਵਿਚਾਰਾਂ ਰਾਹੀਂ ਇਨ੍ਹਾਂ ਪਾਦਰੀਆਂ ਦੀਆਂ ਲੁੱਟ-ਖਸੁੱਟ ਵਾਲੀਆਂ ਕਾਲੀਆਂ ਕਰਤੂਤਾਂ ਬਾਰੇ ਦੱਸਦਾ ਰਹਿੰਦਾ ਹਾਂ, ਪਰ ਪਾਦਰੀਆਂ ਨੇ ਉਨ੍ਹਾਂ ਨੂੰ ਮਨਘੜਤ ਕਹਾਣੀਆਂ ਸੁਣਾ-ਸੁਣਾ ਕੇ ਵਹਿਮਾਂ ਭਰਮਾਂ ਅਤੇ ਅੰਧ ਵਿਸ਼ਵਾਸਾਂ ਦੀ 'ਦਲਦਲ' ਵਿੱਚ ਬਹੁਤ ਬੁਰੀ ਤਰ੍ਹਾਂ ਜਕੜ (ਫਸਾ) ਰੱਖਿਆ ਹੈ। ਮੇਰੇ ਸੁਧਾਰਵਾਦੀ ਤੇ ਅਗਾਂਹਵਧੂ ਵਿਚਾਰਾਂ ਦਾ ਉਨ੍ਹਾਂ ਦੇ ਮਨ ਉੱਤੇ ਕੋਈ ਅਸਰ ਨਹੀਂ ਹੁੰਦਾ, ਜਿਸ ਕਰਕੇ ਮੈਂ ਇਸ ਵਿਸ਼ੇ ਵਿੱਚ ਜ਼ਿਆਦਾਤਰ ਚੁੱਪ ਹੀ ਰਹਿੰਦਾ ਹਾਂ ਤਾਂ ਜੋ ਮੈਂ ਉਨ੍ਹਾਂ ਲਈ ਮਾਨਸਿਕ ਤੌਰ 'ਤੇ ਨਫ਼ਰਤ ਦਾ ਸ਼ਿਕਾਰ ਨਾ ਬਣ ਜਾਵਾਂ। ਇੱਥੇ ਹੀ ਮੇਰੇ ਆਪਣੇ ਨਾਲ ਵਾਪਰੇ ਇੱਕ ਸਵੈ-ਤਜਰਬੇ ਬਾਰੇ ਜ਼ਿਕਰ ਮੈਂ ਤੁਹਾਡੇ ਨਾਲ ਵੀ ਸਾਂਝਾ ਕਰਨ ਜਾ ਰਿਹਾ ਹਾਂ ਜੋ ਬਹੁਤ ਹੀ ਹਾਸੋਹੀਣਾ ਤੇ ਮੂਰਖਤਾ ਭਰਿਆ ਹੈ।

ਇੱਕ ਦਿਨ ਜਦੋਂ ਮੈਂ ਆਪਣੇ ਰਿਸ਼ਤੇਦਾਰਾਂ ਦੇ ਘਰ ਗਿਆ ਹੋਇਆ ਸੀ, ਤਾਂ ਕਾਲਜ ਪੜ੍ਹਦੀ 'ਜੋਤੀ' ਨੇ ਮੈਨੂੰ ਆਦਰ ਸਹਿਤ ਆਖਿਆ, 'ਜਿੰਦੀ ਭਾਜੀ! ਅੱਜ ਆਪਾਂ ਸ਼ਾਮ ਨੂੰ ਮੋਟਰਸਾਇਕਲ ਰਾਹੀਂ ਬਾਜ਼ਾਰੋਂ ਨੱਕ ਵਿੱਚ ਪਾਉਣ ਲਈ 'ਸੋਨੇ ਦਾ ਕੋਕਾ' ਲੈਣ ਜਾਣਾ ਹੈ।" ਮੈਂ ਆਖਿਆ, "ਠੀਕ ਆ! ਜ਼ਰੂਰ ਚੱਲਾਂਗੇ" ਅਸੀਂ ਸ਼ਾਮ ਨੂੰ ਬਾਜ਼ਾਰੋਂ ਕੋਕਾ ਲੈਣ ਗਏ ਜੋ 700 ਰੁਪਏ ਦਾ ਆਇਆ, ਕੋਕਾ ਬਹੁਤ ਵਧੀਆ ਸੀ। ਜੋਤੀ ਨੇ ਇਹ ਕੋਕਾ ਬੜੀ ਖੁਸ਼ੀ ਨਾਲ ਆਪਣੇ ਨੱਕ ਵਿੱਚ ਪਹਿਨ ਲਿਆ। ਜੋ ਘਰਦੇ ਸਾਰਿਆਂ ਨੇ ਬਹੁਤ ਪਸੰਦ ਕੀਤਾ। ਜਦੋਂ ਰਾਤ ਹੋਈ ਤਾਂ ਇਸੇ ਤਰ੍ਹਾਂ ਹੀ ਉਹ ਕੋਕਾ ਪਹਿਨ ਕੇ ਸੌਂ ਗਈ। ਜਦੋਂ ਸਵੇਰੇ ਤੜਕੇ ਉੱਠੀ ਤਾਂ ਉਸਦੀ ਹੈਰਾਨੀ ਤੇ ਪ੍ਰੇਸ਼ਾਨੀ ਦੀ ਕੋਈ ਹੱਦ ਨਹੀਂ ਸੀ ਕਿਉਂਕਿ ਕੋਕਾ ਨੱਕ ਵਿੱਚ ਨਹੀਂ ਸੀ। ਉਸਨੇ ਜਲਦੀ ਹੀ ਆਪਣਾ ਬਿਸਤਰਾ ਫਰੋਲਿਆ ਪਰ ਕੋਕਾ ਕਿਤੇ ਦਿਖਾਈ ਨਾ ਦਿੱਤਾ, ਫਿਰ ਉਸਨੇ ਮੰਜਾ ਤੇ ਬਿਸਤਰਾ ਚੰਗੀ ਤਰ੍ਹਾਂ ਝਾੜਿਆ, ਕੁੱਝ ਹੱਥ ਪੱਲੇ ਨਾ ਪਿਆ। ਏਨੇ ਨੂੰ ਘਰਦੇ ਬਾਕੀ ਮੈਂਬਰ ਵੀ ਉੱਠ ਖੜ੍ਹੇ ਹੋਏ, ਜਦੋਂ ਉਨ੍ਹਾਂ ਨੂੰ ਗੁਆਚੇ ਕੋਕੇ ਬਾਰੇ ਪਤਾ ਲੱਗਾ ਤਾਂ ਉਹ ਵੀ ਪ੍ਰੇਸ਼ਾਨ ਹੋ ਕੇ ਕੋਕਾ ਲੱਭਣ ਲੱਗ ਪਏ। ਗਰਮੀਆਂ ਦੇ ਦਿਨ ਹੋਣ ਕਰਕੇ ਬਾਹਰ ਵਿਹੜੇ ਵਿੱਚ ਜਿਸ ਜਗ੍ਹਾ ਜੋਤੀ ਨੇ ਸੌਣ ਲਈ ਮੰਜਾ ਡਾਹਿਆ ਸੀ ਉੱਥੇ ਹੇਠਾਂ ਬਹੁਤ ਸਾਰੀ ਰੇਤਲੀ ਮਿੱਟੀ ਖਿਲਰੀ ਹੋਈ ਸੀ ਕਿਉਂਕਿ ਘਰ ਵਿੱਚ ਮਕਾਨ ਦੀ ਨਵੀਂ ਉਸਾਰੀ ਹੋ ਰਹੀ ਸੀ ਤੇ ਮਕਾਨਾਂ ਨੂੰ ਉੱਚਾ ਕਰਨ ਵਾਸਤੇ ਹੀ ਇਹ ਮਿੱਟੀ ਪਾਈ ਹੋਈ ਸੀ ਤੇ ਕੁੱਝ ਦਿਨ ਬਾਅਦ ਉੱਥੇ ਮਿਸਤਰੀਆਂ ਨੇ ਫਰਸ਼ ਲਾਉਣਾ ਸੀ। ਜੋਤੀ ਨੇ ਚੰਗੀ ਤਰ੍ਹਾਂ ਮੰਜਾ ਬਿਸਤਰਾ ਝਾੜਨ ਤੋਂ ਬਾਅਦ ਇੱਕ ਡੰਡੇ ਦੀ ਸਹਾਇਤਾ ਨਾਲ ਮਿੱਟੀ ਨੂੰ ਵੀ ਫਰੋਲਣਾ ਸ਼ੁਰੂ ਕਰ ਦਿੱਤਾ, ਕਿਤੇ ਕੋਕਾ ਮਿੱਟੀ ਵਿੱਚ ਹੀ ਨਾ ਜਾ ਰਲਿਆ ਹੋਵੇ। ਜਦੋਂ ਮੈਨੂੰ ਇਸ ਨੁਕਸਾਨ ਬਾਰੇ ਪਤਾ ਲੱਗਿਆ ਤਾਂ ਮੈਂ ਵੀ ਕੋਕਾ ਲੱਭਣ ਵਿੱਚ ਉਨ੍ਹਾਂ ਦਾ ਸਾਥ ਦੇਣ ਲੱਗ ਪਿਆ, ਕਿਉਂਕਿ ਕੋਕਾ ਬਹੁਤ ਮਹਿੰਗਾ ਸੀ। ਅੰਤ ਵਿੱਚ ਜਦੋਂ ਸਾਰੇ ਪੂਰੀ ਕੋਸ਼ਿਸ਼ ਕਰਨ ਤੋਂ ਥੱਕ ਹਾਰ ਗਏ ਤਾਂ ਉਨ੍ਹਾਂ ਨੇ ਕੋਕੇ ਦੇ ਲੱਭ ਜਾਣ ਦੀ ਆਸ ਛੱਡ ਦਿੱਤੀ। ਸਾਰੇ ਆਪਣੇ-ਆਪਣੇ ਕੰਮਾਂ ਵਿੱਚ ਰੁੱਝ ਗਏ। ਜਲਦੀ ਹੀ ਜੋਤੀ ਹੱਥ ਮੂੰਹ ਧੋ ਕੇ ਚਾਹ ਨਾਸਤਾ ਕਰਕੇ, ਕਾਲਜ ਜਾਣ ਲਈ ਤਿਆਰ ਹੋ ਗਈ ਕਿਉਂਕਿ ਪਹਿਲਾਂ ਹੀ ਉਹ ਬਹੁਤ ਲੇਟ ਹੋ ਰਹੀ ਸੀ। ਹਰ ਰੋਜ਼ ਉਹ ਸਵੇਰੇ ਬੱਸ ਵਿੱਚ ਬੈਠ ਕੇ ਕਾਲਜ ਜਾਂਦੀ ਸੀ ਜੋ ਉਨ੍ਹਾਂ ਦੇ ਘਰ ਅੱਗਿਉਂ ਥੋੜ੍ਹੀ ਦੂਰੀ ਤੋਂ ਹੋ ਲੰਘਦੀ ਸੀ।

ਅੱਜ ਉਸਨੇ ਪਹਿਲਾਂ ਹੀ ਪੇਪਰ ਪਾਉਣ ਜਾਣਾ ਸੀ। ਪੜ੍ਹਾਈ ਵਿੱਚ ਕਾਮਯਾਬੀ ਨਾਲ ਪਾਸ ਹੋਣ ਲਈ ਤੇ ਪੇਪਰਾਂ ਵਿੱਚ ਵਧੀਆ ਨੰਬਰ ਪ੍ਰਾਪਤ ਕਰਨ ਲਈ ਉਹ ਹਰ ਰੋਜ਼ ਕਾਲਜ ਜਾਣ ਲੱਗਿਆਂ ਬਾਹਰ ਵਿਹੜੇ ਵਿੱਚ ਖੜ੍ਹੀ ਹੋ ਕੇ ਕਿਤਾਬਾਂ ਵਾਲਾ ਬੈਗ ਹੱਥ ਵਿੱਚ ਫੜਕੇ, ਸਿਰ ਉੱਪਰ ਚੁੰਨੀ ਲੈਂਦੀ ਤੇ ਅੱਖਾਂ ਬੰਦ ਕਰਕੇ ਮੂੰਹ ਵਿੱਚ ਬੁੜ-ਬੁੜ ਕਰਦੀ ਹੋਈ ਵਿਚੋਲੇ (ਦਲਾਲ) ਪਾਦਰੀਆਂ ਦੇ ਦੱਸੇ ਅਨੁਸਾਰ 5 ਮਿੰਟ ਪ੍ਰਾਰਥਨਾ ਕਰੀ। ਘਰ ਵਿਚ ਜਦੋਂ ਕੋਈ ਇਸ ਤਰ੍ਹਾਂ ਕਰ ਰਿਹਾ ਹੁੰਦਾ ਹੈ ਤਾਂ ਕੋਈ ਟੋਕਾ-ਟੋਕਾ ਨਹੀਂ ਕਰ ਸਕਦਾ ਭਾਵ ਦੂਜਿਆਂ ਨੂੰ ਚੁੱਪ ਰਹਿਣਾ ਪੈਂਦਾ ਹੈ। ਜਿਸਦੇ ਬਹੁਤ ਹੀ ਨੁਕਸਾਨਦਾਇਕ ਸਿੱਟੇ ਭੁਗਤਣੇ ਪੈ ਸਕਦੇ ਹਨ। ਅਜਿਹਾ ਪਾਦਰੀਆਂ ਨੇ ਆਪਣੇ ਲਾਲਚ ਕਰਕੇ ਉਨ੍ਹਾਂ ਦੇ ਮਨਾਂ ਵਿੱਚ ਭਰਿਆ ਹੋਇਆ ਹੈ। ਜੋਤੀ ਜਦੋਂ ਬੱਸ ਦੇ ਆਉਣ ਦੇ ਇੰਤਜ਼ਾਰ ਵਿਚ ਵਿਹੜੇ ਵਿੱਚ ਖੜ੍ਹੀ ਹੋ ਕੇ ਯਿਸੂ ਅੱਗੇ ਪ੍ਰਾਰਥਨਾ ਕਰ ਰਹੀ ਸੀ ਤਾਂ ਬੱਸ ਆ ਗਈ। ਮੈਂ ਬੱਸ ਨੂੰ ਆਉਂਦਿਆਂ ਦੇਖ ਲਿਆ ਸੀ ਪਰ ਜੋਤੀ ਆਪਣੀ ਪ੍ਰਾਰਥਨਾ ਵਿੱਚ ਮਘਨ, ਅੱਖਾਂ ਬੰਦ ਕਰਕੇ ਬੁੜ-ਬੁੜ ਕਰੀ ਜਾ ਰਹੀ ਸੀ ਭਾਵੇਂ ਮੈਂ ਇਸ ਮੂਰਖਤਾ ਭਰੀ ਬੁੜ-ਬੁੜ (ਪ੍ਰਾਰਥਨਾ) ਨੂੰ ਰੋਕ ਕੇ ਬੱਸ ਦੇ ਲੰਘ ਜਾਣ ਬਾਰੇ ਦੱਸਣਾ ਚਾਹੁੰਦਾ ਸੀ। ਪਰ ਉਨ੍ਹਾਂ ਦੀ ਮੂਰਖਤਾ ਭਰੀ ਸੋਚ ਕਿ ਅਜਿਹਾ ਕਰਨ ਨਾਲ ਨੁਕਸਾਨਦਾਇਕ ਸਿੱਟੇ ਭੁਗਤਣੇ ਪੈ ਸਕਦੇ ਹਨ। ਬਾਰੇ ਸੋਚ ਕੇ ਚੁੱਪ ਕਰਕੇ ਬੱਸ ਦੇ ਲੰਘ ਜਾਣ ਨੂੰ ਤੇ ਜੋਤੀ ਨੂੰ ਬੁੜ-ਬੁੜ ਕਰਦੀ ਨੂੰ ਦੇਖ ਕੇ ਮਨ ਵਿੱਚ ਹੱਸੀ ਗਿਆ। ਜਦੋਂ ਉਸਨੇ ਅੱਖਾਂ ਖੋਲ੍ਹੀਆਂ ਤਾਂ ਕਾਫ਼ੀ ਦੂਰ ਜਾ ਚੁੱਕੀ ਬੱਸ ਉਸਨੂੰ ਹਾਰਨ ਵਜਾ ਕੇ 'ਟਾਟਾ' ਕਰਦੀ ਹੋਈ ਮੈਨੂੰ ਪ੍ਰਤੀਤ ਹੋਈ।

ਇੱਕ ਤਾਂ ਕੀਮਤੀ ਕੋਕੇ ਦੇ ਗੁਆਚ ਜਾਣ ਦਾ ਦੁੱਖ ਤੇ ਦੂਜਾ ਬੱਸ ਦੇ ਲੰਘ ਜਾਣ ਦੀ ਪ੍ਰੇਸ਼ਾਨੀ ਉਸਨੂੰ ਤੰਗ-ਪ੍ਰੇਸ਼ਾਨ ਕਰਨ ਲੱਗੀ। ਜੋਤੀ ਨੇ ਮੇਰੇ ਅੱਗੇ ਬੇਨਤੀ ਕੀਤੀ ਕਿ ਮੈਂ ਉਸਨੂੰ ਆਪਣੇ ਮੋਟਰਸਾਇਕਲ ਰਾਹੀਂ ਕਾਲਜ ਛੱਡਕੇ ਆਵਾਂ। ਨਾਸਤਿਕ ਹੋਣ ਕਰਕੇ ਭਾਵੇਂ ਮੈਂ ਅਜਿਹਾ ਕਰਨ ਲਈ ਤਿਆਰ ਨਹੀਂ ਸੀ ਕਿਉਂਕਿ ਉਸਨੂੰ ਬੱਸ ਦੇ ਲੰਘ ਜਾਣ ਦਾ ਦੋਸ਼ੀ ਆਪਣੀ ਪ੍ਰਾਰਥਨਾ ਨੂੰ ਹੀ ਸਮਝਣਾ ਚਾਹੀਦਾ ਸੀ ਪਰ ਉਹ ਅਜਿਹੇ ਦੋਸ਼ ਦਾ ਕਾਰਨ 'ਸ਼ੈਤਾਨ' (ਭੂਤ-ਪ੍ਰੇਤ) ਦੇ ਸਿਰ ਮੜ੍ਹ ਦਿੰਦੇ ਹਨ, ਜਿਸ ਵਿਚ ਪ੍ਰਮੇਸ਼ਵਰ ਅਤੇ ਉਸ ਅੱਗੇ ਕੀਤੀਆਂ ਪ੍ਰਾਰਥਨਾਵਾਂ ਸਾਫ਼ ਬਰੀ ਹੋ ਜਾਂਦੀਆਂ। ਮੈਨੂੰ ਉਹ ਦਿਨ ਵੀ ਚੰਗੀ ਤਰ੍ਹਾਂ ਯਾਦ ਹੈ ਜਦ ਹਰ ਰੋਜ਼ ਸਕੂਲ ਜਾਣ ਤੋਂ ਪਹਿਲਾਂ ਪ੍ਰਾਰਥਨਾਂ ਕਰਨ ਦੇ ਬਾਵਜੂਦ ਵੀ ਫੇਲ੍ਹ ਹੋ ਗਈ ਸੀ। ਖੈਰ, ਉਸਦੇ ਘਰਦਿਆਂ ਦੇ ਜ਼ੋਰ ਪਾਉਣ 'ਤੇ ਮੈਂ ਹਾਰ ਕੇ ਉਸਨੂੰ ਕਾਲਜ ਛੱਡ ਆਇਆ।

ਤਰਕਸ਼ੀਲ ਜਾਂ ਨਾਸਤਿਕ (ਜੋ ਕਿਸੇ ਗੈਬੀ-ਮਨੁੱਖੀ ਜੀਵ ਅਤੇ ਉਸਦੀ ਗੈਬੀ-ਸ਼ਕਤੀ ਉੱਪਰ ਯਕੀਨ, ਉਮੀਦ ਜਾਂ ਆਸ ਰੱਖਣ ਵਾਲਾ ਵਿਅਕਤੀ) ਹੋਣ ਕਰਕੇ ਹੋਂਦ ਰਹਿਤ ਰੱਬ, ਪ੍ਰਮਾਤਮਾ, ਭਗਵਾਨ, ਈਸ਼ਵਰ, ਪ੍ਰਮੇਸ਼ਵਰ, ਆਤਮਾ, ਰੂਹ, ਗੌਡ, ਅੱਲ੍ਹਾ ਅਤੇ ਖੁਦਾ ਦੇ ਹੋਣ ਵਿੱਚ ਮੇਰਾ ਭੋਰਾ ਵੀ ਵਿਸ਼ਵਾਸ (ਯਕੀਨ) ਨਹੀਂ ਹੈ। ਮੈਂ ਇਹ ਤਰਕਸ਼ੀਲ (ਨਾਸਤਿਕ) ਤੇ ਵਿਗਿਆਨਕ ਤੌਰ 'ਤੇ ਮੰਨਦਾ ਹਾਂ ਕਿ ਇਨ੍ਹਾਂ ਨਾਵਾਂ ਦੇ ਪ੍ਰਾਣੀਆਂ ਜਾਂ ਜੀਵ-ਜੰਤੂਆਂ ਦੀ ਕੋਈ ਹੋਂਦ ਨਹੀਂ ਹੈ, ਇਹ ਸਿਰਫ਼ ਮਨੁੱਖ ਦੀਆਂ ਆਪਣੀਆਂ ਹੀ ਮਨਘੜਤ ਕਲਪਨਾਵਾਂ ਹਨ ਜੋ 'ਅਗਿਆਨਤਾ' (ਅਕਲ ਦੀ ਘਾਟ) ਵਿੱਚੋਂ ਪੈਦਾ ਹੋਏ ਸਿਰਫ਼ ਨਾ-ਮਾਤਰ ਹੀ ਹਨ ਅਤੇ ਇਨ੍ਹਾਂ ਦੇ ਕੰਮ-ਕਾਜ ਮਨੁੱਖ ਦੀਆਂ ਆਪਣੀਆਂ ਹੀ ਇੱਛਾਵਾਂ ਦੇ ਪ੍ਰਤੀਬਿੰਬ ਹਨ ਜੋ ਡਰ ਅਤੇ ਅੰਧਵਿਸ਼ਵਾਸ ਕਾਰਨ ਵਹਿਮ-ਭਰਮ ਬਣਕੇ ਮਨੁੱਖੀ ਮਨ ਵਿੱਚ ਵਸੇ ਹੋਏ ਹਨ। ਜਿਸ ਕਾਰਨ ਇਨ੍ਹਾਂ ਦੇ ਕੰਮਾਂ 'ਤੇ ਸੋਚ ਨੂੰ ਮਨੁੱਖੀ ਕੰਮਾਂ ਤੇ ਇੱਛਾਵਾਂ ਵਾਂਗ ਹੀ ਮੇਲ-ਜੋਲ ਕੇ ਦੇਖਿਆ ਤੇ ਸਮਝਿਆ ਜਾਂਦਾ ਹੈ, ਪਰ ਦੋਸ਼ ਵੇਲੇ, ਦੋਸ਼ੀ ਮਨੁੱਖ ਨੂੰ ਹੀ ਠਹਿਰਾਇਆ ਜਾਂਦਾ ਹੈ ਇਹ ਸਰਵ-ਸ੍ਰੇਸ਼ਠ ਹੀ ਰਹਿੰਦੇ ਹਨ ਜੋ ਕਦੇ ਦੋਸ਼ੀ ਹੋ ਹੀ ਨਹੀਂ ਸਕਦੇ। ਅਜਿਹਾ ਵਹਿਮੀ ਤੇ ਅੰਧਵਿਸ਼ਵਾਸੀ ਮੂਰਖਾਂ ਦਾ ਮੰਨਣਾ ਹੈ, ਜੋ ਉਨ੍ਹਾਂ ਲਈ ਸਭ ਤੋਂ ਵੱਧ ਖ਼ਤਰਨਾਕ ਤੇ ਨੁਕਸਾਨਦਾਇਕ ਸਿੱਧ ਹੁੰਦੇ ਹਨ

ਅਤੇ ਮਨੁੱਖ ਨੂੰ ਤਰੱਕੀ ਵਾਸਤੇ ਅੱਗੇ ਵਧਣ ਲਈ ਆਪਣੀ ਮੰਜਲ ਪ੍ਰਾਪਤ ਕਰਨ ਤੋਂ ਰੋਕਦੇ ਹਨ। ਉਸਦੇ ਹੌਂਸਲੇ ਭਰੇ ਇਰਾਦਿਆਂ ਨੂੰ ਸਖਤ ਮਿਹਨਤ ਕਰਨ ਤੋਂ ਰੋਕ ਕੇ ਉਸਦੀ ਕਿਸਮਤ ਵਿੱਚ ਪਹਿਲਾਂ ਹੀ ਅਜਿਹਾ ਸਭ ਕੁਝ ਲਿਖਿਆ ਹੋਣ ਦਾ ਝੂਠਾ ਵਿਸ਼ਵਾਸ ਪੈਦਾ ਕਰਕੇ ਉਸਦੀ ਜ਼ਿੰਦਗੀ ਨੂੰ ਦੁਖਾਂ, ਤਕਲੀਫ਼ਾਂ ਤੇ ਪ੍ਰੇਸ਼ਾਨੀਆਂ ਦੀ ਨਰਕ ਭਰੀ ਦਲਦਲ ਵਿੱਚ ਧੱਕ ਦਿੰਦੇ ਹਨ।

ਇਸ ਲਈ ਜੋਤੀ ਨੂੰ ਕਾਲਜ ਛੱਡ ਕੇ ਆਉਣ ਤੋਂ ਬਾਅਦ ਘਰ ਆ ਕੇ ਸਭ ਤੋਂ ਪਹਿਲਾਂ ਮੈਂ ਕੀਮਤੀ ਕੋਕੇ ਨੂੰ ਆਪਣੀ ਹਿੰਮਤ, ਲਗਨ, ਤੇ ਅਨੁਸਾਸ਼ਨ ਭਰੀ ਸਖਤ ਮਿਹਨਤ ਨਾਲ ਲੱਭਣ ਬਾਰੇ ਸੋਚਿਆ। ਜਿੱਥੋਂ ਕੋਕਾ ਗੁਆਚਿਆ ਸੀ ਉਥੇ ਹੀ ਖਿਲਰੀ ਹੋਈ ਰੇਤਲੀ ਮਿੱਟੀ ਨੂੰ ਚੰਗੀ ਤਰ੍ਹਾਂ ਫਰੋਲਿਆ। ਗਰਮੀਆਂ ਦਾ ਮੌਸਮ ਹੋਣ ਕਰਕੇ ਕੜਾਕੇ ਦੀ ਧੁੱਪ ਬਰਸ ਰਹੀ ਸੀ, ਮੈਂ ਪੂਰੀ ਮਿਹਨਤ ਨਾਲ ਧੁੱਪ ਦੀ ਪ੍ਰਵਾਹ ਕੀਤੇ ਬਿਨਾਂ ਹੀ ਉਥੋਂ ਦੀ ਮਿੱਟੀ ਨੂੰ ਛਾਨਣੀ ਨਾਲ ਛਾਨਣਾ ਸ਼ੁਰੂ ਕਰ ਦਿਤਾ। ਗਰਮੀ ਨਾਲ ਮੇਰਾ ਬੁਰਾ ਹਾਲ ਸੀ, ਮੇਰਾ ਸਰੀਰ ਤੇ ਕੱਪੜੇ ਗਰਮੀ ਨਾਲ ਪੂਰੀ ਤਰ੍ਹਾਂ ਭਿੱਜ ਗਏ ਸੀ। ਗਰਮੀ ਨਾਲ ਮੈਂ ਪੂਰੀ ਤਰ੍ਹਾਂ ਚੋਅ ਰਿਹਾ ਸੀ। ਭੁੱਖ ਅਤੇ ਪਿਆਸ ਮੇਰੀ ਜਾਨ ਕੱਢਣ ਨੂੰ ਫਿਰਦੇ ਸੀ ਪਰ ਮੈਂ ਫਿਰ ਵੀ ਲਗਾਤਾਰ ਆਪਣੇ ਕੰਮ ਵਿੱਚ ਮਸਤ ਹੋ ਕੇ ਰੁੱਝਾ ਹੋਇਆ ਸੀ। ਰੇਤਲੀ-ਮਿੱਟੀ ਘੱਟੇ ਨੂੰ ਫਰੋਲਦਿਆਂ ਤੇ ਛਾਣਦਿਆਂ ਉੱਡਦੀ ਧੂੜ ਨਾਲ ਮੇਰੇ ਕੱਪੜਿਆਂ ਤੇ ਮੂੰਹ-ਸਿਰ ਦਾ ਬੁਰਾ ਹਾਲ ਸੀ। ਗਰਮੀ ਦੇ ਪਾਣੀ ਨਾਲ ਸਰੀਰ ਤੇ ਵਾਲਾਂ ਵਿੱਚ ਉੱਡਕੇ ਜੰਮੀ ਧੂੜ-ਮਿੱਟੀ ਚਿੱਕੜ ਵਾਂਗ ਚਿੱਪ-ਚਿੱਪ ਕਰਨ ਲੱਗ ਪਈ ਸੀ। ਮੇਰੀ ਹਾਲਤ ਕਿਸੇ ਪਾਗਲ ਤੋਂ ਘੱਟ ਨਹੀਂ ਸੀ। ਸਿਖਰ ਦੁਪਹਿਰ ਦੀ ਤੇਜ਼ ਕੜਾਕੇ ਦੀ ਧੁੱਪ ਵਿੱਚ ਸਖਤ ਮਿਹਨਤ ਕਰਦਿਆਂ ਮੈਨੂੰ ਚੱਕਰ ਆ ਰਹੇ ਸੀ ਜਿਸ ਕਰਕੇ ਅੱਖਾਂ ਅੱਗੇ ਹਨੇਰਾ ਛਾ ਰਿਹਾ ਸੀ ਤੇ ਮੈਂ ਡਿੱਗਣ ਨੂੰ ਫਿਰਦਾ ਸੀ, ਪਰ ਮੇਰੀ ਹਿੰਮਤ ਤੇ ਲਗਨ ਮੈਨੂੰ ਆਰਾਮ ਕਰਨ ਵਾਸਤੇ ਸਖਤ ਮਿਹਨਤ ਕਰਨ ਤੋਂ ਰੁਕਣ ਦੀ ਆਗਿਆ ਨਹੀਂ ਸੀ ਦੇ ਰਹੇ।

ਕਿਸੇ ਵਿਦਵਾਨ ਦਾ ਇਹ ਵਿਚਾਰ ਸੀ ਕਿ 'ਜੇ ਇਰਾਦੇ ਪੱਕੇ ਹੋਣ ਤਾਂ ਮੰਜਲਾਂ ਦੂਰ ਨਹੀਂ' ਬਾਰੇ ਸੋਚ ਕੇ ਮੈਨੂੰ ਹੌਂਸਲਾ ਮਿਲਦਾ ਤੇ ਆਪਣੀ ਕਾਮਯਾਬੀ ਦਿਖਾਈ ਦੇਣ ਲੱਗਦੀ। ਕੋਕਾ ਲੱਭਣ ਲਈ ਸਖਤ ਮਿਹਨਤ ਕਰਦਿਆਂ ਭਾਵੇਂ ਮੇਰੇ ਸਰੀਰ ਦੀ ਊਰਜਾ (ਸ਼ਕਤੀ) ਮੇਰਾ ਸਾਥ ਛੱਡ ਰਹੀ ਸੀ ਪਰ ਮਨ ਅਜੇ ਵੀ ਆਪਣੇ ਇਰਾਦੇ ਉੱਤੇ ਅੜਿਆ ਹੋਇਆ ਸੀ। ਜਿਵੇਂ ਮੇਰਾ ਮਨ, ਸਰੀਰ ਦਾ ਦੁਸ਼ਮਣ ਹੋਏ। ਲਗਾਤਾਰ ਦੋ ਘੰਟੇ ਦੀ ਸਖਤ ਮਿਹਨਤ ਤੋਂ ਬਾਅਦ ਆਖਿਰ ਕੋਕਾ ਲੱਭ ਹੀ ਗਿਆ। ਆਪਣੀ ਹਿੰਮਤ ਤੇ ਲਗਨ ਭਰੀ ਸਖਤ ਮਿਹਨਤ ਦੀ ਕਾਮਯਾਬੀ ਪ੍ਰਾਪਤ ਕਰਕੇ ਮੈਂ ਬਹੁਤ ਖੁਸ਼ ਹੋਇਆ। ਮੈਂ ਬੜੇ ਚਾਅ ਨਾਲ ਕੀਮਤੀ ਸੋਨੇ ਦਾ ਕੋਕਾ ਸੰਭਾਲ ਕੇ ਰੱਖ ਲਿਆ ਤਾਂ ਜੋ ਜੋਤੀ ਦੇ ਕਾਲਜ ਤੋਂ ਆਉਣ 'ਤੇ ਉਸਨੂੰ ਇਹ ਖੁਸ਼ਖਬਰੀ ਦਿੱਤੀ ਜਾ ਸਕੇ। ਜਦੋਂ ਉਹ ਕਾਲਜ ਤੋਂ ਆਈ ਤਾਂ ਮੇਰੇ ਕੋਲੋਂ ਕੋਕੇ ਦੇ ਲੱਭ ਜਾਣ ਦੀ ਖੁਸ਼ਖਬਰੀ ਸੁਣ ਕੇ ਬਹੁਤ ਖੁਸ਼ ਹੋਈ। ਮੈਂ ਉਸਨੂੰ ਵਿਸਥਾਰ ਨਾ ਦੱਸਿਆ ਕਿ ਕਿਵੇਂ ਮੈਂ ਮੁਸ਼ਕਲਾਂ ਭਰੀ ਸਖਤ ਮਿਹਨਤ ਕਰਕੇ ਇਹ ਕੋਕਾ ਲੱਭਿਆ ਹੈ। ਇਹ ਸੁਣ ਕੇ ਉਸਨੇ ਮੇਰਾ ਭੋਰਾ ਭਰ ਵੀ ਧੰਨਵਾਦ ਨਾ ਕੀਤਾ ਤੇ ਨਾ ਹੀ ਉਸਦੇ ਚਿਹਰੇ ਤੋਂ ਅਜਿਹਾ ਕੁੱਝ ਨਜ਼ਰ ਆ ਰਿਹਾ ਸੀ। ਉਸਨੇ ਖੁਸ਼ੀ ਭਰੀ ਸ਼ਰਧਾ ਨਾਲ ਪ੍ਰਮੇਸ਼ਵਰ ਅੱਗੇ ਪ੍ਰਾਰਥਨਾ ਕਰਦਿਆਂ ਉਸਦਾ ਧੰਨਵਾਦ ਕੀਤਾ। ਇਹ ਦੇਖ ਕੇ ਮੈਂ ਹੈਰਾਨ ਸੀ ਕਿ ਸਖ਼ਤ ਮਿਹਨਤ ਤਾਂ ਮੈਂ ਕੀਤੀ ਇਸ ਲਈ ਉਸਨੂੰ ਧੰਨਵਾਦ ਤਾਂ ਮੇਰਾ ਕਰਨਾ ਚਾਹੀਦਾ ਸੀ। ਯਿਸੂ ਨੇ ਤਾਂ ਕੋਕਾ ਲੱਭਣ ਵਿੱਚ ਭੋਰਾ ਜਿੰਨੀ ਵੀ ਮੱਦਦ ਨਹੀਂ ਸੀ ਕੀਤੀ, ਫਿਰ ਉਸਦਾ ਧੰਨਵਾਦ ਕਿਉਂ? ਇਹ ਜਾਣ ਕੇ ਮੈਂ ਮਾਨਸਿਕ ਤੌਰ 'ਤੇ ਬਹੁਤ ਹੈਰਾਨ ਪ੍ਰੇਸ਼ਾਨ ਹੋਇਆ। ਮੈਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਕੋਕਾ ਲੱਭਣ ਵਿੱਚ ਕੀਤੀ ਗਈ ਸਖ਼ਤ ਮਿਹਨਤ 'ਬੇਅਰਥ' ਹੀ ਚਲੀ ਗਈ ਹੋਵੇ।

ਹਰ ਐਤਵਾਰ ਜੋਤੀ ਤੇ ਉਸਦੇ ਘਰਦੇ ਸਾਰੇ ਮੈਂਬਰ 'ਚਰਚ' ਵਿੱਚ ਪਾਦਰੀ (ਪਾਸਟਰ) ਕੋਲ ਪ੍ਰਾਰਥਨਾਵਾਂ ਕਰਨ ਜਾਂਦੇ ਹਨ। ਜਲਦੀ ਹੀ ਜੋਤੀ ਨੇ ਕੋਕਾ ਲੱਭ ਜਾਣ ਦੀ ਖੁਸ਼ੀ ਵਿੱਚ ਧੰਨਵਾਦ ਕਰਨ ਲਈ ਪਾਦਰੀ ਨੂੰ ਇਨਾਮ ਦੇਣ ਲਈ ਵਧੀਆ ਮਠਿਆਈ ਦਾ ਇੱਕ ਡੱਬਾ ਖ੍ਰੀਦਿਆ ਤੇ ਹੱਥ ਵਿੱਚ 'ਧਾਰਮਿਕ ਗ੍ਰੰਥ' ਫੜ ਕੇ ਚਲੀ ਗਈ।

ਉੱਥੇ ਜੋਤੀ ਨੇ ਬੜੀ ਖੁਸ਼ੀ ਨਾਲ ਸਟੇਜ ਉੱਪਰ ਚੜ੍ਹ ਕੇ ਲੋਕਾਂ ਦੇ ਸਾਹਮਣੇ ਸੋਨੇ ਦੇ ਕੀਮਤੀ ਕੋਕੇ ਦੇ ਲੱਭ ਜਾਣ ਦੀ 'ਗਵਾਹੀ' ਦਿੱਤੀ, ਜਿਸ ਵਿੱਚ ਉਸਨੇ ਆਖਿਆ, "ਕਿ ਕਿਵੇਂ ਸ਼ੈਤਾਨ ਨੇ ਆਪਣੀਆਂ ਚਾਲਾਂ ਨਾਲ ਉਸਦਾ ਕੋਕਾ ਗੁਆ ਕੇ ਭਾਰੀ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਪ੍ਰਮੇਸ਼ਵਰ ਨੇ ਸ਼ੈਤਾਨ ਦੀਆਂ ਸਭ ਚਾਲਾਂ ਨੂੰ ਕਾਮਯਾਬ ਨਾ ਹੋਣ ਦਿੱਤਾ ਤੇ ਪ੍ਰਮੇਸ਼ਵਰ ਨੇ ਸਾਡੇ ਘਰ ਆਏ ਹੋਏ ਇੱਕ ਰਿਸ਼ਤੇਦਾਰ ਜੋ ਇੱਕ ਨਾਸਤਿਕ (ਤਰਕਸ਼ੀਲ) ਹੈ ਜਿਸਦਾ ਪ੍ਰਮੇਸ਼ਵਰ (ਰੱਬ) ਵਿੱਚ ਕੋਈ ਯਕੀਨ ਨਹੀਂ ਹੈ। ਉਸਦੇ ਸਰੀਰ ਅੰਦਰ ਪ੍ਰਵੇਸ਼ ਕਰਕੇ ਇਹ ਗੁਆਚਿਆ ਹੋਇਆ ਕੋਕਾ ਲੱਭਿਆ ਹੈ। ਇਸ ਲਈ ਮੈਂ ਪ੍ਰਮੇਸ਼ਵਰ ਦਾ ਧੰਨਵਾਦ ਕਰਦੀ ਹਾਂ ਤੇ ਉਮੀਦ ਕਰਦੀ ਹਾਂ ਕਿ ਅੱਗੇ ਤੋਂ ਵੀ ਪ੍ਰਮੇਸ਼ਵਰ ਇਸੇ ਤਰ੍ਹਾਂ ਹੀ ਸ਼ੈਤਾਨ ਦੀਆਂ ਚਾਲਾਂ ਤੋਂ ਸਾਨੂੰ ਬਚਾ ਕੇ ਸਾਡੀ ਮੱਦਦ ਕਰਦਾ ਰਹੇਗਾ।" ਪ੍ਰਮੇਸ਼ਵਰ ਦਾ ਚਮਤਕਾਰ ਸੁਣ ਕੇ ਭੀੜ ਨੇ ਉੱਚੀ-ਉੱਚੀ ਤਾੜੀਆਂ ਵਜਾਈਆਂ। ਇਹ ਗਵਾਹੀ ਦੇ ਕੇ ਜੋਤੀ ਨੇ ਪਾਦਰੀ ਨੂੰ ਇਨਾਮ ਵਜੋਂ ਮਠਿਆਈ ਦਾ ਡੱਬਾ ਸ਼ਰਧਾ ਭਰੀ ਖੁਸ਼ੀ ਨਾਲ ਫੜਾਇਆ।

ਜਦੋਂ ਜੋਤੀ ਆਪਣੇ ਘਰਦਿਆਂ ਨਾਲ ਚਰਚ ਤੋਂ ਵਾਪਸ ਆਈ ਤਾਂ ਮੈਂ ਇਕੱਲਾ ਹੀ ਘਰ ਸੀ। ਉਸਨੇ ਮੈਨੂੰ ਬੜੀ ਖੁਸ਼ੀ ਨਾਲ ਦੱਸਿਆ ਕਿ ਕਿਵੇਂ ਉਹ ਅੱਜ ਕੋਕਾ ਲੱਭਣ ਦੀ ਖੁਸ਼ੀ ਵਿੱਚ ਪਾਦਰੀ (ਪਾਸਟਰ) ਨੂੰ ਇਨਾਮ ਵਜੋਂ ਮਠਿਆਈ ਦਾ ਡੱਬਾ ਦੇ ਕੇ ਪ੍ਰਮੇਸ਼ਵਰ ਦਾ ਧੰਨਵਾਦ ਕਰਕੇ ਆਈ ਹੈ। ਉਹ ਇੱਕ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਆਪਣੀ ਇਸ ਮੂਰਖਤਾ ਭਰੀ ਸੋਚ ਤੋਂ ਅਣਜਾਣ ਉਸਨੂੰ ਏਨੇ ਉਤਸ਼ਾਹ ਨਾਲ ਦੱਸ ਰਹੀ ਸੀ ਜਿਵੇਂ ਉਹ ਕੋਈ ਬਹਾਦਰੀ ਭਰਿਆ 'ਨੇਕ' ਕਾਰਨਾਮਾ ਕਰਕੇ ਆਈ ਹੋਵੇ। ਇਹ ਸੁਣ ਕੇ ਮੈਂ ਹੈਰਾਨੀ ਨਾਲ ਪੁੱਛਿਆ, "ਕੀ ਤੂੰ ਮੇਰੇ ਖਾਣ ਲਈ ਵੀ ਕੋਈ ਇੱਕ ਅੱਧਾ ਮਠਿਆਈ ਦਾ ਪੀਸ ਲਿਆਈਂ ਏਂ?" ਉਸਨੇ ਮੁਸਕਰਾਉਂਦਿਆਂ ਕਿਹਾ, "ਨਹੀਂ!" ਮੈਂ ਉਸ ਕੋਲੋਂ ਪੁੱਛਿਆ, "ਕਿਉਂ!" ਉਸਨੇ ਜਵਾਬ ਦਿੱਤਾ, "ਕਿਉਂਕਿ ਉਸ ਉੱਪਰ ਹੱਕ ਸਿਰਫ਼ ਪਾਦਰੀ (ਪਾਸਟਰ) ਜੀ ਦਾ ਹੀ ਸੀ।" ਮੈਂ ਦੁਬਾਰਾ ਪੁੱਛਿਆ, "ਕਿਵੇਂ?" ਉਸਨੇ ਦੱਸਿਆ, "ਕਿਉਂਕਿ ਇਹ ਸਾਰੀ ਚਾਲ 'ਸ਼ੈਤਾਨ' ਦੀ ਹੀ ਸੀ, ਜੋ ਪ੍ਰਮੇਸ਼ਵਰ ਨੇ ਕਾਮਯਾਬ ਨਹੀਂ ਹੋਣ ਦਿੱਤੀ, ਇਸ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰਨ ਲਈ ਇਹ ਇਨਾਮ ਉਸਦੇ 'ਦਾਸ' ਪਾਦਰੀ (ਪਾਸਟਰ) ਨੂੰ ਹੀ ਮਿਲਣਾ ਚਾਹੀਦਾ ਸੀ, ਜੋ ਪ੍ਰਮੇਸ਼ਵਰ ਕੋਲ ਪਹੁੰਚ ਜਾਂਦਾ ਹੈ।" ਮੈਂ ਉਸਨੂੰ ਤਰਕ ਭਰੀ ਦਲੀਲ ਨਾਲ ਪੁੱਛਿਆ, "ਤੂੰ ਦੱਸ ਕੋਕੇ ਨੂੰ ਲੱਭਣ ਵਿੱਚ 'ਸਖਤ ਮਿਹਨਤ' ਕਿਸਨੇ ਕੀਤੀ ਸੀ।" ਉਸਨੇ ਜਵਾਬ ਦਿੱਤਾ, "ਤੁਸੀਂ" ਮੈਂ ਫਿਰ ਪੁੱਛਿਆ, "ਫਿਰ ਤੂੰ ਹੀ ਦੱਸ ਦੇ ਕਿ ਇਨਾਮ (ਮਠਿਆਈ) ਉੱਪਰ ਕਿਸਦਾ ਹੱਕ ਹੋਇਆ ਤੇ ਅਸਲੀ ਧੰਨਵਾਦ ਤੈਨੂੰ ਕਿਸਦਾ ਕਰਨਾ ਚਾਹੀਦਾ ਸੀ, ਮੇਰਾ (ਨਾਸਤਿਕ ਦਾ) ਜਿਸਨੇ ਸਖਤ ਮਿਹਨਤ ਕਰਕੇ ਕੋਕਾ ਲੱਭਿਆ।

ਮੈਨੂੰ ਇਕ ਕਾਲਜ ਦੀ ਬੀ. ਏ. ਦੀ ਵਿਦਿਆਰਥਣ ਦੇ ਮਨ ਵਿੱਚੋਂ ਮਨਘੜਤ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸਾਂ ਨਾਲ ਭਰੇ ਖਤਰਨਾਕ ਤੇ ਨੁਕਸਾਨਦਾਇਕ ਝੂਠੇ ਵਿਚਾਰਾਂ ਨੂੰ ਤਰਕ ਤੇ ਵਿਗਿਆਨਕ ਦਲੀਲਾਂ ਰਾਹੀਂ ਖਤਮ ਕਰਕੇ, ਉਸਦੀ ਜਗ੍ਹਾ ਸਚਾਈ ਭਰਨਾ ਕਿ ਰੱਬ ਦੀ ਕੋਈ ਹੋਂਦ ਨਹੀਂ ਹੈ, ਸਭ ਤੋਂ ਵੱਧ ਮੁਸ਼ਕਲ ਜਾਪੇ। ਜਿੱਥੇ ਮੇਰੀ ਹਿੰਮਤ, ਮਿਹਨਤ, ਲਗਨ, ਤੇ ਅਨੁਸਾਸ਼ਨ ਸਭ ਡਾਂਵਾਂ-ਡੋਲ ਹੋਣ ਲੱਗੇ। ਇਸ ਲਈ ਇਸ ਮੂਰਖਤਾ ਭਰੇ ਸਮਾਜ ਵਿੱਚ ਅਜਿਹੀ ਘਟੀਆ ਸੋਚ ਨੂੰ ਖਤਮ ਕਰਕੇ ਵਧੀਆ ਸੋਚ ਵਿੱਚ ਬਦਲਣਾ ਕੋਈ ਆਸਾਨ ਕੰਮ ਨਹੀਂ ਹੁੰਦਾ। ਇਸਦੇ ਲਈ ਇੱਕ ਬਹੁਤ ਵੱਡੇ 'ਤਰਕ ਤੇ ਵਿਗਿਆਨ' ਭਰਪੂਰ ਗਿਆਨ ਨੂੰ ਮਨ ਵਿੱਚ ਭਰਨ ਦੀ ਜ਼ਰੂਰਤ ਹੁੰਦੀ ਹੈ। ਜੋ ਸ਼ੌਂਕ, ਖੋਜਣ ਪਰਖਣ ਅਤੇ ਕਿੰਤੂ ਪ੍ਰੰਤੂ ਦੀ ਭਾਵਨਾ ਪੈਦਾ ਕਰਨ ਨਾਲ ਹੀ ਸੰਭਵ ਹੋ ਸਕਦਾ ਹੈ।

# ਮੈਂ ਵੀ ਖ਼ਾਲਿਸਤਾਨ ਚਾਹੁੰਦਾ ਹਾਂ ਪਰ ?

ਰਾਜਾਰਾਮ ਹੰਡਿਆਇਆ




ਸੰਸਾਰ ਵਿਚ ਅਨੇਕਾਂ ਰੰਗਾਂ, ਜਾਤਾਂ, ਨਸਲਾਂ ਤੇ ਕੌਮਾਂ ਦੇ ਲੋਕ ਵਸਦੇ ਹਨ। ਇਨ੍ਹਾਂ ਵਿਚ ਫਰਕ ਕੇਵਲ ਬਾਹਰੀ ਤੌਰ ਤੇ ਹੀ ਨਹੀਂ ਸਗੋਂ ਅੰਦਰੂਨੀ ਤੌਰ 'ਤੇ ਵੀ ਹੈ। ਇਹੀ ਅੰਦਰੂਨੀ ਤੇ ਬਾਹਰੀ ਵਿਤਕਰਾ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦਾ ਜਾ ਰਿਹਾ ਹੈ। ਇਨ੍ਹਾਂ ਵਿਤਕਰਿਆਂ ਦੇ ਅਧਾਰ ਉੱਤੇ ਹੀ ਇਨ੍ਹਾਂ ਦੀਆਂ ਆਪਸ ਵਿਚ ਲੜਾਈਆਂ ਹੁੰਦੀਆਂ ਹਨ ਅਤੇ ਇਹ ਆਪਣੇ ਆਪਣੇ ਅਲੱਗ ਰਾਜਾਂ ਜਾਂ ਦੇਸਾਂ ਦੀ ਮੰਗ ਕਰਦੇ ਰਹਿੰਦੇ ਹਨ। ਸਭ ਲੋਕ ਆਪੋ ਆਪਣੇ ਸੱਭਿਆਚਾਰ ਨੂੰ ਉੱਤਮ ਸਮਝਦੇ ਹਨ ਅਤੇ ਦੂਜਿਆਂ ਨਾਲ ਕਿਸੇ ਪ੍ਰਕਾਰ ਦੀ ਸਾਂਝ ਜੋੜਨ ਦੀ ਬਜਾਏ, ਉਨ੍ਹਾਂ ਤੋਂ ਪੂਰੀ ਤਰ੍ਹਾਂ ਟੁੱਟਕੇ ਆਪਣੇ ਸੀਮਿਤ ਦਾਇਰਿਆਂ ਵਿਚ ਹੀ ਉੱਨਤੀ ਦੀ ਕਲਪਣਾ ਕਰਦੇ ਹਨ। ਇਹੀ ਕਾਰਨ ਹੈ ਕਿ ਦੁਨੀਆਂ ਵਿਚ ਹਰ ਰੋਜ ਕਿਸੇ ਨਾ ਕਿਸੇ ਕੌਮ ਜਾਂ ਨਸਲ ਵੱਲੋਂ ਆਪਣੇ ਵੱਖਰੇ ਰਾਜ ਜਾਂ ਦੇਸ਼ ਦੀ ਮੰਗ ਉਠਦੀ ਰਹਿੰਦੀ ਹੈ। ਇਨ੍ਹਾਂ ਵਿਚੋਂ 'ਖ਼ਾਲਿਸਤਾਨ' ਦੀ ਮੰਗ ਵੀ ਇੱਕ ਹੈ।

'ਖ਼ਾਲਿਸਤਾਨ' ਦਾ ਸ਼ਾਬਦਿਕ ਅਰਥ ਇੱਕ ਅਜਿਹੇ ਸਥਾਨ ਤੋਂ ਹੈ 'ਜਿੱਥੇ ਖਾਲਸ ਲੋਕ ਰਹਿੰਦੇ ਹੋਣ' ਭਾਵ ਖਾਲਸ-ਲੋਕਾਂ ਦੇ ਰਹਿਣ ਦਾ ਸਥਾਨ। ਸਿੱਖ ਧਰਮ ਦੇ ਸਾਰੇ ਪੈਰੋਕਾਰ ਆਪਣੇ ਆਪ ਨੂੰ ਖਾਲਸੇ ਸਮਝਦੇ ਹਨ। ਹਰ ਧਾਰਮਕ ਜਾਂ ਰਾਜਨੀਤਕ ਇਕੱਠ ਵਿਚ ਉਹ ਇਹ ਨਾਹਰਾ ਵੀ ਲਾਉਂਦੇ ਹਨ ਕਿ 'ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਈ।' ਇਸ ਲਈ ਉਨ੍ਹਾਂ ਦੀ ਬਹੁਸੰਮਤੀ ਹੋਰ ਕੌਮਾਂ ਨਾਲੋਂ ਅੱਡ ਹੋ ਕੇ ਆਪਣਾ ਇੱਕ ਵੱਖਰਾ ਹੀ ਦੇਸ਼ ਚਾਹੁੰਦੀ ਹੈ ਤਾਂ ਕਿ ਇਹ ਦੇਸ਼ ਸਿਰਫ਼ ਸਿੱਖ ਕੌਮ ਲਈ, ਸਿੱਖ ਸੱਭਿਆਚਾਰ ਅਤੇ ਸਿੱਖ-ਧਰਮ ਲਈ ਸਹਾਈ ਹੋਵੇ। ਉਹ ਬਾਕੀ ਕੌਮਾਂ ਨੂੰ ਇਸ ਦੇਸ਼ ਵਿਚ ਨਹੀਂ ਰਹਿਣ ਦੇਣਾ ਚਾਹੁੰਦੇ ਅਤੇ ਆਪਣੇ ਦੇਸ ਨੂੰ ਇੱਕ ਧਰਮ-ਪੱਖੀ ਤੇ ਇੱਕ ਕੌਮ-ਪੱਖੀ ਦੇਸ਼ ਬਣਾਉਣਾ ਚਾਹੁੰਦੇ ਹਨ, ਜਿਸ ਵਿਚ ਸਿਰਫ ਸਿੱਖ-ਕੌਮ ਅਤੇ ਸਿੱਖ-ਧਰਮ ਦੇ ਹਿਤਾਂ ਦਾ ਖਿਆਲ ਰੱਖਿਆ ਜਾਵੇਗਾ।

ਇਤਿਹਾਸ ਅਨੁਸਾਰ ਜਦੋਂ ਭਾਰਤ ਵਿੱਚ ਮੁਸਲਮਾਨਾਂ ਦਾ ਆਗਮਨ ਹੋਇਆ ਤਾਂ ਉਨ੍ਹਾਂ ਨੇ ਸਿੰਧ ਦਰਿਆਂ ਤੋਂ ਪਾਰਲੇ ਇਲਾਕੇ ਦੇ ਲੋਕਾਂ ਨੂੰ 'ਹਿੰਦੂ' ਕਿਹਾ। ਇਸਦਾ, ਇੱਕ ਕਾਰਨ ਇਹ ਦੱਸਿਆ ਜਾਦਾ ਹੈ ਕਿ ਮੁਸਲਮਾਨਾਂ ਨੇ 'ਸਿੰਧ' ਦਰਿਆ ਨੂੰ 'ਹਿੰਦ' ਕਹਿਕੇ ਉਚਾਰਿਆ। 'ਸੱਸੇ' ਦੀ ਥਾਂ ਤੇ 'ਹਾਹੇ' ਦਾ ਉਚਾਰਣ ਕਰਨ ਕਾਰਨ ਹੀ 'ਸਿੰਧ' ਨੂੰ 'ਹਿੰਦ' ਅਤੇ ਸਿੰਧ ਤੋਂ ਪਾਰਲੇ ਲੋਕਾਂ ਨੂੰ 'ਹਿੰਦੂ', ਉਨ੍ਹਾਂ ਦੀ ਬੋਲੀ ਨੂੰ 'ਹਿੰਦੀ, ਹਿੰਦੋਈ, ਹਿੰਦਕੀ ਆਦਿ ਉਚਾਰਿਆ ਅਤੇ ਹਿੰਦੂ ਲੋਕਾਂ ਦੇ ਦੇਸ਼ ਨੂੰ 'ਹਿੰਦੁਸਤਾਨ' ਦਾ ਨਾਮ ਦਿੱਤਾ। ਉਸ ਸਮੇਂ ਭਾਰਤ ਦੀ ਪਛਾਣ ਅੱਡ-ਅੱਡ ਮੱਤਾਂ ਜਾਂ ਧਰਮਾਂ ਕਾਰਨ ਨਹੀਂ ਸੀ ਬਣੀ, ਸਗੋਂ ਸਿੰਧ ਦਰਿਆ ਦੇ ਪਾਰਲੇ ਇਲਾਕੇ ਵਿਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਹੀ ਹਿੰਦੂ ਕਿਹਾ ਜਾਦਾ ਸੀ। ਬੋਧੀਆਂ, ਜੈਨੀਆਂ ਨੂੰ ਵੀ ਹਿੰਦੂਆਂ ਵਿਚ ਹੀ ਗਿਣਿਆ ਜਾਂਦਾ ਸੀ। ਸਿੱਖ ਧਰਮ ਅਜੇ ਪੈਦਾ ਵੀ ਨਹੀਂ ਸੀ ਹੋਇਆ।

ਜਦੋਂ ਮੁਸਲਮਾਨਾਂ ਨੇ ਹੌਲੀ ਹੌਲੀ ਭਾਰਤ ਉੱਤੇ ਕਬਜ਼ਾ ਕਰ ਲਿਆ ਅਤੇ ਉਹ ਹਮਲਾਵਰ ਨਾ ਰਹਿਕੇ ਇੱਥੇ ਦੇ ਵਸਿੰਦੇ ਹੀ ਬਣ ਗਏ ਤਾਂ ਵੱਡੀ ਗਿਣਤੀ ਵਿਚ ਮੁਸਲਮਾਨ ਵਧਣ ਨਾਲ ਹੁਣ ਇਹ ਦੇਸ ਉਨ੍ਹਾਂ ਨੂੰ ਕੇਵਲ ਹਿੰਦੂਆਂ ਦਾ ਹੀ ਨਹੀਂ ਸੀ ਲਗਦਾ ਸਗੋਂ ਹੁਣ ਤਾਂ ਉਨ੍ਹਾਂ ਨੂੰ 'ਹਿੰਦੁਸਤਾਨ' ਨਾਮ ਵੀ ਪਸੰਦ ਨਹੀਂ ਸੀ। ਹੁਣ ਇਹ ਹਿੰਦੂਆਂ ਅਤੇ ਮੁਸਲਮਾਨਾ ਦਾ ਸਾਂਝਾ ਦੇਸ਼ ਬਣ ਗਿਆ ਸੀ।

ਭਾਵੇਂ ਹਿੰਦੂ ਅਤੇ ਮੁਸਲਮਾਨ ਆਪਸ ਵਿਚ ਕਾਫੀ ਮੇਲਜੋਲ ਨਾਲ ਰਹਿਣ ਲੱਗ ਪਏ ਸਨ ਪਰ ਉਨ੍ਹਾਂ ਦੇ ਭਿੰਨ-ਭਿੰਨ ਆਪਸ-ਵਿਰੋਧੀ-ਮੱਤ ਜਾਂ ਧਰਮ ਅਤੇ ਸੱਭਿਆਚਾਰ ਉਨ੍ਹਾਂ ਦੀ ਏਕਤਾ ਵਿਚ ਵੱਡਾ ਰੋੜਾ ਸਨ। ਧਰਮ ਅਤੇ ਸੱਭਿਆਚਾਰ ਦੇ ਅਧਾਰ ਤੇ ਹੀ ਉਹ ਇੱਕ ਦੂਜੇ ਤੋਂ ਆਪਣੇ ਆਪਨੂੰ ਉੱਤਮ ਸਮਝਦੇ ਸਨ। ਇਹੀ ਵੱਡਾ ਕਾਰਨ ਸੀ, ਕਿ ਇੱਕ ਦੇਸ਼ ਵਿਚ ਰਹਿੰਦਿਆਂ ਵੀ ਦੋਨਾਂ ਦੀ ਆਪਸੀ ਮਾਨਸਿਕ-ਸਾਂਝ ਨਾ ਬਣ ਸਕੀ, ਜਿਸਦੀ ਵੱਡੀ ਲੋੜ ਸੀ। ਸੋ ਅੰਗਰੇਜਾਂ ਦੀ ਗੁਲਾਮੀ ਤੋਂ ਆਜ਼ਾਦ ਹੋਣ ਦੇ ਨਾਲ ਦੋਨਾਂ ਮੁੱਖ ਕੌਮਾਂ ਨੇ ਦੇਸ਼ ਦੇ ਦੋ ਟੁਕੜੇ ਕਰ ਲਏ-ਇੱਕ ਹਿੰਦੂਆਂ ਦਾ ਤੇ ਦੂਜਾਂ ਮੁਸਲਮਾਨਾਂ ਦਾ 'ਪਾਕਿਸਤਾਨ' ਬਣਿਆ। ਦੋਵਾਂ ਕੌਮਾਂ ਦੀ ਇਹ ਸੋਚ ਸੀ ਕਿ ਆਪਣਾ ਅੱਡ ਦੇਸ਼ ਬਣਾਉਣ ਨਾਲ ਸਾਰੀਆ ਹੀ ਸਮੱਸਿਆਵਾਂ ਹੱਲ ਹੋ ਜਾਣਗੀਆਂ। ਇਸ ਵੇਲੇ ਤੱਕ ਭਾਵੇਂ ਸਿੱਖ ਧਰਮ ਦੇ ਸ਼ਰਧਾਲੂ ਵੀ ਵੱਡੀ ਗਿਣਤੀ ਵਿੱਚ ਸਨ ਪਰ ਹਿੰਦੂਆਂ ਨਾਲ-ਨਾਲ ਰੋਟੀ-ਬੇਟੀ ਦੀ ਸਾਂਝ ਹੋਣ ਕਾਰਨ ਉਹ ਹਿੰਦੂਆਂ ਨਾਲ ਹੀ ਰਹੇ।

ਜਦੋਂ ਵੀ ਕਿਸੇ ਨਵੇਂ ਦੇਸ਼ ਦਾ ਜਨਮ ਹੁੰਦਾ ਹੈ ਤਾਂ ਉਸਦਾ ਨਾਮ ਵੀ ਸੋਚ ਸਮਝ ਕੇ 'ਵਿਸ਼ੇਸ਼' ਰੱਖਿਆ ਜਾਂਦਾ ਹੈ। ਮੁਸਲਮਾਨਾਂ ਦਾ ਆਪਣਾ ਦੇਸ਼ 'ਪਾਕਿਸਤਾਨ' ਬਣਿਆ। ਇਸਦਾ ਅਰਥ ਹੈ ਪਵਿੱਤਰ-ਸਥਾਨ। 'ਪਾਕਿ' ਦਾ ਅਰਥ ਹੈ-'ਪਵਿੱਤਰ।' ਸੋ ਪਾਕਿਸਤਾਨ ਦਾ ਅਰਥ ਬਣਿਆਂ-'ਪਵਿੱਤਰ ਲੋਕਾਂ ਦੇ ਰਹਿਣ ਦਾ ਸਥਾਨ।' ਪਰ ਕਿਸੇ ਵੀ ਸਥਾਨ ਦਾ ਚੰਗਾ ਨਾਮ ਰਖਣ ਨਾਲ ਕੀ ਉੱਥੋਂ ਦੇ ਸਾਰੇ ਲੋਕ ਚੰਗੇ ਬਣ ਸਕਦੇ ਹਨ ? ਕੀ 'ਪਾਕਿਸਤਾਨ' ਸੱਚਮੁੱਚ ਪਵਿੱਤਰ-ਸਥਾਨ ਬਣ ਸਕਿਆ ਹੈ ? ਭਾਵੇਂ ਮੁਸਲਮਾਨਾਂ ਨੇ ਆਪਣੇ ਦੇਸ਼ ਪਾਕਿਸਤਾਨ ਨੂੰ ਹਿੰਦੂਆਂ ਦੇ ਦੇਸ਼ ਨਾਲੋਂ ਵੱਧ ਪਵਿੱਤਰ ਮੰਨਿਆ ਅਤੇ ਆਪਣੇ ਆਪਨੂੰ ਵੀ ਇੰਨ੍ਹਾਂ ਨਾਲੋ ਵੱਧ ਉੱਚੇ ਤੇ ਸੁੱਚੇ ਸਿੱਧ ਕਰਨ ਦਾ ਜਤਨ ਕੀਤਾ। ਪਰ ਕੀ ਸਚਾਈ, ਸੱਭਿਅਤਾ ਅਤੇ ਸਦਾਚਾਰ ਕਿਸੇ ਇੱਕੋ ਹੀ ਧਰਮ ਦੇ ਲੋਕਾਂ ਵਿਚ ਹੁੰਦੇ ਹਨ ? ਇਸਦਾ ਉੱਤਰ ਤਾਂ 'ਨਹੀਂ', ਵਿੱਚ ਹੀ ਦਿੱਤਾ ਜਾ ਸਕਦਾ ਹੈ। ਹਰ ਧਰਮ ਵਿੱਚ ਹੀ ਚੰਗੇ-ਮਾੜੇ ਲੋਕ ਹੁੰਦੇ ਹਨ।

ਸੋ ਅਸੀਂ ਸਾਫ਼ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ 'ਪਾਕਿਸਤਾਨ' ਸਹੀਂ ਅਰਥਾਂ ਵਿੱਚ 'ਪਾਕਿਸਤਾਨ' ਨਹੀਂ ਬਣ ਸਕਿਆ, ਕਿਉਂਕਿ ਉੱਥੇ ਅੱਜ ਵੀ ਹਰ ਪ੍ਰਕਾਰ ਦੀ ਚੋਰੀ, ਠੱਗੀ, ਬੇਈਮਾਨੀ ਤੇ ਕਿਰਤੀ-ਕਾਮਿਆਂ ਦਾ ਸੋਸ਼ਣ ਜਾਰੀ ਹੈ। ਉੱਥੇ ਅੱਜ ਵੀ ਲੋਕ ਰੰਗ, ਭਾਸ਼ਾ, ਨਸਲ, ਜਾਤ 'ਤੇ ਧਰਮ ਦੇ ਨਾਮ ਉੱਤੇ ਲੜ ਰਹੇ ਹਨ। ਉਨ੍ਹਾਂ ਦਾ ਆਪਣਾ ਹੀ ਧਰਮ ਕਈ ਹਿੱਸਿਆ ਵਿਚ ਵੰਡਿਆ ਪਿਆ ਹੈ। ਸੀਆਂ-ਸੁੰਨੀ ਦਾ ਝਗੜਾ, ਮੁਹਾਜ਼ਿਰ-ਸਿੰਧੀਆਂ ਦਾ ਝਗੜਾ, ਇਸਦੇ ਪ੍ਰਤੱਖ ਪ੍ਰਮਾਣ ਹਨ। ਜੇਕਰ ਧਰਮ ਅਤੇ ਸੱਭਿਆਚਾਰ ਮੁਸਲਮਾਨਾਂ ਨੂੰ ਜੋੜਨ ਦੇ ਕਾਬਿਲ ਹੁੰਦਾ ਤਾਂ ਮੁਸਲਮਾਨਾਂ ਦਾ ਹੀ ਅਲੱਗ ਦੇਸ਼ (ਬੰਗਲਾ-ਦੇਸ਼) ਕਦੇ ਨਾ ਬਣਦਾ। ਸੋ ਪਾਕਿਸਤਾਨ ਸਹੀ ਅਰਥਾਂ ਵਿਚ 'ਪਾਕਿਸਤਾਨ' ਨਹੀਂ ਬਣ ਸਕਿਆ।

ਇਸੇ ਤਰ੍ਹਾਂ ਹੀ 'ਹਿੰਦੁਸਤਾਨ' ਦਾ ਅਰਥ ਹੈ-ਹਿੰਦੂਆਂ ਦੇ ਰਹਿਣ ਦਾ ਸਥਾਨ ਪਰ ਕੀ ਹਿੰਦੁਸਤਾਨ ਵਿਚ ਕੇਵਲ ਹਿੰਦੂ ਹੀ ਰਹਿੰਦੇ ਹਨ। ਇਸਦਾ ਉੱਤਰ ਵੀ 'ਨਹੀਂ' ਵਿਚ ਦਿੱਤਾ ਜਾ ਸਕਦਾ ਹੈ। ਭਾਰਤ ਵਿਚ ਸਿਰਫ਼ ਹਿੰਦੂ ਹੀ ਨਹੀਂ ਵਸਦੇ ਸਗੋਂ ਵੱਡੀ ਗਿਣਤੀ ਵਿਚ ਮੁਸਲਮਾਨ, ਬੋਧੀ, ਪਾਰਸੀ, ਜੈਨੀ, ਇਸਾਈ, ਸਿੱਖ ਆਦਿ ਸਭ ਧਰਮਾਂ ਦੇ ਲੋਕ ਵਸਦੇ ਹਨ, ਜਿਹੜੇ ਸੱਭਿਆਚਾਰਕ ਪੱਖੋਂ ਵੀ ਹਿੰਦੂਆਂ ਤੋਂ

ਬਿਲਕੁੱਲ ਭਿੰਨ ਹਨ। ਸੋ ਇਸ ਦੇਸ਼ ਨੂੰ 'ਹਿੰਦੁਸਤਾਨ' ਨਾਮ ਦੇਣਾ ਵੀ ਢੁਕਵਾਂ ਨਹੀਂ ਹੈ, ਸਗੋਂ ਇਸਨੂੰ ਭਾਰਤ' ਕਹਿਣਾ ਹੀ ਵਧੇਰੇ ਸਾਰਥਕ ਹੈ। ਕਿਉਂਕਿ ਹਿੰਦੁਸਤਾਨ ਨਾਮ ਵਿਚੋਂ ਤਾਂ ਇੱਕ ਵਿਸ਼ੇਸ ਫਿਰਕੇ ਦੇ ਧਰਮ ਅਤੇ ਸੱਭਿਆਚਾਰ ਦੀ ਬੋ ਆਉਂਦੀ ਹੈ। ਜੇਕਰ ਹਰ ਧਰਮ ਜਾਂ ਮੱਤ ਦੇ ਲੋਕ ਆਪਣੇ-ਆਪਣੇ ਲਈ ਅੱਡ ਦੇਸ਼ ਦੀ ਮੰਗ ਕਰਨ ਲੱਗ ਪੈਣ ਤਾਂ ਫਿਰ ਭਾਰਤ ਦੇ ਪਤਾ ਨਹੀਂ ਕਿੰਨੇ ਕੁ ਟੁਕੜੇ ਹੋ ਜਾਣਗੇ। ਮੁਸਲਮਾਨਾਂ ਲਈ ਤਾਂ ਇੱਕ ਹੋਰ ਨਵਾਂ ਪਾਕਿਸਤਾਨ ਚਾਹੀਦਾ ਹੈ। ਫਿਰ ਇਸ ਗੱਲ ਦੀ ਕੀ ਗਰੰਟੀ ਹੈ ਕਿ ਨਵੇਂ ਦੇਸ ਵਿਚ ਇਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ।

ਭਾਵੇਂ ਸਿੱਖ-ਧਰਮ ਭਾਰਤ ਦੇ ਇੱਕ ਰਾਜ 'ਪੰਜਾਬ' ਵਿੱਚ ਹੀ ਪਨਪਿਆ ਤੇ ਹਿੰਦੂ ਧਰਮ ਦੇ ਪੈਰੋਕਾਰਾਂ ਵਿਚੋਂ ਹੀ ਲੋਕ ਸਿੱਖ ਬਣਨ ਲੱਗੇ। ਪਰ ਜਦੋਂ ਇਸ ਧਰਮ ਦੀ ਚੜ੍ਹਤ ਜਿਆਦਾ ਹੋਈ ਤਾਂ ਇਸਦੇ ਪੈਰੋਕਾਰਾਂ ਦਾ ਵੀ ਉਹੀ ਹਾਲ ਹੋਇਆ ਜੋ ਦੂਜਿਆਂ ਦਾ ਹੁੰਦਾ ਰਿਹਾ ਹੈ। ਇਹ ਜਦੋਂ ਹਿੰਦੂਆ ਤੋਂ ਸਿੱਖ ਬਣ ਗਏ ਤਾਂ ਇਨ੍ਹਾਂ ਦਾ ਵੀ ਇੱਕ ਅਲੱਗ ਸੱਭਿਆਚਾਰ ਬਣ ਗਿਆ। ਹੌਲੀ-ਹੌਲੀ ਹਿੰਦੂਆਂ ਨਾਲ ਉਭਰਦੇ ਮੱਤਭੇਦਾਂ ਕਾਰਨ ਇਸ ਧਰਮ ਦੇ ਪੈਰੋਕਾਰਾਂ ਨੂੰ ਵੀ ਆਪਣਾ ਇੱਕ ਅਲੱਗ ਦੇਸ਼ ਬਣਾਉਣ ਦੀ ਲੋੜ ਮਹਿਸੂਸ ਹੋਣ ਲੱਗੀ। ਇਸ ਧਰਮ ਦੇ ਲੋਕਾਂ ਨੇ ਆਪਣੇ ਆਪਨੂੰ 'ਖ਼ਾਲਸਾ' ਕਹਾਉਣਾ ਵਧੇਰੇ ਪਸੰਦ ਕੀਤਾ ਅਤੇ ਇਸੇ ਨਾਮ ਦੇ ਅਧਾਰ 'ਤੇ ਹੀ ਆਪਣਾ ਨਵਾਂ ਦੇਸ 'ਖਾਲਿਸਤਾਨ' ਬਣਾਉਣ ਦਾ ਨਾਅਰਾ ਦੇ ਦਿੱਤਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਨੇ ਹਿੰਦੂ-ਧਰਮ ਵਿਚਲੀਆਂ ਕੁਰੀਤੀਆਂ, ਕਰਮਕਾਂਡਾਂ ਤੇ ਰੀਤੀ ਰਿਵਾਜਾਂ ਦਾ ਖੰਡਨ ਕਰਕੇ ਇੱਕ ਨਵਾਂ ਰਸਤਾ ਦਿੱਤਾ, ਜੋ ਸੱਚੇ ਅਰਥਾਂ ਵਿਚ ਸੁਧਾਰ ਦਾ ਰਸਤਾ ਸੀ। ਹਿੰਦੂਆਂ ਦੀ ਜਾਤ, ਵਰਣ-ਵਿਵਸਥਾ ਦੇ ਸਤਾਏ ਹੋਏ ਲੋਕਾਂ ਨੇ ਧੜਾਧੜ ਸਿੱਖ-ਧਰਮ ਅਪਣਾ ਲਿਆ। ਵਿਸ਼ੇਸ ਤੌਰ 'ਤੇ ਦੱਬੀਆਂ ਕੁਚਲੀਆਂ ਤੇ ਲਿਤਾੜੀਆਂ ਕੌਮਾਂ ਨੂੰ ਸਿੱਖ ਧਰਮ ਚੰਗਾ ਲੱਗਾ ਜਿਸ ਵਿਚ ਉਨ੍ਹਾਂ ਨੂੰ ਬਰਾਬਰੀ ਦਾ ਅਧਿਕਾਰ ਮਿਲਦਾ ਮਹਿਸੂਸ ਹੋਇਆ। ਪਰ ਗੁਰੂ ਨਾਨਕ ਨੇ ਜਿੱਥੇ ਜਾਤ-ਪਾਤ ਤੇ ਭੇਦ-ਭਾਵ ਦਾ ਖੰਡਨ ਕੀਤਾ, ਉੱਥੇ ਉਨ੍ਹਾਂ ਨੇ ਬਾਹਰੀ ਭੇਖਾਂ ਦੇ ਪਾਖੰਡ ਤੋਂ ਵੀ ਦੂਰ ਰਹਿਣ ਲਈ ਕਿਹਾ ਸੀ ਪਰ ਹਾਲਾਤਾਂ ਨੇ ਸਿੱਖੀ ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਕਰਨ ਲਈ ਭੇਖ ਵੀ ਅਲੱਗ ਦੇ ਦਿੱਤਾ। ਇਸ ਭੇਖ ਦਾ ਵੀ ਭਾਵੇਂ ਇੱਕ ਇਤਿਹਾਸਕ ਕਾਰਣ ਸੀ ਪਰ ਹੌਲੀ-ਹੌਲੀ ਇਹ ਸਥਾਈ ਰੂਪ ਹੀ ਧਾਰਨ ਕਰ ਗਿਆ। ਮਨ ਦੀ ਸਿੱਖੀ ਦੀ ਥਾਂ 'ਤੇ ਤਨ ਦੀ ਸਿੱਖੀ ਦਾ ਜੋਰ ਵਧ ਗਿਆ। ਹੁਣ ਸਿੱਖ ਲੋਕ ਹਿੰਦੂਆਂ ਤੋਂ ਅਲੱਗ ਆਪਣਾ ਇੱਕ ਵੱਖਰਾ ਦੇਸ਼ ਬਣਾਉਣ ਦੀ ਕਲਪਣਾ ਕਰ ਚੁੱਕੇ ਹਨ ਅਤੇ ਇਸ ਨੂੰ ਸਾਕਾਰ ਕਰਨ ਲਈ ਕੋਸ਼ਿਸ਼ ਵੀ ਕਰ ਰਹੇ ਹਨ। ਕਿਹਾ ਜਾਂਦਾ ਹੈ ਕਿ ਇਸ ਦੇਸ਼ ਦਾ ਨਾਮ 'ਖਾਲਿਸਤਾਨ' ਹੋਵੇਗਾ।

ਆਓ! ਖਾਲਿਸਤਾਨ ਬਾਰੇ ਵੀ ਸੋਚੀਏ। ਇਹ ਕਿਹੋ ਜਿਹਾ ਹੋਵੇਗਾ? ਸਿੱਖ ਧਰਮ ਨੂੰ ਮੰਨਣ ਵਾਲੇ ਲੱਗਭੱਗ ਸਾਰੇ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਉਨ੍ਹਾਂ ਦਾ ਵੀ ਹਿੰਦੂਆਂ ਨਾਲੋਂ ਵੱਖਰਾ ਇੱਕ ਦੇਸ਼ ਹੋਵੇਗਾ ਜਿੱਥੇ ਉਹ ਆਪਣੇ ਹੱਕਾਂ ਅਤੇ ਧਰਮ ਜਾਂ ਸੱਭਿਆਚਾਰ ਦੀ ਰਾਖੀ ਕਰ ਸਕਣਗੇ। ਖਾਲਿਸਤਾਨ ਬਾਰੇ ਵੀ ਜੇਕਰ ਅਸੀਂ ਪਾਕਿਸਤਾਨ ਵਾਗ ਧਿਆਨ ਨਾਲ ਸੋਚੀਏ ਤਾਂ ਇਸਦਾ ਅਰਥ ਬਣਦਾ ਹੈ-ਖਾਲਸ ਲੋਕਾਂ ਦੇ ਰਹਿਣ ਦਾ ਸਥਾਨ। ਭਾਵ ਉਹ ਥਾਂ ਜਿਥੇ ਖਾਲਸੇ ਰਹਿਣਗੇ। ਖਾਲਸ ਦਾ ਅਰਥ ਹੈ-ਸ਼ੁੱਧ, ਸਵੱਛ, ਨਿਰਮਲ ਭਾਵ ਜਿਸ ਵਿਚ ਕਿਸੇ ਤਰ੍ਹਾਂ ਦੀ ਮਿਲਾਵਟ ਜਾਂ ਖੋਟ ਨਾ ਹੋਵੇ। ਸੋ ਖਾਲਿਸਤਾਨ ਦਾ ਅਰਥ ਹੈ-ਸ਼ੁੱਧ, ਸਾਫ਼, ਇਮਾਨਦਾਰ, ਨਿਰਛਲ ਤੇ ਪਰਉਪਕਾਰੀ ਲੋਕਾਂ ਦੇ ਰਹਿਣ ਦਾ ਸਥਾਨ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਖਾਲਿਸਤਾਨ ਸੱਚਮੁੱਚ ਹੀ ਇੱਕ ਅਜਿਹਾ ਸਥਾਨ ਹੋਵੇਗਾ, ਜਿੱਥੋਂ ਦੇ ਵਸਣ ਵਾਲੇ ਸਾਰੇ ਲੋਕ ਸੱਚ ਬੋਲਣ ਵਾਲੇ, ਇਮਾਨਦਾਰ, ਨੇਕ ਕਮਾਈ ਕਰਨ ਵਾਲੇ, ਸਭ ਨੂੰ ਪਿਆਰ ਕਰਨ ਵਾਲੇ, ਸਭ ਦਾ ਭਲਾ ਚਾਹੁਣ ਵਾਲੇ, ਸਭ ਨੂੰ ਬਰਾਬਰੀ ਦਾ ਦਰਜਾ ਦੇਣ ਵਾਲੇ, ਮਿਲਕੇ ਰਹਿਣ ਵਾਲੇ ਅਤੇ ਚੰਗੇ ਚਾਲ-ਚੱਲਣ ਵਾਲੇ ਹੋਣਗੇ। ਕਿਰਤ ਦੀ ਲੁੱਟ ਨਹੀਂ ਹੋਵੇਗੀ। ਸਭ ਲਈ ਬੁਨਿਆਦੀ ਜਰੂਰਤਾਂ ਦੀ ਪੂਰਤੀ ਹੋਵਗੀ। ਜੇਕਰ ਅਜਿਹਾ ਹੀ ਹੋਵੇਗਾ ਤਾਂ ਕੋਈ ਵੀ ਆਦਮੀ ਖਾਲਿਸਤਾਨ ਦੇ ਵਿਰੁੱਧ ਨਹੀਂ ਹੋਵੇਗਾ। ਜੇਕਰ ਕੋਈ ਦੇਸ਼ ਆਪਣੀ ਜਨਤਾ ਨੂੰ ਉੱਪਰ-ਲਿਖਤ ਸਾਰੀਆਂ ਸਹੂਲਤਾਂ ਦਿੰਦਾ ਹੈ ਤਾਂ ਉਸਦੀ ਜਨਤਾ ਕਦੇ ਵੀ ਉਸਦੀ ਵਿਰੋਧਤਾ ਨਹੀਂ ਕਰਦੀ ਸਗੋਂ ਪ੍ਰੋੜ੍ਹਤਾ ਕਰਦੀ ਹੈ। ਜੇਕਰ ਖਾਲਿਸਤਾਨ ਸੱਚਮੁੱਚ ਹੀ ਅਜਿਹਾ ਦੇਸ਼ ਹੋਵੇਗਾ ਤਾਂ ਦੁਨੀਆਂ ਦੇ ਸਾਰੇ ਹੀ ਲੋਕ ਅਜਿਹੇ ਦੇਸ਼ ਵਿਚ ਨਿਵਾਸ ਕਰਕੇ ਖੁਸ਼ ਹੋਣਗੇ ਅਤੇ ਉਨ੍ਹਾਂ ਨੂੰ ਇਸ ਗੱਲ ਉੱਤੇ ਇਤਰਾਜ ਨਹੀਂ ਹੋਵੇਗਾ ਕਿ ਉਨ੍ਹਾਂ ਦਾ ਧਰਮ ਅਲੱਗ ਹੈ। ਸਗੋਂ ਉਹ ਤਾਂ ਇਨ੍ਹਾ ਸਹੂਲਤਾਂ ਲਈ ਆਪਣੇ ਧਰਮਾਂ ਦਾ ਤਿਆਗ ਵੀ ਕਰ ਸਕਦੇ ਹਨ।

ਪਰ ਤਸਵੀਰ ਦਾ ਸਹੀ ਪਾਸਾ ਇਹ ਨਹੀਂ ਹੋਵੇਗਾ ਸਗੋਂ ਇਸਤੋਂ ਬਿਲਕੁਲ ਉਲਟ ਹੋਵੇਗਾ। ਜਿਵੇਂ ਪਾਕਿਸਤਾਨ ਸਹੀਂ ਅਰਥਾਂ ਵਿਚ 'ਪਾਕਿ-ਸਥਾਨ' ਨਹੀਂ ਬਣ ਸਕਿਆ ਉਸੇ ਤਰ੍ਹਾਂ ਖਾਲਿਸਤਾਨ ਵੀ ਸਹੀ ਅਰਥਾਂ ਵਿੱਚ ਖਾਲਸ-ਸਥਾਨ ਨਹੀਂ ਹੋਵੇਗਾ ਸਗੋਂ ਇਸਤੋਂ ਉਲਟ ਇਹ ਇੱਕ ਵਿਸ਼ੇਸ਼ ਫਿਰਕੇ ਜਾਂ ਧਰਮ ਦੇ ਲੋਕਾਂ ਦਾ ਦੇਸ਼ ਹੋਵੇਗਾ, ਜਿਸ ਵਿੱਚ ਨੈਤਿਕ-ਗੁਣਾਂ ਜਾਂ ਮਨ ਦੀ ਸਿੱਖੀ ਦੀ ਬਜਾਏ ਬਾਹਰੀ ਭੇਖਾਂ ਉੱਤੇ ਜ਼ੋਰ ਦਿੱਤਾ ਜਾਏਗਾ। ਵਿਅਕਤੀਗਤ ਆਜ਼ਾਦੀ ਖਤਮ ਹੋ ਜਾਵੇਗੀ। ਇਸ ਭੇਖ ਨੂੰ ਧਾਰਣ ਕਰਨਾ ਜ਼ਰੂਰੀ ਹੋਵੇਗਾ। ਜੋ ਇਸ ਭੇਖ ਨੂੰ ਧਾਰਣ ਨਹੀਂ ਕਰੇਗਾ ਉਸਨੂੰ ਇਸ ਦੇਸ਼ ਵਿਚ ਰਹਿਣ ਦੀ ਆਜ਼ਾਦੀ ਨਹੀਂ ਹੋਵੇਗੀ ਭਾਵੇਂ ਉਹ ਮਾਨਸਿਕ ਤੌਰ 'ਤੇ ਭੇਖੀ ਲੋਕਾਂ ਨਾਲੋਂ ਵੱਧ ਸੱਚਾ ਖਾਲਸਾ ਹੋਵੇ।

ਪਿਛਲੇ ਕੁੱਝ ਸਾਲਾਂ ਵਿਚ 'ਖਾਲਿਸਤਾਨ' ਦੇ ਨਾਹਰੇ ਹੇਠ ਕੁੱਝ ਅੱਤਵਾਦੀ ਜਥੇਬੰਦੀਆ ਵੱਲੋਂ ਸਿੱਖ ਧਰਮ ਨੂੰ ਔਰੰਗਜੇਬ ਵਾਂਗ ਜਬਰੀ ਥੋਪਣ ਦੇ ਜਤਨ ਕੀਤੇ ਗਏ। ਅੱਜ ਵੀ ਤਿੰਨ ਤਿੰਨ ਸਾਲ ਦੇ ਬੱਚਿਆਂ ਦੇ ਗਾਤਰੇ ਪੁਆ ਕੇ ਉਨ੍ਹਾਂ ਅਣਭੋਲਾਂ ਨੂੰ ਜਬਰਦਸਤੀ ਸਿੱਖ ਬਣਾਇਆ ਜਾ ਰਿਹਾ ਹੈ। ਕੀ ਇਸ ਤਰ੍ਹਾਂ ਕਰਨ ਨਾਲ ਸਿੱਖ ਧਰਮ ਦੀ ਤੌਹੀਨ ਨਹੀਂ ਹੋ ਰਹੀ? ਕੀ ਇਸ ਤਰ੍ਹਾਂ ਵੱਡੀ ਗਿਣਤੀ ਵਿਚ ਜਬਰਦਸਤੀ ਬਣਾਏ ਗਏ ਸਿੱਖ ਸਚਮੁੱਚ ਦੇ ਸਿੱਖ ਬਣ ਜਾਣਗੇ। ਸਿਰਫ ਬਾਹਰੀ ਭੇਖਾਂ ਨੂੰ ਧਾਰਣ ਕਰਨ ਨਾਲ ਨਾ ਤਾਂ ਕੋਈ ਸਿੱਖ ਬਣ ਸਕਦਾ ਹੈ ਅਤੇ ਨਾ ਹੀ ਖਾਲਸਾ। ਇਸਤੋਂ ਬਿਨਾਂ ਖਾਣ-ਪੀਣ, ਪਹਿਨਣ ਆਦਿ ਉੱਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਲੋਕਾਂ ਨੂੰ ਸਿੱਖ ਨਹੀਂ ਬਣਾ ਸਕਦੀਆਂ। ਇਹਨਾਂ ਪਾਬੰਦੀਆਂ ਨਾਲ ਸਿੱਖੀ ਨੂੰ ਢਾਹ ਲੱਗ ਰਹੀ ਹੈ। ਗੋਲੀ ਦੇ ਡਰ ਨਾਲ ਭਾਵੇਂ ਲੋਕ ਭੇਖੀ-ਸਿੱਖ ਤਾਂ ਬਣ ਜਾਣਗੇ ਪਰ ਉਹ ਖਾਲਸੇ ਕਦੇ ਨਹੀਂ ਬਣ ਸਕਦੇ। ਇਸਦਾ ਤਾਂ ਸਗੋਂ ਉਲਟਾ ਹੀ ਅਸਰ ਪਵੇਗਾ। ਇਸ ਤਰ੍ਹਾਂ ਅਨੇਕਾਂ ਪਾਖੰਡੀ ਲੋਕ ਇਸ ਧਰਮ ਵਿਚ ਪ੍ਰਵੇਸ਼ ਕਰ ਜਾਣਗੇ ਜੋ ਸਮਾਂ ਆਉਣ ਤੇ ਸਿੱਖ-ਧਰਮ ਦੀਆਂ ਜੜ੍ਹਾਂ ਕੱਟ ਦੇਣਗੇ। ਇਸਤੋਂ ਚੰਗੀ ਗੱਲ ਤਾਂ ਇਹੀ ਹੈ ਕਿ ਉਹ ਸਿੱਖ, ਜੋ ਆਪਣੀ ਇੱਛਾ ਨਾਲ ਸਿੱਖ ਬਣੇ ਹਨ, ਉਨ੍ਹਾਂ ਵਿੱਚ ਹੀ ਆਈਆਂ ਕੁਰੀਤੀਆਂ ਜਾਂ ਬੁਰਾਈਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਏ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਜੇਕਰ ਸਹੀਂ, ਅਰਥਾਂ ਵਿਚ 'ਖਾਲਿਸਤਾਨ' ਬਣਾਉਣਾ ਹੀ ਹੈ ਤਾਂ ਪੂਰੇ ਭਾਰਤ ਨੂੰ ਹੀ 'ਖਾਲਿਸਤਾਨ' ਬਣਾਉਣ ਦਾ ਯਤਨ ਕੀਤਾ ਜਾਏ, ਇਸਦੀ ਪ੍ਰੋੜ੍ਹਤਾ ਸਭ ਬੁੱਧੀਜੀਵੀ ਕਰਨਗੇ। ਭਾਰਤ ਵਿੱਚੋਂ ਉਨ੍ਹਾਂ ਲੋਕਾਂ ਨੂੰ ਹੀ ਸੋਧਿਆ ਜਾਵੇ ਜੋ ਭ੍ਰਿਸ਼ਟਾਚਾਰੀ, ਧੋਖੇਬਾਜ, ਪਾਖੰਡੀ, ਗਰੀਬਾਂ ਦਾ ਖੂਨ ਚੂਸਣ ਵਾਲੇ, ਉਨ੍ਹਾਂ ਦਾ ਹਰ ਤਰ੍ਹਾਂ ਦਾ ਸੋਸ਼ਣ ਕਰਨ ਵਾਲੇ, ਮਤਲਬ-ਪ੍ਰਸਤ, ਨਸ਼ੇਖੋਰ, ਦੋ ਨੰਬਰ ਦਾ ਧੰਦਾ ਕਰਨ ਵਾਲੇ ਹਨ, ਜੋ ਦੂਜਿਆਂ ਦੀ ਕਮਾਈ ਤੇ ਪਲ਼ਕੇ ਐਸ਼ ਕਰ ਰਹੇ ਹਨ। ਅਜਿਹੇ ਲੋਕ ਭਾਵੇਂ ਕਿਸੇ ਵੀ ਧਰਮ, ਜਾਤ-ਜਾਂ ਫਿਰਕੇ ਵਿੱਚੋਂ ਹੋਣ, ਉਨ੍ਹਾਂ ਨੂੰ ਸੋਧਣਾ (ਸੁਧਾਰਨਾ) ਜਰੂਰੀ ਹੈ। ਕਿਸੇ ਇੱਕ ਜਾਤ ਜਾਂ ਧਰਮ ਦੇ ਸਾਰੇ ਦੇ ਸਾਰੇ ਬੰਦੇ ਕਦੇ ਵੀ ਪੂਰੀ ਤਰ੍ਹਾਂ ਚੰਗੇ ਜਾਂ ਮਾੜੇ ਨਹੀਂ ਹੁੰਦੇ। ਸਗੋਂ ਅਜਿਹੇ ਬੰਦੇ ਸਭ ਧਰਮਾਂ ਅਤੇ ਜਾਤਾਂ ਵਿੱਚੋਂ ਮਿਲ ਸਕਦੇ ਹਨ। ਇਸ ਲਈ ਇਹ ਜਰੂਰੀ ਨਹੀਂ ਕਿ ਜੋ ਲੋਕ ਭੇਖੀ-ਸਿੱਖ ਬਣਕੇ ਆਪਣੇ ਆਪਨੂੰ ਖਾਲਸੇ ਸਮਝਦੇ ਹਨ, ਉਹ ਸੱਚੇ ਮਨੋਂ ਵੀ ਖਾਲਸੇ ਹੋਣ। ਸੋ ਖਾਲਿਸਤਾਨ ਉਹੀ ਬਣੇ, ਜੋ ਸੱਚੇ ਅਰਥਾਂ ਵਿਚ 'ਖਾਲਿਸਤਾਨ' ਹੋਵੇ।

(ਨੋਟ : ਇਹ ਲੇਖ 1987 ਵਿਚ ਲਿਖਿਆ ਗਿਆ ਸੀ)

# ਹੀਰੋਸੀਮਾ ਤੇ ਨਾਗਾਸਾਕੀ ਤੋਂ ਸਬਕ ਸਿੱਖੋ

– ਅਜਮੇਰ ਸਿੱਧੂ

ਭਾਰਤ ਦਾ ਨਕਸ਼ ਤੱਥਾਂ ਦੀ ਜ਼ੁਬਾਨੀ

1. ਭਾਰਤ ’ਚ 7 ਕਰੋੜ 50 ਲੱਖ ਬੱਚਿਆਂ ਨੂੰ ਲੋੜ ਅਨੁਸਾਰ ਭੋਜਨ ਨਹੀਂ ਮਿਲਦਾ।

2. ਭਾਰਤ ’ਚ 1 ਕਰੋੜ 61 ਲੱਖ ਤੋਂ ਵੱਧ ਲੋਕ ਸਰੀਰਕ ਤੌਰ ’ਤੇ ਲੂਲ੍ਹੇ ਲੰਗੜੇ ਹਨ। ਦੁਨੀਆਂ ਦੇ 60 ਪ੍ਰਤੀਸ਼ਤ ਪੋਲੀਓ ਦੇ ਕੇਸ ਭਾਰਤ ’ਚ ਹਨ। ਭਾਰਤ ’ਚ ਸ਼ੂਗਰ ਦੇ ਸਾਢੇ ਤਿੰਨ ਕਰੋੜ, 12 ਲੱਖ ਤੋਂ ਵੱਧ ਕੋਹੜ, 1 ਕਰੋੜ 50 ਲੱਖ ਟੀ. ਬੀ., ਦੁਨੀਆਂ ਦਾ 43 ਪ੍ਰਤੀਸ਼ਤ ਅੰਨ੍ਹੇ ਅਤੇ 9 ਕਰੋੜ 29 ਲੱਖ ਲੋਕ ਹਾਈ ਬਲੱਡ ਪ੍ਰੈਸ਼ਰ ਆਦਿ ਬਿਮਾਰੀਆਂ ਦੇ ਸ਼ਿਕਾਰ ਹਨ।

3. ਭਾਰਤ ’ਚ ਹਰ ਸਾਲ 15 ਲੱਖ ਬੱਚੇ ਦਸਤ ਨਾਲ ਮਰਦੇ ਹਨ। 70 ਪ੍ਰਤੀਸ਼ਤ ਬੱਚਿਆਂ ਦੇ ਪੇਟ ’ਚ ਕੀੜੇ ਹਨ। ਹਰ ਸਾਲ 20 ਲੱਖ ਬੱਚੇ ਜਨਮ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਦੁਨੀਆਂ ਵਿਚ ਸਭ ਤੋਂ ਵੱਧ ਦਿਲ ਦੇ ਅਟੈਕ ਨਾਲ ਭਾਰਤ ਵਿਚ ਮੌਤਾਂ ਹੁੰਦੀਆਂ ਹਨ। ਭਾਰਤ ’ਚ 40 ਲੱਖ ਲੋਕ ਐਚ. ਆਈ. ਵੀ. ਇਨਫੈਕਸ਼ਨ ਨਾਲ ਪ੍ਰਭਾਵਿਤ ਹਨ।

4. 1991 ਦੀ ਜਨ ਗਣਨਾ ਅਨੁਸਾਰ ਭਾਰਤ ਦੇ ਪਿੰਡਾਂ ਵਿਚ 70 ਪ੍ਰਤੀਸ਼ਤ ਲੋਕ ਝੁੱਗੀਆਂ ਜਾਂ ਕੱਚੇ ਮਕਾਨਾਂ ਵਿੱਚ ਰਹਿੰਦੇ ਹਨ। ਉੱਤਰੀ ਪੂਰਵੀ ਰਾਜਾਂ ਅਤੇ ਮੱਧ ਪ੍ਰਦੇਸ਼ ਵਿੱਚ ਅਜਿਹੇ ਲੋਕਾਂ ਦੀ ਗਿਣਤੀ 80 ਤੋਂ 90 ਪ੍ਰਤੀਸ਼ਤ ਹੈ। ਪਿੰਡਾਂ ਦੇ 45 ਪ੍ਰਤੀਸ਼ਤ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਨਹੀਂ ਮਿਲਦਾ। ਉੜੀਸਾ ਵਿੱਚ ਇਹ ਅੰਕੜਾ 65 ਪ੍ਰਤੀਸ਼ਤ ਹੈ। ਇਹ ਲੋਕ ਛੱਪੜਾਂ ਤੋਂ ਪਾਣੀ ਪੀਂਦੇ ਹਨ। ਪੂਰੇ ਭਾਰਤ ਵਿੱਚ 10,000 ਵਿਅਕਤੀਆਂ ਪਿੱਛੇ 7 ਬੈਂਡ ਹਸਪਤਾਲ ਹਨ। ਪਿੰਡਾਂ ਵਿੱਚ ਇੱਕ ਲੱਖ ਜਨਤਾ ਪਿੱਛੇ 4 ਬੈਂਡ ਹਸਪਤਾਲ ਹਨ। 1991 ਦੀ ਜਨ ਗਣਨਾ ਅਨੁਸਾਰ ਸ਼ਹਿਰੀ ਬਸਤੀਆਂ ਵਿੱਚ 21.4 ਪ੍ਰਤੀਸ਼ਤ ਲੋਕ ਝੁੱਗੀ ਝੌਂਪੜੀ ਵਿੱਚ ਰਹਿੰਦੇ ਹਨ।

5. ਯੂ. ਜੀ. ਸੀ. ਦੇ ਚੇਅਰਮੈਨ ਅਨੁਸਾਰ ਭਾਰਤ ਵਿੱਚ ਮੈਟ੍ਰਿਕ ਤੋਂ ਬਾਅਦ ਤਿੰਨ ਪ੍ਰਤੀਸ਼ਤ ਲੋਕ ਉੱਚ ਸਿਖਿਆ ਪ੍ਰਾਪਤ ਕਰਦੇ ਹਨ।

ਸ੍ਰੋਤ : ਮਜ਼ਦੂਰ ਏਕਤਾ ਲਹਿਰ (ਜੂਨ 15, 1998), ਪੰਜਾਬੀ ਟ੍ਰਿਬਿਊਨ, ਨਵਾਂ ਜ਼ਮਾਨਾ, ਦੇਸ਼ ਸੇਵਕ, ਯੂਨੀਸਫ਼ ਰਿਪੋਰਟ, ਲੋਕ ਦਸਤਾ, ਟਾਈਮਜ਼ ਆਫ਼ ਇੰਡੀਆ, ਸਟੇਟਮੈਨ, ਆਊਟ ਲੁੱਕ – ਦਸੰਬਰ 1995, ਦਿਸ਼ਾ, ਹਿਰਾਵਲ ਦਸਤਾ, ਮੁਕਤੀ ਮਾਰਗ, ਪਰਚਮ, ਜਨਸੱਤਾ ਆਦਿ।

ਉਪਰੋਕਤ ਤੱਥਾਂ ਤੋਂ ਭਾਰਤ ਦੀ ਤਸਵੀਰ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ। ਇੱਕ ਪਾਸੇ ਦੇਸ਼ ਦੀ ਇਹ ਹਾਲਤ ਹੈ। ਦੂਜੇ ਪਾਸੇ ਭਾਰਤ ਸਰਕਾਰ ਨੇ ਪ੍ਰਮਾਣੂ ਧਮਾਕੇ ਕਰਕੇ ਆਪਣੇ ਆਪ ਨੂੰ ਦੁਨੀਆਂ ਵਿਚ ‘ਸਰਵ–ਉੱਚ’ ਸਿੱਧ ਕਰਨ ਦਾ ਦਿਖਾਵਾ ਕੀਤਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ‘ਜੈ ਜਵਾਨ, ਜੈ ਕਿਸਾਨ, ਜੈ ਵਿਗਿਆਨ’ ਦਾ ਨਾਅਰਾ ਦਿੱਤਾ ਹੈ। ਭਾਰਤ ਦੇ ਸਿਆਣੇ ਲੋਕ ਇਨ੍ਹਾਂ ਨੂੰ ਨਾਅਰਿਆਂ ਨੂੰ ਸਮਝਦੇ ਹਨ। ਜਦੋਂ ਸਾਬਕਾ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ‘ਜੈ ਜਵਾਨ–ਜੈ ਕਿਸਾਨ’ ਦਾ ਨਾਅਰਾ ਲਾਇਆ ਸੀ। ਤਦ ਸਭ ਤੋਂ ਵੱਧ ਜਵਾਨਾਂ ਤੇ ਕਿਸਾਨਾਂ ਦਾ ਹੀ ਘਾਣ ਹੋਇਆ ਸੀ। ਪਿਛਲੇ ਪੰਦਰਾਂ ਸਾਲਾਂ ਵਿੱਚ ‘ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ’ ਦੇ ਨਾਂ ਹੇਠ ਸਰਕਾਰਾ ਲੋਕਾਂ ਦਾ ਘਾਣ ਕਰਦੀਆਂ ਰਹੀਆਂ ਹਨ। ਜਦੋਂ ਸਰਕਾਰ ਕੋਈ ਨਾਅਰਾ ਦਿੰਦੀ ਹੈ ਤਾਂ ਸਮਝ ਲਿਆ ਜਾਂਦਾ ਹੈ ਕਿ ਨਾਅਰੇ ਦੇ ਉਲਟ ਹੀ ਕੰਮ ਹੋਏਗਾ। ਹੁਣ ਪ੍ਰਧਾਨ ਮੰਤਰੀ ਨੇ ‘ਜੈ ਵਿਗਿਆਨ’ ਦਾ ਨਾਅਰਾ ਦਿੱਤਾ ਹੈ। ਸਮਝ ਲਿਆ ਜਾਵੇ ਕਿ ਸਭ ਕੁੱਝ ਗੈਰ–ਵਿਗਿਆਨਕ ਕੰਮ ਹੀ ਹੋਣਗੇ। ਜਾਂ ਵਿਗਿਆਨ ਦਾ ਨਾਂ ਵਰਤ ਕੇ ਲੋਕਾਂ ਵਿੱਚ ਦਹਿਸ਼ਤ ਤੇ ਭੈਅ ਦਾ ਮਾਹੌਲ ਸਿਰਜਿਆ ਜਾਵੇਗਾ।

ਭਾਰਤ ਸਰਕਾਰ ਵੱਲੋਂ ਪੋਖਰਨ ਵਿੱਚ 11 ਅਤੇ 13 ਮਈ ਨੂੰ ਪੰਜ ਪ੍ਰਮਾਣੂ ਧਮਾਕੇ ਕੀਤੇ। ਇਸਦੇ ਵਿਰੋਧ ਵਜੋਂ ਪਾਕਿਸਤਾਨ ਸਰਕਾਰ ਨੇ ਛੇ ਪ੍ਰਮਾਣੂ ਧਮਾਕੇ ਕੀਤੇ। ਇਨ੍ਹਾਂ ਧਮਾਕਿਆਂ ਤੋਂ ਪਹਿਲਾਂ ਦੇਸ਼ ਦੀ ਰੱਖਿਆ ਮੰਤਰੀ ਜ਼ਾਰਜ ਫਰਨਾਂਡੇਜ਼ ਨੇ ਚੀਨ ਤੇ ਪਾਕਿਸਤਾਨ ਦੇਸ਼ਾਂ ਦੇ ਬਾਰੇ ਜਿਹੜੇ ਬਿਆਨ ਦਿੱਤੇ। ਅਸਲ ਵਿੱਚ ਸਥਿਤੀ ਉਦੋਂ ਹੀ ਸਪੱਸ਼ਟ ਹੋ ਗਈ ਸੀ ਤਾਕਤ ਦੇ ਇਤਿਹਾਸ ਵਿੱਚ ਅਜਿਹਾ ਪਹਿਲਾਂ ਰੱਖਿਆ ਮੰਤਰੀ ਹੈ ਜਿਸਨੂੰ ਗੁਆਂਢੀ ਦੇਸ਼ਾਂ ਬਾਰੇ ਬਿਆਨ ਵੀ ਨਹੀਂ ਆ ਰਹੇ ਸਨ ਉਦੋਂ ਇੱਕ 10 ਸਾਲ ਦੀ ਬੱਚੀ ਨਾਲ ਮੇਰੀ ਗੱਲ ਹੋਈ। ਉਹਨੇ ਜਿਹੜਾ ਰੱਖਿਆ ਮੰਤਰੀ ਬਾਰੇ ਸ਼ਬਦ ਕਹੇ। ਮੈਂ ਸੁਣ ਕੇ ਹੈਰਾਨ ਰਹਿ ਗਿਆ। ਉਹਨੇ ਕਿਹਾ ਕਿ ਇਹ ਤਾਂ ਬਚਕਾਨਾ ਗੱਲਾਂ ਕਰਦਾ ਏ। ਉਹਦੇ ਕਹਿਣ ਦਾ ਭਾਵ ਸੀ ਕਿ ਇਹ ਤਾਂ ਬੱਚਿਆਂ ਨਾਲੋਂ ਵੀ ਗਿਆ ਗੁਜ਼ਰਿਆ ਹੈ।

ਹੁਣ ਭਾਰਤ ਤੇ ਪਾਕਿਸਤਾਨ ਵੱਲੋਂ ਜਿਹੜੇ ਧਮਾਕੇ ਕੀਤੇ ਗਏ ਹਨ। ਇਹ ਇੱਕ ਨਿੰਦਣਯੋਗ ਕਾਰਵਾਈ ਹੈ। ਇਨ੍ਹਾਂ ਧਮਾਕਿਆਂ ਦੇ ਨਾਲ ਦਹਿਸ਼ਤ ਵਾਲਾ ਮਾਹੌਲ ਬਣਿਆ ਹੈ। ਲੋਕ ਤਾਂ ਅਜੇ ਸੰਤਾਲੀ ਦੀ ਵੰਡ ਨੂੰ ਨਹੀਂ ਭੁੱਲੇ। ਉਦੋਂ ਵੀ ਇਨ੍ਹਾਂ ਹੀ ਧਾਰਮਿਕ ਤੇ ਰਾਜਨਤਿਕ ਆਗੂਆਂ ਨੇ ਅਜਿਹਾ ਮਾਹੌਲ ਸਿਰਜਿਆ ਸੀ ਕਿ ਲੋਕ ਇੱਕ ਦੂਜੇ ਦੇ ਜਾਨ ਦੇ ਦੁਸ਼ਮਣ ਬਣ ਗਏ ਸਨ। ਭਾਰਤ ਸਰਕਾਰ ਨੇ ਪਹਿਲ ਕਦਮੀ ਕਰਕੇ ਲੋਕਾਂ ਨੂੰ ਜੰਗ ਦੀ ਭੱਠੀ ਵਿੱਚ ਝੋਕਣ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਇਹਦੇ ਪਿੱਛੇ ਸਰਕਾਰ ਦੀ ਥਿਊਰੀ ਲੋਕਾਂ ਦੇ ਮਸਲਿਆਂ ਵੱਲੋਂ ਧਿਆਨ ਹਟਾ ਕੇ ਆਪਣੀ ਗੱਦੀ ਬਚਾਉਣ ਦੀ ਹੈ। ਪਰ ਇਹ ਲੋਕ ਆਪਣੀ ਗੱਦੀ ਨੂੰ ਬਚਾਉਂਦੇ–ਬਚਾਉਂਦੇ ਦੇਸ਼ ਦੀ ਬਰਬਾਦੀ ਕਰਨਾ ਚਾਹੁੰਦੇ ਹਨ।

ਜਦੋਂ ਪੋਖਰਨ ਵਿੱਚ ਪ੍ਰਮਾਣੂ ਧਮਾਕੇ ਹੋਏ ਤਾਂ ਸਰਕਾਰ ਵੱਲੋਂ ਨੈਸ਼ਨੈਲਟੀ (ਕੌਮੀਅਤ) ਦਾ ਬੜਾ ਰੌਲਾ ਪਾਇਆ ਗਿਆ। ਅਸੀਂ ਸਮਝਦੇ ਹਾਂ ਜਿਹੜੇ ਲੋਕ ਮਾਨਵਤਾ ਨਾਲ ਇਸ਼ਕ ਨਹੀਂ ਕਰ ਸਕਦੇ, ਉਹ ਆਪਣੇ ਦੇਸ਼ ਜਾਂ ਆਪਣੇ ਲੋਕਾਂ ਨਾਲ ਵੀ ਪਿਆਰ ਨਹੀਂ ਕਰ ਸਕਦੇ। ਕੌਮੀਅਤ ਦਾ ਮਹਿਜ਼ ਇੱਕ ਰੌਲਾ ਹੈ। ਜਿਵੇਂ ਉੱਪਰ ਲਿਖਿਆ ਗਿਆ ਹੈ ਕਿ ਦੇਸ਼ ਦੀ ਏਕਤਾ ਅਖੰਡਤਾ ਨੂੰ ਕੋਈ ਖਤਰਾ ਨਹੀਂ ਹੈ। ਹਾਂ, ਹੁਣ ਇਹ ਸਰਕਾਰ ਜ਼ਰੂਰ ਖ਼ਤਰਾ ਪੈਦਾ ਕਰੇਗੀ। ਜਿਹੜੀਆਂ ਸਰਕਾਰਾਂ ਇੱਕ ਧਰਮ, ਇੱਕ ਸਭਿਆਚਾਰ ਅਤੇ ਇੱਕ ਭਾਸ਼ਾ ਦਾ ਰੌਲਾ ਪਾਉਂਦੀਆਂ ਹਨ, ਉਨ੍ਹਾਂ ਤੋਂ ਘੱਟ ਗਿਣਤੀਆਂ ਨੂੰ ਹਮੇਸ਼ਾ ਖਤਰਾ ਹੀ ਰਹਿੰਦਾ ਹੈ। ਦੋਨੋਂ ਸਰਕਾਰਾਂ ਧਰਮ ਆਧਾਰਿਤ ਹਨ। ਧਰਮ ਦੇ ਨਾਂ ’ਤੇ ਬਣੀਆਂ ਪਾਰਟੀਆਂ ਕਦੇ ਵੀ ਮਨੁੱਖਤਾ ਨੂੰ ਪਹਿਲ ਨਹੀਂ ਦਿੰਦੀਆਂ ਸਗੋਂ ਆਪਣੇ ਧਰਮ ਨੂੰ ਸਰਵ–ਉੱਚ ਦਿਖਾਉਣ ਲਈ ਹੀ ਪ੍ਰਾਪੇਗੰਡੇ ਕਰਦੀਆਂ ਹਨ। ਅਜਿਹੀਆਂ ਕਾਰਵਾਈਆਂ ਲੋਕ ਵਿਰੋਧੀ ਹਨ। ਮਨੁੱਖਤਾ ਦੇ ਕਤਲੇਆਮ ਲਈ ਜ਼ੁੰਮੇਵਾਰ ਹਨ। ਭਾਵੇਂ ਇਹ ਕਾਰਵਾਈ ਭਾਰਤ ਸਰਕਾਰ ਦੀ ਹੈ ਤੇ ਚਾਹੇ ਪਾਕਿਸਤਾਨ ਸਰਕਾਰ ਦੀ। ਕੌਮੀਅਤ ਦੇ ਨਾਂ ਦੇ ਉੱਤੇ ਲੋਕਾਂ ਦੀਆਂ ਜਾਨਾਂ ਨਾਲ ਖਿਲਵਾੜ ਨਹੀਂ ਕਰਨਾ ਚਾਹੀਦਾ। ਦੂਸਰੇ ਸੰਸਾਰ ਯੁੱਧ ਸਮੇਂ ਅਮਰੀਕਾ ਵੱਲੋਂ ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਉੱਤੇ ਐਟਮੀ ਬੰਬਾਂ ਨਾਲ ਹਮਲਾ ਕੀਤਾ ਗਿਆ ਸੀ। ਇਹ ਦੋਨੋਂ ਸ਼ਹਿਰ ਬਿਲਕੁਲ ਉੱਜੜ ਗਏ ਸਨ। ਅੱਜ ਵੀ ਉੱਥੇ ਅਪੰਗ ਬੱਚੇ ਜੰਮਦੇ ਹਨ। ਘਾਹ ਤੱਕ ਉੱਗਦਾ ਨਹੀਂ ਹੈ। ਇਹ ਇੱਕ ਵਿਨਾਸ਼ ਦੀ ਕਹਾਣੀ ਹੈ। ਏਨੇ ਸਾਲਾਂ ਬਾਅਦ ਵੀ ਐਟਮੀ ਕਿਰਨਾਂ ਦਾ ਜੀਵਾਂ ਅਤੇ ਬਨਸਪਤੀ ’ਤੇ ਪ੍ਰਭਾਵ ਹੈ। ਜੇ ਇਹੀ ਹਾਲ ਕਿਤੇ ਭਾਰਤ ਜਾਂ ਪਾਕਿਸਤਾਨ ਦਾ ਹੋਇਆ ਫੇਰ ਕੀ ਬਣੇਗਾ। ਇਹ ਇੱਕ ਗਲਤ ਫਹਿਮੀ ਹੈ ਕਿ ਕੋਈ ਦੇਸ਼ ਬਚ ਜਾਏਗਾ। ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਾਲ ਕੁੱਝ ਨਹੀਂ ਬਚਣਾ। ਸਾਨੂੰ ਹੀਰੋਸ਼ੀਮਾ ਤੇ ਨਾਗਾਸਾਕੀ ਦੀ ਹਾਲਤ ਨੂੰ ਮੁੱਖ ਰੱਖਦੇ ਹੋਏ ਸਰਕਾਰਾਂ ਦੀਆਂ ਅਜਿਹੀਆਂ ਕਾਰਵਾਈਆਂ ਦੀ ਨਿੰਦਾ ਕਰਨੀ ਚਾਹੀਦੀ ਹੈ। ਕੋਈ ਵੀ ਉਹ ਸਟੈੱਪ ਲੈ ਲੈਣਾ ਚਾਹੀਦਾ ਹੈ ਜਿਸਦੇ ਨਾਲ ਇਸਨੂੰ ਰੋਕਿਆ ਜਾ ਸਕੇ।

ਜਿਹੜੀ ਸਰਕਾਰ ਆਪਣੀ ਜਨਤਾ ਨੂੰ ਰੋਜ਼ੀ ਰੋਟੀ ਨਹੀਂ ਦੇ ਸਕਦੀ। ਜੀਵਾਣੂ ਸੁਰੱਖਿਆ ਨਹੀਂ ਦੇ ਸਕਦੀ। ਸਗੋਂ ਇਸਦੇ ਉਲਟ ਕਰੋੜਾਂ ਰੁਪਈਆ ਉਨ੍ਹਾਂ ਜਾਨਲੇਵਾ ਹਥਿਆਰਾਂ ’ਤੇ ਖਰਚ ਦੇਵੇ ਜਿਹੜੇ ਮਨੁੱਖ ਲਈ ਘਾਤਕ ਹਨ ਅਜਿਹੀ ਸਰਕਾਰ ਨੂੰ ਰਾਜ ਕਰਨ ਦਾ ਕੋਈ ਹੱਕ ਨਹੀਂ ਹੈ। ਇਹੀ ਰੁਪਈਆ ਲੋਕਾਂ ਦੀਆਂ ਜਿਊਣ ਹਾਲਤਾਂ ਸੁਧਾਰਨ ਲਈ ਖਰਚ ਕੀਤਾ ਜਾ ਸਕਦਾ ਹੈ। ਲੋਕਾਂ ਨੂੰ ਅਜਿਹੇ ਯੁੱਧ ਤੋਂ ਬਚਣਾ ਚਾਹੀਦਾ ਹੈ ਜਿਹੜਾ ਮਨੁੱਖਤਾ ਦੇ ਭਲੇ ਲਈ ਨਾ ਹੋਵੇ। ਪੰਜਾਬੀ ਦਾ ਪ੍ਰਸਿੱਧ ਸ਼ਾਇਰ ਪਾਸ਼ ਤੀਜਾ ਮਹਾਂਯੁੱਧ ਲੜਨ ਦੀ ਗੱਲ ਕਰਦਾ ਹੈ। ਉਹਦੇ ਵੱਲ ਧਿਆਨ ਦੇਣਾ ਚਾਹੀਦਾ ਹੈ।

ਤੀਸਰਾ ਮਹਾਂਯੁੱਧ ਗੋਹੇ ਨਾਲ ਲਿੱਪੇ
ਕੋਠਿਆਂ ਦੀ ਸਾਦਗੀ ਲੜੂ
ਬਣੇ ਸੰਵਰੇ ਜ਼ੁਲਮ ਦੇ ਚਿਹਰੇ ਉੱਤੇ ਲਿਸ਼ਕਦੀ
ਨਜ਼ਾਕਤ ਦੇ ਖਿਲਾਫ਼,
ਧਰਤੀ ਨੂੰ ਕੈਦ ਕਰਨਾ ਚਾਹੁੰਦੇ
ਚਾਬੀ ਦੇ ਛੱਲੇ ਖਿਲਾਫ਼
ਤੀਸਰਾ ਮਹਾਂਯੁੱਧ
ਕਦੇ ਵੀ ਨਾ ਖੁੱਲ੍ਹਣ ਵਾਲੀ ਮੁੱਠ ਦੇ ਖਿਲਾਫ਼
ਲੜਿਆ ਜਾਏਗਾ।– ਪਾਸ਼

# ਮੈਡੀਕਲ ਸਾਇੰਸਜ਼

ਸੁਖਮੰਦਰ ਸਿੰਘ ਤੂਰ

### * ਵਧੇਰੇ ਪਾਣੀ ਪੀਣ ਨਾਲ ਘੱਟਦਾ ਹੈ, ਮਸਾਨੇ ਦਾ ਕੈਂਸਰ ਦਾ ਖ਼ਤਰਾ

ਜ਼ਿਆਦਾ ਪਾਣੀ ਪੀਣ ਵਾਲਿਆਂ ਦੇ ਲਈ ਹਿੱਕ ਖੁਸ਼ਖ਼ਬਰੀ ਹੈ ਕਿ ਉਹ ਕਈ ਰੋਗਾਂ ਤੋਂ ਦੂਰ ਰਹਿੰਦੇ ਹਨ, ਮੁੱਖ ਤੌਰ 'ਤੇ ਮਸਾਨੇ ਦੇ ਕੈਂਸਰ ਤੋਂ, ਕਿਉਂਕਿ ਰੋਜ਼ ਘੱਟੋ-ਘੱਟ 8 ਤੋਂ 10 ਗਿਲਾਸ ਤੋਂ ਘੱਟ ਪਾਣੀ ਪੀਣ ਵਾਲਿਆਂ ਦੇ ਮੁਕਾਬਲੇ ਅੱਧਾ ਹੈ। ਸੰਸਾਰ ਭਰ ਵਿੱਚ ਲੱਗਭਗ ਹਰ ਸਾਲ ਤਿੰਨ ਲੱਖ ਤੋਂ ਉੱਪਰ ਲੋਕ ਮਸਾਨੇ ਦੇ ਕੈਂਸਰ ਤੋਂ ਪ੍ਰਭਾਵਿਤ ਹੁੰਦੇ ਹਨ। ਅਸਲ ਵਿੱਚ ਇਹ ਕੈਂਸਰ ਔਰਤਾਂ ਦੇ ਮੁਕਾਬਲੇ ਪੁਰਸ਼ਾਂ ਨੂੰ ਚਾਰ ਗੁਣਾ ਜ਼ਿਆਦਾ ਹੁੰਦਾ ਹੈ। ਇਸ ਲਈ ਵਧੇਰੇ ਤਰਲ ਪਦਾਰਥ ਖਾਸ ਕਰਕੇ ਪਾਣੀ ਪੀਣ ਨਾਲ ਪੈਪਿਲਰੀ ਅਤੇ ਪੋਲੈਟ ਟ੍ਰਾਂਜਿਸ਼ਨਲ ਕਾਰਸਿਨੋਮਸ ਨਾਮਕ ਦੋ ਤਰ੍ਹਾਂ ਦੇ ਮਸਾਨੇ ਦੇ ਕੈਂਸਰ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਅਸਲ ਵਿੱਚ ਖੋਜ ਕਰਤਾਵਾਂ ਨੇ ਮੰਨਿਆ ਹੈ ਕਿ ਜ਼ਿਆਦਾ ਤਰਲ ਪੀਣ ਨਾਲ ਪਿਸ਼ਾਬ ਪਤਲਾ ਹੋ ਜਾਂਦਾ ਹੈ ਅਤੇ ਵਾਰ-ਵਾਰ ਪਿਸ਼ਾਬ ਤਿਆਗਣਾ ਪੈਂਦਾ ਇਸ ਕਰਕੇ ਮਸਾਨੇ ਦੀ ਸਤ੍ਹਾ ਪਿਸ਼ਾਬ ਵਿੱਚ ਕੈਂਸਰ ਉਤਪੰਨ ਕਰਨ ਵਾਲੇ ਪਦਾਰਥਾਂ ਤੋਂ ਘੱਟ ਪ੍ਰਭਾਵਿਤ ਹੁੰਦੀ ਹੈ।

### * ਥੋੜ੍ਹੀ ਸ਼ਰਾਬ ਪੀਣੀ ਮਿਹਦੇ ਲਈ ਫਾਇਦੇਮੰਦ

ਥੋੜ੍ਹੀ ਸ਼ਰਾਬ ਪੀਣੀ ਨੁਕਸਾਨਦੇਹ ਨਹੀਂ, ਸਗੋਂ ਮਿਹਦੇ ਲਈ



ਫਾਇਦੇਮੰਦ ਹੁੰਦੀ ਹੈ। ਇਹ ਸਿੱਟਾ ਚੂਹਿਆਂ ਉੱਪਰ ਹੁਣੇ ਜਿਹੇ ਕੀਤੇ ਗਏ ਤਜ਼ਰਬਿਆਂ ਦੇ ਆਧਾਰ 'ਤੇ ਕੱਢਿਆ ਹੈ। ਕੈਨੇਡਾ ਦੀ ਮੈਨੀਟੋਬਾ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਗੋਰਾਲਿਡ ਮੇਨੁਕ ਲੇ ਵੱਲੋਂ ਤਿਆਰ ਕੀਤੇ ਗਏ ਪੇਪਰ ਅਨੁਸਾਰ ਦਿਨ ਵਿੱਚ ਇੱਕ ਤੋਂ ਦੋ ਪੈੱਗ ਪੀਣੇ ਮਿਹਦੇ ਲਈ ਲਾਭਕਾਰੀ ਹਨ। ਉਨ੍ਹਾਂ ਇਹ ਪੇਪਰ ਮਿਹਦੇ ਦੀਆਂ ਬਿਮਾਰੀਆਂ ਸਬੰਧੀ ਪੜਚੋਲ ਲਈ ਬਣੀ ਅਮਰੀਕਨ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ ਵਿੱਚ ਪੜ੍ਹਨ ਲਈ ਤਿਆਰ ਕੀਤਾ ਹੈ। ਉਨ੍ਹਾਂ ਇਸ ਪੇਪਰ ਵਿੱਚ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਚੂਹਿਆਂ ਉੱਪਰ ਕੀਤੇ ਗਏ ਤਜ਼ਰਬਿਆਂ ਦੇ ਸਿੱਟੇ ਨੂੰ ਬਗੈਰ ਪਰਖੇ ਮਨੁੱਖਾਂ ਉੱਪਰ ਲਾਗੂ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਹ ਮਿਹਦਾ ਰੋਗਾਂ ਦੇ ਮਾਹਿਰ ਹੋਣ ਦੇ ਨਾਤੇ ਨਹੀਂ ਚਾਹੁੰਦੇ ਕਿ ਲੋਕ ਅਲਕੋਹਲ ਦੀ ਵਰਤੋਂ ਸ਼ੁਰੂ ਕਰਕੇ ਆਪਣੀ ਸਿਹਤ ਦਾ ਭੱਠਾ ਬਿਠਾ ਲੈਣ। ਉਨ੍ਹਾਂ ਇਸ ਲੱਭਤ ਦਾ ਇਸ ਲਈ ਜ਼ਿਕਰ ਕੀਤਾ ਹੈ ਕਿ ਲੋਕਾਂ ਨੂੰ ਇਹ ਦੱਸਿਆ ਜਾ ਸਕੇ ਕਿ ਥੋੜ੍ਹੀ ਸ਼ਰਾਬ ਦੇ ਪੀਣ ਨਾਲ ਮਿਹਦੇ ਵਿੱਚ ਕੋਈ ਵੱਡੀ ਖ਼ਰਾਬੀ ਨਹੀਂ ਆਉਂਦੀ।

### * ਇਨਫੈਕਸ਼ਨ ਤੋਂ ਬਚਾਉਣ ਵਾਲੇ ਐਂਜ਼ਾਇਮ ਦਾ ਪਤਾ ਲੱਗਾ

ਖੋਜੀਆਂ ਨੇ ਸ਼ਰੀਰ 'ਚ ਇਨਫੈਕਸ਼ਨ ਦੇ ਖਿਲਾਫ਼ ਲੜਣ ਵਾਲੇ ਇੱਕ ਐਂਜ਼ਾਇਮ ਬਾਰੇ ਜਾਣਕਾਰੀ ਹਾਸਲ ਕੀਤੀ ਹੈ। ਇਸ ਖੋਜ ਦੇ ਨਤੀਜੇ ਕਾਰਨ ਪ੍ਰੋਸਟੇਟ ਕੈਂਸਰ ਅਤੇ ਮੋਟਾਪੇ ਖਿਲਾਫ਼ ਨੀਤੀ ਤਿਆਰ ਕਰਨ ਵਿੱਚ ਵੀ ਮੱਦਦ ਮਿਲੇਗੀ। ਪ੍ਰਿੰਸਟਨ ਯੂਨੀਵਰਸਿਟੀ ਦੇ ਖੋਜੀਆਂ ਨੇ ਆਰਨੇਸ-ਐੱਲ ਨਾਂ ਦੇ ਇਸ ਐਂਜ਼ਾਇਮ ਦੀ ਇੱਕ ਥ੍ਰੀ-ਡੀ ਰਚਨਾ ਦੀ ਤਿਆਰ ਕਰ ਲਈ ਹੈ। ਇਸ ਨਾਲ ਕਿਸੇ ਵਾਇਰਸ ਦੇ ਤੱਤਾਂ ਬਾਰੇ ਜਾਣਕਾਰੀ ਹਾਸਲ ਕਰਨ ਵਿੱਚ ਮੱਦਦ ਮਿਲੇਗੀ। ਮਨੁੱਖੀ ਸਰੀਰ 'ਚ ਮੌਜੂਦ ਇਹ ਐਂਜ਼ਾਇਮ ਰੱਖਿਆ ਪ੍ਰਣਾਲੀ ਦੇ ਪ੍ਰਤੀ ਸਭ ਤੋਂ ਪਹਿਲਾਂ ਪ੍ਰਤੀਕਿਰਿਆ ਦਿੰਦਾ ਹੈ। ਵਿਗਿਆਨੀਆਂ ਨੂੰ ਇਸ ਐਂਜ਼ਾਇਮ ਬਾਰੇ ਹਾਲੇ ਪੂਰੀ ਜਾਣਕਾਰੀ ਹਾਸਲ ਨਹੀਂ ਹੋਈ।

### * ਸਰਦੀ ਜ਼ੁਕਾਮ ਵਾਂਗ ਫੈਲ ਸਕਦਾ ਹੈ ਵਾਈ-ਫਾਈ ਵਾਇਰਸ

ਖੋਜੀਆਂ ਨੇ ਪਹਿਲੀ ਵਾਰ ਦਰਸਾਇਆ ਹੈ ਕਿ ਵਾਈ-ਫਾਈ ਨੈੱਟਵਰਕ ਹਵਾ ਰਾਹੀਂ ਫ਼ੈਲੇ ਵਾਇਰਸ ਕਾਰਨ ਪ੍ਰਭਾਵ ਪਾ ਸਕਦਾ ਹੈ। ਇਹ ਵਾਇਰਸ ਸੰਘਣੀ ਆਬਾਦੀ ਵਾਲੇ ਇਲਾਕਿਆਂ 'ਚ ਓਨੀ ਹੀ ਤੇਜ਼ੀ ਨਾਲ ਫੈਲਦਾ ਹੈ, ਜਿੰਨਾ ਕਿ ਮਨੁੱਖ 'ਚ ਸਰਦੀ ਜ਼ੁਕਾਮ। ਯੂਨੀਵਰਸਿਟੀ ਆਫ਼



ਲਿਵਰਪੂਲ ਦੇ ਖੋਜੀਆਂ ਨੇ ਇਸ ਵਾਇਰਸ ਦੇ ਨਕਲੀ ਹਮਲੇ ਦਾ ਡਿਜ਼ਾਇਨ ਵੀ ਬਣਾ ਲਿਆ ਹੈ। ਵਿਗਿਆਨੀਆਂ ਨੇ ਇਸ ਵਾਇਰਸ ਨੂੰ 'ਚਮੇਲੀਆ' ਦਾ ਨਾਂ ਦਿੱਤਾ ਹੈ। ਖੋਜੀਆਂ ਨੇ ਦੱਸਿਆ ਹੈ ਕਿ ਇਹ ਵਾਇਰਸ ਨਾ ਸਿਰਫ਼ ਘਰਾਂ ਤੇ ਵਪਾਰਕ ਥਾਵਾਂ 'ਚ ਤੇਜ਼ੀ ਨਾਲ ਫੈਲਦਾ ਹੈ, ਸਗੋਂ ਆਪਣੀ ਪਛਾਣ ਤੇ ਬਚਾਅ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਯੂਨੀਵਰਸਿਟੀ ਦੇ ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਇਲੈਕਟ੍ਰਿਕਲ ਇੰਜੀਨੀਅਰਿੰਗ ਐਂਡ ਇਲੈਕਟ੍ਰੋਨਿਕਸ ਦੇ ਖੋਜੀਆਂ ਨੇ ਦੱਸਿਆ ਹੈ ਕਿ ਇਹ ਵਾਇਰਸ 10-15 ਮੀਟਰ ਘੇਰੇ ਵਿੱਚ ਫੈਲਦਾ ਹੈ।

### * ਕੈਂਸਰ ਤੋਂ ਨਹੀਂ ਬਚਾਅ ਸਕਦੇ ਐਂਟੀਆਕਸੀਡੈਂਟ

ਆਮ ਧਾਰਨਾ ਹੈ ਕਿ ਐਂਟੀ ਆਕਸੀਡੈਂਟ ਡੀ. ਐਨ. ਏ. ਤੋਂ ਹੋਣ ਵਾਲੇ ਨੁਕਸਾਨ ਨੂੰ ਰੋਕਦੇ ਹਨ, ਪਰ ਉਮੇਗਾ-6 ਫੈਟੀ ਐਸਿਡ ਦੇ ਮਾਮਲੇ 'ਚ ਆਕਸੀਡੈਂਟਸ ਕੈਂਸਰ ਨੂੰ ਹੁਲਾਰਾ ਦਿੰਦੇ ਹਨ। ਜਾਨਵਰਾਂ 'ਤੇ ਕੀਤੀ ਖੋਜ ਮੁਤਾਬਕ ਵਿਟਾਮਿਨ-ਈ ਉਮੇਗਾ-6 ਫੈਟੀ ਐਸਿਡ ਨਾਲ ਜੁੜੇ ਨੁਕਸਾਨ ਨੂੰ ਲਾਭ ਪਹੁੰਚਾਉਂਦੇ ਹਨ। ਵਿਗਿਆਨੀਆਂ ਨੇ ਕਿਹਾ ਹੈ ਕਿ ਵਿਟਾਮਿਨ ਈ ਨੇ ਇਕ ਤਰ੍ਹਾਂ ਦੇ


**ਸੂਚਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ 400/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



ਰਸਾਇਣ ਨੂੰ ਡੀ. ਐਨ. ਏ. ਨਾਲ ਜੋੜਨ ਵਾਲੀ ਬਣਤਰ 'ਐਡਕਟ' ਦੇ ਨਿਰਮਾਣ ਨੂੰ ਹੱਲਾਸ਼ੇਰੀ ਦਿੱਤੀ ਹੈ। ਦੂਸਰੇ ਪਾਸੇ ਓਮੇਗਾ-6 ਤਹਿਤ ਗ੍ਰੀਨ-ਟੀ ਪੋਲੀਫਿਨੋਲ ਐਂਟੀਆਕਸਾਈਡ ਦੇ ਸਿਹਤ 'ਤੇ ਚੰਗੇ ਪ੍ਰਭਾਵ ਪੈਂਦੇ ਹਨ। ਪਾਲਕ ਅਤੇ ਬਰੋਕਲੀ 'ਚ ਪਾਏ ਜਾਣ ਵਾਲੇ ਤੀਸਰੀ ਤਰ੍ਹਾਂ ਦੇ ਐਂਟੀਆਕਸਾਈਡ ਅਲਫ਼ਾ ਲਿਪੋਇਕ ਐਸਿਡ 'ਚ ਕੈਂਸਰ ਵਾਲੇ ਤੱਤ ਪਾਏ ਜਾਂਦੇ ਹਨ। ਆਨਕਲੋਜੀ ਦੇ ਪ੍ਰੋਫ਼ੈਸਰ ਡਾ. ਫੁੰਗ ਲੁੰਕ ਚੁੰਗ ਨੇ ਦੱਸਿਆ ਹੈ ਕਿ ਅਸੀਂ ਜਾਨਣਾ ਚਾਹੁੰਦੇ ਹਾਂ ਕਿ ਓਮੇਗਾ-6 ਫੈਟੀ ਐਸਿਡ ਕਿਸ ਤਰ੍ਹਾਂ ਜਿਗਰ ਦੇ ਕੈਂਸਰ ਨੂੰ ਹੁਲਾਰਾ ਦਿੰਦੇ ਹਨ।

*** ਮਾਊਥਵਾਸ਼ ਦਾ ਵਧੇਰੇ ਉਪਯੋਗ ਮੂੰਹ-ਗਲੇ ਦੇ ਕੈਂਸਰ ਦੇ ਖ਼ਤਰੇ ਨੂੰ ਵਧਾ ਸਕਦੈ**



ਸਮੇਂ ਸਿਰ ਦੰਦਾਂ ਦੀ ਜਾਂਚ ਨਾ ਕਰਾਏ ਜਾਣ 'ਤੇ ਮੂੰਹ ਅਤੇ ਗਲੇ ਦੇ ਕੈਂਸਰ ਦਾ ਖ਼ਤਰਾ ਵਧ ਸਕਦਾ ਹੈ। ਇਕ ਨਵੇਂ ਅਧਿਐਨ ਵਿੱਚ ਇਹ ਪਤਾ ਲੱਗਾ ਹੈ ਕਿ ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ ਨੇ ਪਾਇਆ ਹੈ ਕਿ ਮਾਊਥਵਾਸ਼ ਦਾ ਵਧੇਰੇ ਇਸਤੇਮਾਲ ਵੀ ਕੈਂਸਰ ਦੇ ਖ਼ਤਰੇ ਨੂੰ ਵਧਾ ਦਿੰਦਾ ਹੈ। ਮੂੰਹ ਅਤੇ ਗਲੇ ਦੇ ਕੈਂਸਰ ਲਈ ਸਿਗਰਟ ਦਾ ਸੇਵਨ, ਜ਼ਿਆਦਾ ਸ਼ਰਾਬ ਪੀਣਾ ਅਤੇ ਗਰੀਬੀ ਨੂੰ ਮੁੱਖ ਕਾਰਨ ਮੰਨਣਾ ਇੱਕ ਸਥਾਪਤ ਧਾਰਨਾ ਹੈ। ਯੂਰਪ ਦੇ ਕੋਈ 9 ਦੇਸ਼ਾਂ ਵਿੱਚ 1962 ਕੈਂਸਰ ਰੋਗੀਆਂ 'ਤੇ ਇਹ ਅਧਿਐਨ ਕੀਤਾ ਗਿਆ ਸੀ। ਇਸ ਅਧਿਐਨ ਨੂੰ ਜਰਮਨੀ ਦੇ ਬ੍ਰੇਮੇਨ ਵਿੱਚ ਲੀਬਨੀਜ਼ ਇੰਸੀਚਿਊਟ ਫ਼ਾਰ ਪ੍ਰਵੇਸ਼ਨ ਰਿਸਰਚ ਐਂਡ ਏਪੀਡੋ ਮੋਲੋਜੀ ਵਿਭਾਗ ਨੇ ਕੀਤਾ ਅਤੇ ਇਸ ਵਿੱਚ ਗਲਾਸਗੋ ਯੂਨੀਵਰਸਿਟੀ ਦੇ ਡੈਂਟਲ ਸਕੂਲ ਦੇ ਖੋਜੀ ਵੀ ਸ਼ਾਮਲ ਹਨ। ਖੋਜੀਆਂ ਦਾ ਇਹ ਵੀ ਕਹਿਣਾ ਹੈ ਕਿ ਮੂੰਹ ਵਿੱਚ ਭਾਵੇਂ ਦੰਦ ਨਾ ਹੋਣ ਤਾਂ ਵੀ ਮੂੰਹ ਦੀ ਜਾਂਚ ਨਿਯਮਿਤ ਰੂਪ ਵਿੱਚ ਕਰਵਾਉਣੀ ਚਾਹੀਦੀ ਹੈ।

*** ਅੰਨ੍ਹੇਪਣ ਤੋਂ ਬਚਾਅ ਸਕਦਾ ਹੈ ਦਿਮਾਗ਼ੀ ਤਰਲ ਦਾ ਵਧੇਰੇ ਦਬਾਅ**



ਵਿਗਿਆਨੀਆਂ ਨੇ ਆਪਣੀ ਇਕ ਮਹੱਤਵਪੂਰਨ ਖੋਜ ਰਾਹੀਂ ਪਤਾ ਲਗਾਇਆ ਹੈ ਕਿ ਦਿਮਾਗ਼ ਦੇ ਚਾਰੇ ਪਾਸੇ ਮੌਜੂਦ ਤਰਲ ਪਦਾਰਥ ਦਾ ਦਬਾਅ ਅੱਖਾਂ ਦੇ ਠੀਕ ਢੰਗ ਨਾਲ ਕੰਮ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਖੋਜ ਨਾਲ ਗਲੂਕੋਮਾ ਦੀ ਨਵੇਂ ਤਰੀਕੇ ਨਾਲ ਇਲਾਜ ਕੀਤੇ ਜਾਣ 'ਚ ਮੱਦਦ ਮਿਲ ਸਕਦੀ ਹੈ। ਗਲੂਕੋਮਾ ਦੁਨੀਆਂ ਭਰ 'ਚ ਅੰਨ੍ਹੇਪਣ ਦਾ ਦੂਸਰਾ ਮੁੱਖ ਕਾਰਨ ਹੈ। ਚੂਹੇ ਦੇ ਮਾਡਲ ਦੀ ਵਰਤੋਂ ਕਰਦੇ ਹੋਏ ਖੋਜਕਰਤਾਵਾਂ ਨੇ ਪਾਇਆ ਕਿ ਦਿਮਾਗ਼ ਦੇ ਚਾਰੇ ਮੌਜੂਦ ਤਰਲ ਪਦਾਰਥ ਦਾ ਦਬਾਅ ਵਧਣ ਨਾਲ ਅੱਖਾਂ 'ਚ ਵਧੇ ਦਬਾਅ ਤੋਂ ਬਚਿਆ ਜਾ ਸਕਦਾ ਹੈ। ਇਸ ਨਾਲ ਹੀ ਨਜ਼ਰ ਸਬੰਧੀ ਨਸਾਂ ਨੂੰ ਪਿੱਛੇ ਮੁੜਨ ਤੋਂ ਬਚਾਇਆ ਜਾ ਸਕਦਾ ਹੈ। ਅਧਿਐਨ 'ਚ ਪਾਇਆ ਗਿਆ ਕਿ ਜਿਹੜੇ ਚੂਹਿਆਂ ਦੇ ਦਿਮਾਗ਼ 'ਚ ਤਰਲ ਪਦਾਰਥ ਦਾ ਵਧੇਰੇ ਦਬਾਅ ਸੀ, ਉਹ ਘੱਟ ਦਬਾਅ ਵਾਲੇ ਚੂਹਿਆਂ ਦੀ ਤੁਲਨਾ 'ਚ ਰੌਸ਼ਨੀ ਪ੍ਰਤੀ ਬਿਹਤਰ ਢੰਗ ਨਾਲ ਪ੍ਰਤੀਕਿਰਿਆ ਦੇ ਰਹੇ ਸਨ।



*** ...ਤੇ ਅੰਤ ਵਿੱਚ**

ਇੱਕ ਸਮਾਰਟ ਫ਼ੋਨ ਐਪਲੀਕੇਸ਼ਨ (ਐਪ), ਜੋ ਸਿਰਫ਼ ਆਵਾਜ਼ ਸੁਣ ਕੇ ਮੂਡ ਦਾ ਅੰਦਾਜ਼ਾ ਲਗਾ ਸਕੇ ਤਾਂ ਜੋ ਕਿਸੇ ਵਿਅਕਤੀ ਦੇ ਮੂਡ ਦੇ ਹਿਸਾਬ ਨਾਲ ਉਸ ਨਾਲ ਗੱਲ ਕਰ ਸਕੇ। ਹਾਂ ਇੱਕ ਅਜਿਹਾ ਹੀ 'ਐਪ' ਯੂਨੀਵਰਸਿਟੀ ਆਫ਼ ਮਿਸ਼ੀਗਨ ਦੇ ਖੋਜਕਾਰਾਂ ਨੇ ਤਿਆਰ ਕੀਤਾ ਹੈ, ਜੋ ਫ਼ੋਨ 'ਤੇ ਰੋਜ਼ਾਨਾ ਦੀ ਗੱਲਬਾਤ ਜ਼ਰੀਏ ਕਿਸੇ ਵਿਅਕਤੀ ਦੇ ਮੂਡ ਦਾ ਪਤਾ ਲਗਾ ਸਕੇਗਾ। ਪ੍ਰਮੁੱਖ ਖੋਜਕਰਤਾ ਡਾ. ਜਹੀ ਕਰਮ ਨੇ ਕਿਹਾ ਕਿ ਅਸੀਂ ਇਸ 'ਐਪ' ਦਾ ਨਾਂ ਪ੍ਰਯੋਗੀ ਰੱਖਿਆ ਹੈ। ਆਪਣੇ ਮੂਡ 'ਤੇ ਕੰਟਰੋਲ ਰੱਖਣ ਵਾਲੇ ਲੋਕਾਂ ਲਈ ਇਹ 'ਐਪ' ਬਹੁਤ ਮਹੱਤਵਪੂਰਨ ਹੋ ਸਕਦਾ ਹੈ। ਇਹ ਐਪਲੀਕੇਸ਼ਨ ਐਂਡਰਾਇਡ ਫ਼ੋਨ 'ਚ ਕੰਮ ਕਰੇਗੀ ਤੇ ਕਿਸੇ ਵੀ ਫ਼ੋਨ ਕਾਲ ਦੌਰਾਨ ਇਹ ਸਾਹਮਣੇ ਵਾਲੇ ਮੂਡ ਦਾ ਅੰਦਾਜ਼ਾ ਲਗਾ ਲਵੇਗੀ। ਇਹ 'ਐਪ' ਵਿਸ਼ੇਸ਼ ਤੌਰ 'ਤੇ ਬਾਈਪੋਲਰ ਡਿਸਆਰਡਰ ਦੇ ਮਰੀਜ਼ਾਂ ਲਈ ਤਿਆਰ ਕੀਤੀ ਗਈ ਹੈ ਤਾਂ ਜੋ ਉਹਨਾਂ ਨੂੰ ਆਪਣੇ ਮੂਡ 'ਤੇ ਕੰਟਰੋਲ ਰੱਖਣ 'ਚ ਮੱਦਦ ਮਿਲ ਸਕੇ।

ਪਤਾ : ਪਿੰਡ/ਡਾਕ : ਖੋਸਾ ਪਾਂਡੋ, (ਮੋਗਾ) - 142048


# ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।

# ਹਾਂ-ਪੱਖੀ ਸੋਚ



ਕਈ ਲੋਕਾਂ ਨੂੰ ਲੱਗਦਾ ਹੈ ਕਿ ਉਹਨਾਂ ਦੇ ਕੰਮਾਂ ਵੱਲ ਕੋਈ ਧਿਆਨ ਨਹੀਂ ਦਿੰਦਾ ਮਿਸਾਲ ਲਈ, ਕਾਮੇ ਅਕਸਰ ਇਹ ਸ਼ਕਾਇਤ ਕਰਦੇ ਹਨ ਕਿ ਉਹਨਾਂ ਦੇ ਮਾਲਕ ਉਹਨਾਂ ਦੀ ਸ਼ਲਾਘਾ ਨਹੀਂ ਕਰਦੇ। ਬਹੁਤ ਸਾਰੇ ਵਿਆਹੇ ਜੋੜੇ ਕਹਿੰਦੇ ਹਨ ਕਿ ਉਹਨਾਂ ਦੇ ਸਾਥੀ ਉਹਨਾਂ ਦੀ ਕਦਰ ਨਹੀਂ ਕਰਦੇ ਅਤੇ ਕੁੱਝ ਬੱਚੇ ਸੋਚਦੇ ਹਨ ਕਿ ਉਹ ਆਪਣੇ ਮਾਪਿਆਂ ਦੀਆਂ ਉਮੀਦਾਂ 'ਤੇ ਪੂਰੇ ਨਹੀਂ ਉਤਰਨਗੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇ ਅਸੀਂ ਸਮੇਂ ਸਮੇਂ 'ਤੇ ਦੂਸਰਿਆਂ ਦੀ ਤਾਰੀਫ ਕਰੀਏ, ਤਾਂ ਉਹ ਇਸ ਤਰ੍ਹਾਂ ਮਹਿਸੂਸ ਨਹੀਂ ਕਰਨਗੇ।

ਅੱਜ ਦੁਨੀਆਂ ਵਿੱਚ ਬਹੁਤ ਘੱਟ ਲੋਕ ਦੂਸਰਿਆਂ ਦੀ ਦਿਲੋਂ ਤਾਰੀਫ ਕਰਦੇ ਹਨ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿਉਂਕਿ ਸਾਡੇ 'ਚੋਂ ਬਹੁਤ ਸਾਰੇ ਲੋਕ ਸੁਆਰਥੀ, ਨਾਂਸ਼ੁਕਰੇ ਅਤੇ ਵਿਸ਼ਵਾਸ਼ਘਾਤੀ ਹਨ। ਇਤਿਹਾਸ ਐਹੋ ਜਿਹੀਆ ਮਿਸਾਲਾਂ ਨਾਲ ਭਰਿਆ ਪਿਆ ਹੈ। ਅਗਰ ਉਹਨਾਂ ਵਿਸ਼ਵਾਸ਼ਘਾਤੀਆਂ ਨੇ ਆਪਣੀਆਂ ਕਰਤੂਤਾਂ ਨਾ ਕੀਤੀਆਂ ਹੁੰਦੀਆਂ ਤਾਂ ਸਾਨੂੰ 1857 ਵਿੱਚ ਆਜ਼ਾਦੀ ਮਿਲ ਜਾਣੀ ਸੀ। ਟੀਪੂ ਸੁਲਤਾਨ ਦਾ ਰਾਜ ਨਾ ਖੁਸਦਾ ਅਤੇ ਰਣਜੀਤ ਸਿੰਘ ਦਾ ਰਾਜ ਕਾਫੀ ਦੇਰ ਕਾਇਮ ਰਹਿੰਦਾ। ਇਤਿਹਾਸ ਵਿੱਚੋਂ ਹੋਰ ਵੀ ਕਈ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਸ਼ਾਇਦ ਇਸੇ ਕਰਕੇ ਕਿਹਾ ਜਾਂਦਾ ਹੈ ਕਿ: "ਘਰ ਦਾ ਭੇਤੀ ਲੰਕਾਂ ਢਾਹੇ।"

ਬਾਪੂ ਦੇ ਤਿੰਨ ਬਾਂਦਰ : ਬੁਰਾ ਨਾ ਦੇਖੋ, ਬੁਰਾ ਨਾ ਸੁਣੋ ਅਤੇ ਬੁਰਾ ਨਾ ਬੋਲੋ ਵੀ ਇਹ ਗੱਲ ਹੀ ਕਹਿੰਦੇ ਹਨ ਕਿ ਸਾਨੂੰ ਦੂਜਿਆ ਦੇ ਚੰਗੇ ਗੁਣਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਉਹਨਾਂ ਦੀਆਂ ਪ੍ਰਾਪਤੀਆਂ ਅਤੇ ਕੰਮਾਂ ਦੀ ਤਾਰੀਫ ਕਰਨੀ ਚਾਹੀਦੀ ਹੈ। ਸ਼ਾਇਦ ਇਸੇ ਕਰਕੇ ਕਹਿੰਦੇ ਹਨ ਕਿ ਜੇਕਰ ਅਸੀਂ ਕਿਸੇ ਵੱਲ ਇੱਕ ਉਂਗਲੀ ਕਰਦੇ ਹਾਂ ਤਾਂ ਬਾਕੀ ਦੀਆਂ ਉਂਗਲਾਂ ਸਾਡੇ ਵੱਲ ਇਸ਼ਾਰਾ ਕਰਦੀਆਂ ਹਨ। ਪੰਜਾਬੀ ਦੀ ਕਹਾਵਤ 'ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨਾ' ਵੀ ਇਸੇ ਗੱਲ ਦੀ ਤਰਜ਼ਮਾਨੀ ਕਰਦੀ ਹੈ। ਸਾਨੂੰ ਉਸ ਇਨਸਾਨ ਵਰਗਾ ਹੋਣਾ ਚਾਹੀਦਾ ਹੈ ਜੋ ਧੀਰਜ ਨਾਲ ਪੱਥਰਾਂ ਦੇ ਢੇਰ ਵਿੱਚੋਂ ਕੀਮਤੀ ਹੀਰਿਆਂ ਨੂੰ ਤਲਾਸ਼ਦਾ ਹੈ। ਜਦੋਂ ਖੋਦਣ ਵਾਲੇ ਨੂੰ ਹੀਰਾ ਮਿਲ ਜਾਂਦਾ ਹੈ ਤਾਂ ਉਹ ਬੜਾ ਖੁਸ਼ ਹੁੰਦਾ ਹੈ। ਇਹ ਅਣਘੜ ਹੀਰਾ ਪਹਿਲਾਂ ਪਹਿਲਾਂ ਕੀਮਤੀ ਨਜ਼ਰ ਨਹੀਂ ਆਉਂਦਾ, ਪਰ ਖੋਦਣ ਵਾਲਾ ਇਸ ਦੀ ਕੀਮਤ ਪਛਾਣ ਸਕਦਾ ਹੈ। ਸਾਨੂੰ ਵੀ ਹੋਰਾਂ ਦੀਆਂ ਗਲਤੀਆਂ ਨਹੀਂ, ਸਗੋਂ ਚੰਗੇ ਗੁਣਾ ਦੀ ਭਾਲ ਕਰਨੀ ਚਾਹੀਦੀ ਹੈ, ਇਹਦੇ ਨਾਲ ਸਾਡਾ ਬਾਂਗ ਬਾਗ ਹੋਵੇਗਾ। ਉਹਦੀ ਤਾਰੀਫ ਕਰਨ ਨਾਲ, ਉਹ ਆਪਣੇ ਆਪ ਨੂੰ ਹੋਰ ਸੰਵਾਰੇਗਾ ਅਤੇ ਅਸੀਂ ਵੀ ਉਹਦੀਆਂ ਨਜ਼ਰਾਂ ਵਿੱਚ ਇੱਕ ਚੰਗੀ ਥਾਂ ਬਣਾ ਲਵਾਂਗੇ। ਕਿਸੇ ਆਪਣੇ ਕਾਮੇ ਦੀ ਤਾਰੀਫ ਕਰਕੇ ਦੇਖੋ, ਉਹ ਕੰਮ ਵੀ ਜ਼ਿਆਦਾ ਚੰਗੀ ਤਰ੍ਹਾਂ ਕਰੇਗਾ ਅਤੇ ਤੁਹਾਡਾ ਵਫਾਦਾਰ ਵੀ ਬਣ ਜਾਵੇਗਾ। ਇਸ ਤੋਂ ਬਿਨਾਂ ਮੁਫਤੋਂ ਮੁਫਤੀ ਹੋਰਾਂ ਕੋਲ ਵਧੀਆਂ ਨੁਮਾਇਸ਼ ਵੀ ਲਾਵੇਗਾ। ਸਾਡੇ ਤਾਰੀਫ ਨਾਲ ਤਾਲੋ ਤਾਲ ਲਫਜ਼ ਦੂਸਰੇ ਇਨਾਸਾਨ ਨੂੰ ਤਾਜ਼ਗੀ ਨਾਲ ਭਰ ਦੇਣਗੇ ਅਤੇ ਉਹ ਸਦਾ ਕੋਸ਼ਿਸ਼ ਕਰੇਗਾ ਕਿ ਆਪਣੇ ਆਪ ਨੂੰ ਤੁਹਾਡੀਆਂ ਨਜ਼ਰਾਂ ਤੋਂ ਗਿਰਾ ਨਾ ਲਵੇ। ਇਸ ਕਰਕੇ ਜ਼ਰੂਰੀ ਹੈ ਕਿ ਜੋ ਕਿਸੇ ਦਾ ਹੱਕ ਬਣਦਾ ਹੈ, ਉਹ ਉਹਨੂੰ ਜ਼ਰੂਰ ਦਿੱਤਾ ਜਾਵੇ, ਚੰਗੇ ਬੋਲਾਂ ਦੀ ਕਲਾਂ ਰੰਜਸੀ ਕਿਉਂ ਕੀਤੀ ਜਾਵੇ। ਅੱਜ ਦੀ ਨਾਸ਼ੁਕਰੀ ਦੁਨੀਆਂ ਵਿੱਚ ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਡੀ ਕਦਰ ਕੀਤੀ ਜਾਵੇ ਅਤੇ ਸਾਡੇ ਨਾਲ ਪਿਆਰ ਕੀਤਾ ਜਾਵੇ। ਵੈਸੇ ਵੀ ਸਾਰੇ ਇਨਸਾਨਾਂ ਦੀਆਂ ਕੁੱਝ ਬੁਨਿਆਦੀ ਜ਼ਰੂਰਤਾਂ ਹਨ ਜਿਵੇਂ, ਪਿਆਰ, ਕਦਰ ਕਰਨੀ, ਸੁਰੱਖਿਅਤਾ, ਧਿਆਨ ਨਾਲ ਗੱਲ ਸੁਣਨੀ ਆਦਿ ਅਤੇ ਇਹਨਾਂ ਵਿਚੋਂ ਜਦ ਕੁੱਝ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਅਸੀਂ ਡਾਵਾਂਡੋਲ ਹੋ ਜਾਂਦੇ ਹਾਂ। ਉਹਦਾ ਆਪਾ ਪੂਰਾ ਕਰਨ ਲਈ ਆਸੇ-ਪਾਸੇ ਹੱਥ ਮਾਰਦੇ ਹਾਂ ਜਦੋਂ ਅਸੀਂ ਕਿਸੇ ਦੀ ਤਾਰੀਫ ਕਰਦੇ ਹਾਂ ਤਾਂ ਉਹਦਾ ਹੌਸਲਾ ਵੱਧਦਾ ਹੈ ਅਤੇ ਉਹਨੂੰ ਹੱਲਾਸ਼ੇਰੀ ਮਿਲਦੀ ਹੈ ਅਤੇ ਸਹੀ ਕੰਮ ਕਰਦੇ ਰਹਿਣ ਦੀ ਪ੍ਰੇਰਣਾ ਮਿਲਦੀ ਹੈ। ਮਨੋਬਲ ਉੱਚਾ ਹੁੰਦਾ ਹੈ ਅਤੇ ਢਹਿੰਦੀਆਂ ਗੱਲਾਂ ਤੋਂ ਅਸੀਂ ਦੂਰ ਚਲੇ ਜਾਂਦੇ ਹਾਂ ਜੇਕਰ ਅਸੀਂ ਦੂਜਿਆਂ ਦੇ ਕੰਮਾਂ ਵਿੱਚ ਦਿਲਚਸਪੀ ਲਈਏ ਅਤੇ ਉਹਨਾਂ ਦੇ ਚੰਗੇ ਗੁਣ ਦੇਖੀਏ ਅਤੇ ਉਹਨਾਂ ਦੀ ਸ਼ਲਾਘਾ ਕਰੀਏ ਤਾਂ ਦੁਨੀਆਂ ਦਾ ਰੁੱਖ ਹੀ ਬਦਲ ਜਾਵੇਗਾ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਨਾਮਵਰ ਪੰਜਾਬੀ ਦਾਰਸ਼ਨਿਕ ਟੀ. ਆਰ. ਸ਼ਰਮਾ ਪਟਿਆਲਾ ਲਿਖਦੇ ਹਨ ਕਿ: ਇੱਕ ਦਿਨ ਸ਼ੇਖ ਸਾਅਦੀ ਦੁਪਿਹਰ ਵੇਲੇ ਬਲਦੀ ਧੁੱਪ ਵਿੱਚ ਨੰਗੇ ਪੈਰ ਸੜਕ ਉੱਤੇ ਤੁਰਿਆ ਜਾ ਰਿਹਾ ਸੀ। ਸੂਰਜ ਦੀਆਂ ਸਿੱਧੀਆਂ ਪੈ ਰਹੀਆਂ ਕਿਰਨਾਂ ਉਪਰੋਂ ਸਿਰ ਨੂੰ ਸਾੜ ਰਹੀਆਂ ਸਨ ਤੇ ਥੱਲੇ ਗਰਮ ਪਈ ਰੇਤਾ ਪੈਰਾਂ ਨੂੰ ਭੁੰਨ ਰਹੀ ਸੀ। ਸ਼ੇਖ ਸਾਅਦੀ ਆਪਣੀ ਕਿਸਮਤ ਨੂੰ ਕੋਸ ਰਿਹਾ ਸੀ ਕਿ ਉਸ ਕੋਲ ਜੁੱਤੀ ਲੈਣ ਜੋਗੇ ਵੀ ਪੈਸੇ ਨਹੀਂ ਹਨ। ਤੁਰੇ ਜਾਂਦੇ ਸਾਅਦੀ ਦੀ ਨਿਗ੍ਹਾ ਇੱਕ ਲੂਲ੍ਹੇ 'ਤੇ ਪਈ ਜਿਸ ਦੀਆਂ ਦੋਨੋਂ ਲੱਤਾ ਬੇਕਾਰ ਹੋ ਚੁੱਕੀਆਂ ਸਨ ਅਤੇ ਉਹ ਤੁਰਨ ਤੋਂ ਵੀ ਅਸਮਰਥ ਸੀ। ਇਹ ਦੇਖਕੇ ਸਾਅਦੀ ਸੋਚਣ ਲੱਗਾ ਕਿ ਉਹਦੇ ਕੋਲ ਘੱਟੋ ਘੱਟ ਤੁਰਨ ਲਈ ਲੱਤਾਂ ਅਤੇ ਪੈਰ ਤਾਂ ਹਨ। ਇਸ ਕਹਾਣੀ ਵਿੱਚ ਬੜੀ ਗਹਿਰੀ ਫਿਲਾਸਫੀ ਹੈ, ਜੋ ਇਨਸਾਨ ਨੂੰ ਸੰਤੋਖ ਦਿੰਦੀ ਹੈ, ਵਰਨਾ ਉਹ ਆਪਣੇ ਆਪ ਨੂੰ ਬਦਨਸੀਬ ਕਹਿ ਕਹਿ ਕੇ ਦੁੱਖੀ ਹੁੰਦਾ ਰਹਿੰਦਾ ਹੈ। ਜੇ ਤੁਸੀਂ ਮਾੜਾ ਮੋਟਾ ਵੀ ਪੜ੍ਹਨਾ ਲਿਖਣਾ ਜਾਣਦੇ ਹੋ ਤਾਂ ਤੁਸੀਂ 30 ਕਰੋੜ ਹਿੰਦੁਸਤਾਨੀਆਂ ਨਾਲੋਂ ਚੰਗੇ ਹੋ, ਜੋ ਬਿਲਕੁੱਲ ਹੀ ਨਿਰਅੱਖਰ ਹਨ। ਜੇ ਤੁਹਾਡੇ ਕੋਲ ਛੋਟਾ-ਮੋਟਾ ਵੀ ਕੋਈ ਰੁਜ਼ਗਾਰ ਹੈ ਤਾਂ ਤੁਸੀਂ 35 ਕਰੋੜ ਇਨਸਾਨਾਂ ਤੋਂ ਬਹਿਤਰ ਸਥਿਤੀ ਵਿੱਚ ਹੋ ਜੋ ਦਿਹਾੜੀਆਂ ਦੀ ਭਾਲ ਵਿੱਚ ਮਾਰੇ ਮਾਰੇ ਫਿਰਦੇ ਹਨ। ਜੇ ਤੁਹਾਨੂੰ ਖੂਹ, ਹੈਂਡਪੰਪ ਜਾਂ ਟੂਟੀ ਦਾ ਪਾਣੀ ਪੀਣ ਨੂੰ ਮਿਲਦਾ ਹੈ ਤਾਂ ਤੁਸੀਂ ਇੱਕ ਕਰੋੜ ਹਿੰਦੁਸਤਾਨੀ ਪਰਿਵਾਰਾਂ ਨਾਲੋਂ ਚੰਗੇ ਹੋ, ਜਿਹੜੇ ਮੁਸਾਫਰ ਖਾਨਿਆਂ, ਬੱਸ ਅੱਡਿਆਂ ਜਾਂ ਸੜਕ ਕਿਨਾਰੇ ਬਣੀਆਂ ਪਟੜੀਆਂ ਨੂੰ ਆਪਣਾ ਘਰ ਕਹਿੰਦੇ ਹਨ। ਜੇ ਤੁਹਾਡੀ ਸਿਹਤ ਚੰਗੀ ਹੈ ਤਾਂ ਤੁਸੀਂ ਉਨ੍ਹਾਂ 10 ਲੱਖ ਰੋਗੀਆਂ ਨਾਲੋਂ ਚੰਗੇ ਹੋ, ਜਿਨ੍ਹਾਂ ਨੇ ਹਫਤੇ ਦੇ ਅੰਦਰ ਅੰਦਰ ਦਮ ਤੋੜ ਦੇਣਾ।" ਸਿਹਤ ਦੇ ਸੁੱਖ ਬਾਰੇ ਜਤਿੰਦਰ ਸਿੰਘ ਕਰਮਯੋਗੀ ਲਿਖਦਾ ਹੈ ਕਿ: ਬੈਂਕਾਕ

ਵਿੱਚ ਮੈਂ ਉਸ ਆਦਮੀ ਨੂੰ ਮਿਲ ਚੁੱਕਾ ਹਾਂ, ਜਿਸ ਨੇ ਕਿਸੇ ਪੰਡਿਤ ਦੇ ਕਹਿਣ 'ਤੇ ਆਪਣਾ ਜੀਵਨ ਸੁਖੀ ਬਨਾਉਣ ਲਈ ਆਪਣੇ ਖੱਬੇ ਹੱਥ ਦੀਆਂ ਤਿੰਨ ਉਂਗਲਾਂ ਵਿੱਚ 17-17 ਲੱਖ ਦੇ ਨਗਾਂ ਵਾਲੀਆਂ ਤਿੰਨ ਮੁੰਦਰੀਆਂ ਪਹਿਨੀਆਂ ਹੋਈਆਂ ਸਨ। ਕਹਿੰਦੇ ਹਨ ਕਿ ਮਹਾਰਾਜਾ ਪਟਿਆਲਾ ਆਪਣੇ ਸੁੱਖ ਲਈ ਜਿਹੜੀ ਸ਼ਰਾਬ ਪੀਂਦਾ ਸੀ, ਉਸਦੇ ਇੱਕ ਪੈੱਗ ਦੀ ਕੀਮਤ ਲੱਗਭਗ 5000 ਰੁਪਏ ਹੁੰਦੀ ਸੀ।" ਦੂਜੇ ਪਾਸੇ ਦੀਵਾਨ ਜਰਮਨੀ ਦਾਸ ਨੇ ਆਪਣੀ ਕਿਤਾਬ, "ਮਹਾਰਾਜਾ" ਵਿੱਚ ਇਹਨਾਂ ਰਾਜਿਆਂ ਦੀਆਂ ਕਰਤੂਤਾਂ ਦੇ ਕੱਚੇ ਚਿੱਠੇ ਵੀ ਛਾਪੇ ਹਨ ਕਿ ਸਟੇਟ ਦੀ 85 ਪ੍ਰਤੀਸ਼ਤ ਦੌਲਤ ਇਹ ਆਪਣੀਆਂ ਅਯਾਸ਼ੀਆਂ 'ਤੇ ਬਰਬਾਦ ਕਰਦੇ ਸਨ। ਜੇਕਰ ਸਾਡੇ ਰਾਜੇ, ਮਹਾਰਾਜੇ ਐਹੋ ਜਿਹੀਆਂ ਕਰਤੂਤਾਂ ਕਰਦੇ ਸਨ ਤਾਂ ਇਹ ਉਹਨਾਂ ਦੀਆਂ ਸ਼ਖ਼ਸ਼ੀਅਤਾਂ ਦਾ ਸ਼ੀਸ਼ਾ ਹੈ ਜਦੋਂ ਕਿ ਆਮ ਲੋਕਾਈ ਕੋਲ ਮੁੱਢਲੀਆਂ ਸਹੂਲਤਾਂ ਵੀ ਨਹੀਂ ਸਨ। ਇਹ ਜਰੂਰੀ ਨਹੀਂ ਕਿ ਬਹੁਤੇ ਅਮੀਰ ਲੋਕਾਂ ਕੋਲ ਨਰੋਈ ਸਿਹਤ ਹੋਵੇ।

ਜਤਿੰਦਰ ਸਿੰਘ ਕਰਮਯੋਗੀ ਲਿਖਦਾ ਹੈ ਕਿ : ਤੁਸੀਂ ਧੰਨ ਦੌਲਤ ਨਾਲ ਵਿਦੇਸ਼ਾਂ ਤੋਂ ਆਰਕੀਟੈਕਟ ਮੰਗਵਾ ਕੇ ਇੱਕ ਵਿਸ਼ਾਲ ਕੋਠੀ ਬਣਵਾ ਸਕਦੇ ਹੋ, ਪਰ ਇਹ ਜ਼ਰੂਰੀ ਨਹੀਂ ਕਿ ਉਸ ਮਕਾਨ ਵਿੱਚ ਰਹਿੰਦਿਆਂ ਤੁਹਾਨੂੰ ਘਰ ਵਰਗਾ ਸੁੱਖ ਪ੍ਰਾਪਤ ਹੋਵੇ।

ਤੁਸੀਂ ਪੈਸੇ ਜਾਂ ਰੁਤਬੇ ਨਾਲ ਮਨਚਾਹੀ ਔਰਤ ਜਾਂ ਮਰਦ ਨਾਲ ਸ਼ਾਦੀ ਕਰ ਸਕਦੇ ਹੋ ਪਰ ਇਹ ਜ਼ਰੂਰੀ ਨਹੀਂ ਕਿ ਉਸ ਔਰਤ ਜਾਂ ਮਰਦ ਤੋਂ ਪੈਦਾ ਹੋਈ ਸੰਤਾਨ ਤੋਂ ਵੀ ਸੁੱਖ ਪ੍ਰਾਪਤ ਹੋ ਸਕੇ।

ਤੁਸੀਂ ਕੀਮਤੀ ਪਲੰਘ ਅਤੇ ਬਿਸਤਰਾਂ ਤਾਂ ਖ਼੍ਰੀਦ ਸਕਦੇ ਹੋ ਪਰ ਇਹ ਜ਼ਰੂਰੀ ਨਹੀਂ ਕਿ ਤੁਹਾਨੂੰ ਨੀਂਦ ਦਾ ਅਸਲ ਸੁੱਖ ਪ੍ਰਾਪਤ ਹੋ ਸਕੇ।

ਤੁਸੀਂ ਪੈਸੇ ਨਾਲ ਦੇਸ਼ ਵਿਦੇਸ਼ ਤੋਂ ਵਿਟਾਮਿਨ, ਪ੍ਰੋਟੀਨ ਅਤੇ ਆਇਰਨ ਆਦਿ ਦੇ ਕੈਪਸੂਲ ਤਾਂ ਖ਼੍ਰੀਦ ਸਕਦੇ ਹੋ, ਦਿਲ ਦੀ ਬਾਈਪਾਸ ਸਰਜਰੀ ਵੀ ਕਰਵਾ ਸਕਦੇ ਹੋ ਪਰ ਪੈਸੇ ਨਾਲ ਕੁਦਰਤੀ ਤੰਦਰੁਸਤੀ ਦਾ ਸੁੱਖ ਪ੍ਰਾਪਤ ਨਹੀਂ ਕਰ ਸਕਦੇ।

ਜੇ ਸਾਡੀਆਂ ਗਿਆਨ ਇੰਦਰੀਆਂ ਅਤੇ ਨਰਮ ਇੰਦਰੀਆਂ-ਅੱਖ, ਨੱਕ, ਕੰਨ, ਜੀਭ, ਚਮੜੀ, ਮੂੰਹ ਲਿੰਗ ਅਤੇ ਗੁੱਦਾ ਤੰਦਰੁਸਤ ਹਨ, ਮਨ ਨੂੰ ਸ਼ਾਤੀ ਹੈ, ਬੁੱਧੀ ਵਿੱਚ ਹੰਕਾਰ ਨਹੀਂ ਹੈ ਤਾਂ ਸਮਝੋ ਸੁੱਖ ਹੀ ਸੁੱਖ ਹੈ।"

ਇਹ ਸੋਚਣ ਅਤੇ ਸਮਝਣ ਵਾਲੀ ਗੱਲ ਹੈ ਕਿ ਅਸੀਂ ਉਹਨਾਂ ਲੋਕਾਂ ਤੋਂ ਕਿੰਨੇ ਬੇਹਤਰ ਹਾਂ ਜਿਹਨਾਂ ਨੂੰ ਕਈ ਤਰ੍ਹਾਂ ਦੀਆਂ ਅਲਾਮਤਾਂ ਲੱਗੀਆਂ ਹਨ। ਨਾ ਤਾਂ ਹੁੰਦੇ ਸੁੰਦੇ ਉਹ ਖਾ, ਪੀ ਸਕਦੇ ਹਨ ਅਤੇ ਨਾਂ ਹੀ ਚੰਗੀ ਕਪੜੇ ਪਹਿਨ ਕੇ ਕਿਤੇ ਬਾਹਰ ਜਾ ਸਕਦੇ ਹਨ। ਅਗਰ ਸਾਡੇ ਕੋਲ ਸੋਨੇ ਦੀਆਂ ਇੱਟਾਂ ਅਤੇ ਸੋਨੇ ਦੇ ਬਿਸਕੁੱਟ ਹਨ, ਉਹਨਾਂ ਨੂੰ ਪੇਟ ਦੀ ਭੁੱਖ ਮਿਟਾਉਣ ਲਈ ਖਾਇਆ ਨਹੀਂ ਜਾ ਸਕਦਾ।

ਜਤਿੰਦਰ ਸਿੰਘ ਕਰਮਯੋਗੀ ਸੁੱਖੀ ਸਰੀਰ ਦੀ ਪਹਿਚਾਣ ਇਸ ਤਰ੍ਹਾਂ ਕਰਦਾ ਹੈ :-

ਜਿਹੜਾ ਸਰੀਰ ਆਪਣੇ ਆਪ ਵਿੱਚ ਸੰਪੂਰਨ ਹੋਵੇ, ਸਾਰੇ ਕੰਮ ਖੁਦ ਕਰ ਸਕੇ ਅਤੇ ਬੁਢਾਪੇ ਵਿੱਚ ਵੀ ਕਿਸੇ ਤੇ ਨਿਰਭਰ ਨਾ ਹੋਵੇ।

ਗਹਿਰੀ ਨੀਂਦ ਆਉਂਦੀ ਹੋਵੇ।

ਸਾਰੀਆਂ ਇੰਦਰੀਆਂ ਅਤੇ ਕਿਰਿਆ ਪ੍ਰਣਾਲੀਆਂ ਆਪੋ ਆਪਣਾ ਕੰਮ ਠੀਕ ਤਰ੍ਹਾਂ ਨਾਲ ਕਰਦੀਆਂ ਹੋਣ ਖੁਲ੍ਹ ਕੇ ਮਲਮੂਤਰ ਕਰਨ ਦੀ ਸਮਰੱਥਾ ਹੋਵੇ।

ਕੰਮ ਕਰਨ ਦੀ ਅਥਾਹ ਸ਼ਕਤੀ, ਚੁਸਤੀ ਫੁਰਤੀ ਹੋਵੇ ਅਤੇ ਚਿਹਰੇ ਅਥਵਾ ਚਮੜੀ ਤੇ ਖਾਸ ਕਿਸਮ ਦੀ ਚਮਕ ਹੋਵੇ

ਜਿਸ ਸਰੀਰ ਨੂੰ ਭੁੱਖ ਲੱਗਦੀ ਅਤੇ ਭੋਜਨ ਹਜਮ ਹੁੰਦਾ ਹੋਵੇ।"

ਸੋਵੀਅਤ ਯੂਨੀਅਨ ਦਾ ਪ੍ਰਸਿੱਧ ਲੇਖਕ ਮੈਕਸਿਮ ਗੋਰਕੀ ਇੱਕ ਵਾਰ ਜਦ ਅਮਰੀਕਾ ਗਿਆ ਹੋਇਆ ਸੀ ਤਾਂ ਉਸਨੇ ਆਪਣੇ ਪ੍ਰਸ਼ੰਸ਼ਕਾਂ ਕੋਲ ਆਪਣੀ ਇੱਕ ਖਾਹਿਸ਼ ਪ੍ਰਗਟ ਕੀਤੀ ਕਿ ਉਹ ਅਮਰੀਕਾ ਦੇ ਸਭ ਤੋਂ ਅਮੀਰ ਆਦਮੀ ਨੂੰ ਮਿਲਣਾ ਚਾਹੁੰਦਾ ਹੈ। ਕਿਸੇ ਨਾ ਕਿਸੇ ਤਰ੍ਹਾਂ ਮੀਟਿੰਗ ਦਾ ਬੰਦੋਬਸਤ ਹੋ ਗਿਆ ਪਰ ਉਸ ਅਮੀਰ ਆਦਮੀ ਨੇ ਸਿਰਫ ਪੰਜ ਮਿੰਟ ਹੀ ਦਿੱਤੇ ਮੀਟਿੰਗ ਦੇ ਦੌਰਾਨ ਉਸ ਆਦਮੀ ਨੂੰ ਗੋਰਕੀ ਨੇ ਪੁੱਛਿਆ ਕਿ ਉਹ ਸਾਰੇ ਦਿਨ ਵਿੱਚ ਕੀ ਖਾਦਾ ਹੈ ? ਤਾਂ ਉਸਨੇ ਜੁਆਬ ਦਿੱਤਾ : "ਇੱਕ ਕੱਪ ਬੈੱਡ ਟੀ. ਨਾਸ਼ਤੇ ਵਿੱਚ ਅੱਧਾ ਕੱਪ ਸੰਤਰੇ ਦਾ ਜੂਸ, ਤੇ ਇੱਕ ਟੋਸਟ, ਲੰਚ ਵਿੱਚ ਅੱਧਾ ਬਾਉਲ ਚਿਕਨ ਸੂਪ ਬਿਨਾਂ ਨਮਕ ਮਿਰਚ ਤੋਂ ਅਤੇ ਇੱਕ ਬਰੈਡ ਸਲਾਈਸ, ਡਿਨਰ ਵਿੱਚ 20 ਗ੍ਰਾਮ ਉੱਬਲੀ ਹੋਈ ਸਬਜ਼ੀ ਅਤੇ ਇੱਕ ਟੋਸਟ।" ਇਨੇ ਵਿੱਚ ਮੀਟਿੰਗ ਦਾ ਸਮਾਂ ਖ਼ਤਮ ਹੋ ਗਿਆ ਅਤੇ ਗੋਰਕੀ ਵਾਪਿਸ ਆ ਗਿਆ।

ਇਸ ਤੋਂ ਪਤਾ ਲੱਗਦਾ ਹੈ ਕਿ ਨਿਰੋਗ ਸਰੀਰ ਦਾ ਆਨੰਦ ਮਾਨਣ ਲਈ ਜਰੂਰੀ ਨਹੀਂ ਕਿ ਮਹਿੰਗੇ ਭੋਜਨ ਹੀ ਖਾਧੇ ਜਾਣ ਅਤੇ ਸਾਨੂੰ ਬਹੁਤ ਪੈਸੇ ਦੀ ਲੋੜ ਹੈ। ਨਿਰੋਗ ਸਿਹਤ ਅਤੇ ਸੰਤੁਲਿਤ ਹਲਕਾ ਫੁਲਕਾ ਭੋਜਨ ਕਰੋੜਾਂ ਅਮੀਰਜ਼ਾਦਿਆਂ ਨਾਲੋਂ ਬੇਹਤਰ ਹੈ। ਜਤਿੰਦਰ ਸਿੰਘ ਕਰਮਯੋਗੀ ਇਸ ਗੱਲ ਨੂੰ ਇੱਕ ਉਦਾਹਰਣ ਦੇ ਕੇ ਸਾਡੇ ਲਈ ਹੋਰ ਸੁਖਾਲੀ ਕਰ ਦਿੰਦਾ ਹੈ, ਜਿਹਦੇ ਨਾਲ ਸਾਨੂੰ ਸਪਸ਼ਟ ਸ਼ਬਦਾਂ ਵਿੱਚ ਸਮਝ ਲੱਗ ਜਾਂਦੀ ਹੈ। ਉਹ ਲਿਖਦਾ ਹੈ ਕਿ "ਮੁਹਾਲੀ (ਚੰਡੀਗੜ੍ਹ) ਵਿੱਚ ਰਹਿੰਦੇ ਮੇਰੇ ਇੱਕ ਦੋਸਤ ਕੋਲ ਤਿੰਨ ਮੰਜਿਲਾ ਮਕਾਨ ਹੈ। ਸਾਰੇ ਮਕਾਨ ਵਿੱਚ ਮਾਰਬਲ ਲੱਗਾ ਹੋਇਆ ਹੈ। ਵੱਧੀਆਂ ਟੀਕ ਵੁੱਡ ਦਾ ਫਰਨੀਚਰ ਹੈ ਅਤੇ ਆਰਾਮ ਦੇ ਲੋੜ ਨਾਲੋਂ ਵਧੀਆ ਸਾਧਨ ਹਨ। ਉਹ ਆਪਣੀ ਜਵਾਨੀ ਵਿੱਚ 6-7 ਕੱਚੇ ਅੰਡੇ ਦੁੱਧ ਵਿੱਚ ਪਾ ਕੇ ਪੀਂਦਾ ਹੁੰਦਾ ਸੀ। ਪਤਾ ਨਹੀਂ ਕਿਉਂ ? ਦੋ ਕੁ ਮਹੀਨੇ ਹੋਏ ਮੈਨੂੰ ਪਤਾ ਲੱਗਿਆ ਕਿ ਪੀ. ਜੀ. ਆਈ. ਦੇ ਡਾਕਟਰਾਂ ਨੇ ਚਾਰ ਪੰਜ ਮਹੀਨੇ ਲਈ ਪੂਰੀ ਤਰ੍ਹਾਂ ਰੈਸਟ ਕਰਨ ਲਈ ਆਖਿਆ ਅਤੇ ਨਾਲ ਹੀ ਤਾਕੀਦ ਕੀਤੀ ਕਿ:

ਉਹ ਸਿਰਫ ਉੱਬਲੀਆਂ ਸਬਜ਼ੀਆਂ ਹੀ ਖਾਵੇ।

ਉਹ ਭੁੰਜੇ ਚਿਟਾਈ ਵਿਛਾਈ ਕੇ ਸੌਂਵੇ।

ਸਕੂਟਰ ਅਤੇ ਕਾਰ ਬਿਲਕੁੱਲ ਨਾ ਚਲਾਵੇ।

ਸਿਗਰਟ, ਵਿਸਕੀ, ਬੀਅਰ, ਚਿਕਨ ਅਤੇ ਅੰਡਿਆ ਦੇ ਸੁਆਦ ਨੂੰ ਆਪਣੀ ਯਾਦ-ਸ਼ਕਤੀ ਵਿੱਚੋਂ ਹਮੇਸ਼ਾ ਲਈ ਕੱਢ ਦੇਵੇ।

ਦਵਾਈ ਨਿਯਮ ਅਨੁਸਾਰ ਹਰ ਤਿੰਨ ਘੰਟੇ ਬਾਅਦ ਖਾਵੇ।

ਹੁਣ ਜੁਲਾਈ ਅਗਸਤ ਦੇ ਮਹੀਨੇ ਉਸ ਦੇ ਨਾਲ ਵਾਲੇ ਸਾਥੀ, ਉਸ ਦੇ ਘਰ ਦੇ ਸਾਹਮਣੇ ਵਾਲੀ ਗਰਾਂਉਡ ਵਿੱਚ ਵਾਲੀਬਾਲ ਖੇਡਦੇ ਹੋਏ ਜਦੋਂ ਜੀਵਨ ਦਾ ਸੁੱਖ ਅਤੇ ਅਸਲ ਆਨੰਦ ਮਾਣ ਰਹੇ ਹੁੰਦੇ ਹਨ, ਉਹ ਚਟਾਈ ਤੇ ਪਿਆ ਪਿਆ ਆਪਣੇ ਹੀ ਭੱਠ ਅੰਗਿਆਰਾਂ ਨੂੰ ਸੇਕ ਰਿਹਾ ਹੁੰਦਾ ਹੈ।"

ਜ਼ਿੰਦਗੀ ਨੂੰ ਕੁਦਰਤੀ ਤੌਰ ਤੇ ਜੀਉਣ ਅਤੇ ਨਰੋਈ ਰੱਖਣ ਲਈ ਜੋ ਦੋ ਤਿੰਨ ਜ਼ਰੂਰੀ ਚੀਜ਼ਾ ਹਨ, ਉਹ ਸਾਨੂੰ ਮੁਫਤ 'ਚ ਮਿਲੀਆਂ ਹੋਈਆਂ ਹਨ ਜਿਵੇਂ ਹਵਾ, ਪਾਣੀ ਅਤੇ ਧੁੱਪ, ਇਹ ਸਾਨੂੰ ਨਾਂ ਮਿਲਣ ਤਾਂ ਸਾਡੀ ਸਾਰੀ ਜ਼ਿੰਦਗੀ ਦੁਭਰ ਹੋ ਜਾਵੇਗੀ। ਸਾਡੀ ਸੋਚ ਦਾ ਹਾਂ-ਪੱਖੀ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਸੋਚ ਤੋਂ ਬਾਅਦ ਬੋਲ ਅਤੇ ਫਿਰ ਐਕਸ਼ਨ ਪੈਦਾ ਹੋ ਸਕਦਾ ਹੈ। ਸਹੀ ਜਾਣਕਾਰੀ ਸਾਨੂੰ ਕਈ ਤਰ੍ਹਾਂ ਦੀਆਂ ਲੜਾਈਆਂ, ਝਗੜਿਆਂ ਅਤੇ ਮੁੱਕਦਮੇਬਾਜ਼ੀਆਂ ਤੋਂ ਦੂਰ ਰੱਖਦੀ ਹੈ ਇਸੇ ਕਰਕੇ ਟੀ. ਆਰ ਸ਼ਰਮਾ ਪਟਿਆਲਾ ਜੀ ਲਿਖਦੇ ਹਨ ਕਿ:

ਜੇ ਤੁਹਾਡੀ ਕਿਸੇ ਨਾਲ ਲੜਾਈ ਨਹੀਂ ਹੈ, ਕਿਸੇ ਨਾਲ ਝਗੜਾ ਜਾਂ ਮੁੱਕਦਮੇਬਾਜ਼ੀ ਨਹੀਂ ਹੈ, ਖਾਣ ਨੂੰ ਦੋ ਵੇਲੇ ਦੀ ਰੋਟੀ ਮਿਲ ਜਾਂਦੀ ਹੈ ਤਾਂ ਤੁਸੀਂ ਸੰਸਾਰ ਦੇ 50 ਕਰੋੜ ਇਨਸਾਨਾਂ ਤੋਂ ਬਿਹਤਰ ਹੋ ਜੋ 24 ਘੰਟੇ ਮੁੱਕਦਮੇਬਾਜ਼ੀ ਦੇ ਫਿਕਰ ਵਿੱਚ ਡੁੱਬੇ ਰਹਿੰਦੇ ਹਨ ਜੇ ਤੁਹਾਡੀ ਰਸੋਈ ਵਿੱਚ ਦਾਲ-ਸਬਜ਼ੀ ਹੈ, ਗੁੰਨਿਆ ਹੋਇਆ ਆਟਾ ਪਿਆ ਹੈ। ਸਰੀਰ ਉਪਰ ਕਪੜੇ ਹਨ। ਸਿਰ ਤੇ ਛੱਤ ਹੈ। ਸੌਣ ਲਈ ਮੰਜਾ ਬਿਸਤਰਾ

ਹੈ। ਚਾਹ ਪੀਣ ਲਈ ਥੋੜ੍ਹਾ ਬਹੁਤ ਦੁੱਧ ਪਿਆ ਹੈ; ਤਾਂ ਤੁਸੀਂ ਸੰਸਾਰ ਦੇ 5 ਅਰਬ ਇਨਸਾਨਾਂ ਨਾਲੋਂ ਅਮੀਰ ਹੋ ਅਤੇ ਆਪਣੇ ਆਪ ਨੂੰ ਗਰੀਬ ਕਹਿਕੇ ਤੁਸੀਂ ਗਰੀਬਾਂ ਨਾਲ ਬੇਇਨਸਾਫੀ ਕਰ ਰਹੇ ਹੋ।

ਜੇ ਤੁਹਾਡੇ ਕੋਲ ਬੈਂਕ ਵਿੱਚ ਚਾਰ ਪੈਸੇ ਜਮ੍ਹਾਂ ਹਨ, ਜੇਬ ਵਿੱਚ ਵੀ ਕੁੱਝ ਨਗਦੀ ਹੈ ਜਾਂ ਅਲਮਾਰੀ ਵਿੱਚ 2-3 ਜੋੜੇ ਕੱਪੜਿਆਂ ਦੇ ਵੀ ਹਨ; ਤੁਹਾਡੇ ਬੱਚੇ ਕਿਸੇ ਸਕੂਲ ਵਿੱਚ ਪੜ੍ਹਦੇ ਹਨ ਤਾਂ ਤੁਹਾਡੀ ਗਿਣਤੀ ਸੰਸਾਰ ਦੇ ਉਤਲੇ 8 ਪ੍ਰਤੀਸ਼ਤ ਲੋਕਾਂ ਵਿੱਚ ਕੀਤੀ ਜਾ ਸਕਦੀ ਹੈ।

ਜੇ ਤੁਹਾਡੇ ਦੋਵੇਂ ਮਾਪੇ ਜਿਉਂਦੇ ਹਨ। ਤੁਹਾਡਾ ਵਿਆਹ ਹੋ ਚੁੱਕਾ ਹੈ। ਤੁਹਾਡੇ ਕੋਲ ਨੌਕਰੀ ਵੀ ਹੈ ਅਤੇ ਆਪਣਾ ਮਕਾਨ ਵੀ ਤਾਂ ਤੁਸੀਂ ਸੱਚਮੁੱਚ ਦੁਰਲੱਭ ਸੱਜਣ ਹੋ, ਵਿਰਲਾ ਬੰਦਾ ਹੀ ਤੁਹਾਡੇ ਵਰਗਾ ਹੋ ਸਕਦਾ ਹੈ।

ਜੇ ਤੁਸੀਂ ਸਿਰ ਉੱਚਾ ਕਰਕੇ ਤੁਰ ਸਕਦੇ ਹੋ। ਤੁਹਾਡੇ ਚਿਹਰੇ ਤੇ ਮੁਸਕਰਾਹਟ ਹੈ ਅਤੇ ਤੁਸੀਂ ਖੁੱਲ੍ਹ ਕੇ ਹੱਸ ਵੀ ਸਕਦੇ ਹੋ ਅਤੇ ਕਿਸੇ ਲੋੜਵੰਦ ਦੀ ਮਾੜੀ-ਮੋਟੀ ਸਹਾਇਤਾ ਵੀ ਕਰ ਸਕਦੇ ਹੋ ਤਾਂ ਤੁਸੀਂ ਬਹੁਤ ਹੀ ਖੁਸ਼ਕਿਸਮਤ ਹੋ, ਕਿਉਂਕਿ ਲੱਖਾਂ ਹੀ ਨਹੀਂ, ਕਰੋੜਾਂ ਲੋਕ ਅਜਿਹੇ ਹਨ, ਜੋ ਅਜਿਹਾ ਨਹੀਂ ਕਰ ਸਕਦੇ, ਅਜਿਹਾ ਕਰਨ ਦੀ ਸਮੱਰਥਾ ਰੱਖਦੇ ਹਨ ਪਰ ਅਜਿਹਾ ਕਰਦੇ ਨਹੀਂ।

ਆਮ ਇਨਸਾਨਾਂ ਦੀ ਆਦਤ ਹੈ, ਉਹ ਰੋਂਦੇ ਹੀ ਰਹਿੰਦੇ ਹਨ। ਸਭ ਕੁੱਝ ਹੁੰਦੇ-ਸੁੰਦੇ ਵੀ ਉਹ ਸਰਕਾਰ ਨੂੰ, ਗੁਆਂਢੀਆਂ ਨੂੰ, ਅਮੀਰ ਲੋਕਾਂ ਨੂੰ ਅਤੇ ਮੰਗਤਿਆਂ ਨੂੰ ਬੁਰਾ ਭਲਾ ਕਹਿੰਦੇ ਰਹਿੰਦੇ ਹਨ। ਕਿਸਮਤ ਨੂੰ ਕੋਸਦੇ ਰਹਿੰਦੇ ਹਨ ਅਤੇ ਗਿੱਲੇ ਗੋਹਟੇ ਵਾਂਗ ਸੁਲਗਦੇ ਰਹਿੰਦੇ ਹਨ। ਲੀਰਾਂ ਪਾ ਕੇ ਗੁਜਾਰਾ ਕਰਦੇ ਹਨ। ਬੱਚਿਆਂ ਨੂੰ, ਬੀਵੀ ਨੂੰ ਝਿੜਕਦੇ ਹਨ ਅਤੇ ਅੰਤ ਨੂੰ ਲੱਖਾਂ ਰੁਪਿਆ ਛੱਡ ਕੇ ਤੁਰਦੇ ਬਣਦੇ ਹਨ। ਸਬਰ, ਸੰਤੋਖ ਕਰ ਲੈਣਾ, ਥੋੜ੍ਹੇ ਵਿੱਚ ਸਾਰ ਲੈਣਾ, ਅਜਿਹਾ ਸਬਕ ਹੈ ਜੋ ਹਰੇਕ ਨੂੰ ਸਿੱਖ ਲੈਣਾ ਚਾਹੀਦਾ ਹੈ। ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਦਾ ਇਹ ਇੱਕ ਸੁਨਿਹਰੀ ਅਤੇ ਕਾਰਗਰ ਸਿਧਾਂਤ ਹੈ। ਇਹਦਾ ਅਰਥ ਇਹ ਨਹੀਂ ਹੈ ਕਿ ਸਾਨੂੰ ਅੱਗੇ ਵੱਧਣ ਜਾਂ ਉਨਤੀ ਕਰਨ ਦਾ ਯਤਨ ਨਹੀਂ ਕਰਨਾ ਚਾਹੀਦਾ। ਕਰਮ ਕਰਨਾ, ਯਤਨ ਕਰਨਾ, ਅੱਗੇ ਵੱਧਣਾ, ਜ਼ਿੰਦਗੀ ਨੂੰ ਸੌਖੀ ਅਤੇ ਆਰਾਮਦੇਹ, ਬਣਾਉਣਾ ਚਾਹੀਦਾ ਹੈ। ਪਰ ਅੱਖਾਂ ਨੂੰ ਆਸਮਾਨ ਵੱਲ ਵੀ ਨਹੀਂ ਲਗਾਈ ਰੱਖਣਾ ਚਾਹੀਦਾ ਜਮੀਨ ਵੱਲ ਵੀ ਦੇਖਣਾ ਚਾਹੀਦਾ ਹੈ। ਗਰੀਬੀ ਇਨਸਾਨ ਨੂੰ ਇਨ੍ਹਾਂ ਪ੍ਰੇਸ਼ਾਨ ਨਹੀਂ ਕਰਦੀ, ਜਿਨ੍ਹਾਂ ਲਾਲਚ ਜਾਂ ਬੇਸਬਰੀ ਕਰਦੀ ਹੈ। ਇਨਸਾਨ ਦੇ ਆਪਣੇ ਨਿਰੰਤਰ ਉਦਮ ਕਰਦੇ ਰਹਿਣ ਦੇ ਫਲਸਰੂਪ, ਇਨਸਾਨ ਨੂੰ ਬੇਸ਼ੁਮਾਰ ਨਿਹਮਤਾਂ ਪ੍ਰਾਪਤ ਹਨ, ਜੋ ਉਸ ਦੇ ਖੁਸ਼ ਰਹਿਣ ਲਈ ਆਮ ਤੌਰ ਤੇ ਕਾਫੀ ਹੁੰਦੀਆਂ ਹਨ।

ਜੇ ਤੁਹਾਨੂੰ ਕਿਸੇ ਦੀ ਮੱਦਦ ਕਰਕੇ, ਕਿਸੇ ਨੂੰ ਰੋਟੀ ਖੁਆ ਕੇ, ਕਿਸੇ ਨੰਗੇ ਦਾ ਸਰੀਰ ਢੱਕਕੇ, ਕਿਸੇ ਅਨਪੜ੍ਹ ਨੂੰ ਅੱਖਰ ਗਿਆਨ ਦੇ ਕੇ, ਕਿਸੇ ਦੀ ਤਕਲੀਫ ਨਿਵਾਰਨ ਕਰਕੇ, ਕਿਸੇ ਨੂੰ ਰੁਜ਼ਗਾਰ ਦੇ ਕੇ, ਕਿਸੇ ਦਾ ਧੰਨਵਾਦ ਕਰਕੇ, ਕਿਸੇ ਨੂੰ ਹੌਂਸਲਾ ਦੇ ਕੇ ਅਤੇ ਕਿਸੇ ਨੂੰ ਰਾਹ ਦੱਸ ਕੇ ਖੁਸ਼ੀ ਹੁੰਦੀ ਹੈ ਤਾਂ ਯਕੀਨ ਜਾਣੋ, ਤੁਸੀਂ ਬਹੁਤ ਹੀ ਖੁਸ਼ਕਿਸਮਤ ਹੋ, ਬਲਕਿ ਫਰਿਸ਼ਤੇ ਹੋ।"

ਟੋਕਾ-ਟਾਕੀ ਅਤੇ ਨੋਕ ਝੋਕ ਸਾਡਾ ਖੂਨ ਦਾ ਦਬਾਅ ਵਧਾਉਣ 'ਚ ਮੱਦਦ ਕਰਦੀ ਹੈ ਜਦੋਂ ਕਿ ਤਾਰੀਫੀ ਮਿੱਠੇ ਬੋਲ, ਸਾਡਾ ਅਤੇ ਦੂਸਰੇ ਦਾ ਵੀ ਮਨ ਖੁਸ਼ ਕਰਦਾ ਹੈ ਅਤੇ ਮਨੋਬਲ ਉਤਾਂਹ ਚੁੱਕਦੇ ਹਨ। ਇਹ ਗੱਲਾਂ ਕੋਈ ਰੌਕਟ-ਸਾਇੰਸ ਨਹੀਂ ਹਨ ਜੋ ਸਾਨੂੰ ਸਮਝ ਨਹੀਂ ਲੱਗਦੀਆਂ। ਸਾਧਾਰਨ ਤੋਂ ਸਾਧਾਰਨ ਬੁੱਧੀ ਵਾਲੇ ਇਨਸਾਨ ਨੂੰ ਵੀ ਇਹਨਾ ਸਾਧਾਰਨ ਗੱਲਾਂ ਦੀ ਸਮਝ ਪੈਂਦੀ ਹੈ। ਗੱਲ ਸਿਰਫ ਆਪਣੇ ਰੋਜ਼ਮਰਾ ਦੇ ਜੀਵਨ ਵਿੱਚ ਇਹਨੂੰ ਢਾਲਣ ਅਤੇ ਪੱਕੀ ਆਦਤ ਬਨਾਉਣ ਦੀ ਹੈ ਜੋ ਆਖਰੀ ਸੁਆਸਾਂ ਤੱਕ ਨਾਲ ਰਹੇ ਇਹਦੇ ਨਾਲ ਅਸੀਂ ਇਸ ਖੂਬਸੂਰਤ ਦੁਨੀਆਂ ਨੂੰ ਖੁਸ਼ੀਆਂ ਦੇ ਗੱਫੇ ਵੰਡਦੇ ਤੁਰ ਜਾਵਾਂਗੇ ਅਤੇ ਪਿੱਛੇ ਰਹਿ ਗਏ ਲੋਕ ਵੀ ਸਾਡੇ ਬਾਰੇ ਉਹ ਹੀ ਗੱਲਾਂ ਕਰਨਗੇ ਜੋ ਅਸੀਂ ਉਹਨਾਂ ਨੂੰ ਸਾਰੀ ਉਮਰ ਵਣਜਾਰਿਆਂ ਵਾਂਗ ਹੋਕਾ ਦੇ ਕੇ ਵੰਡਦੇ ਰਹੇ ਹਾਂ ਕਿ ਇਸ ਇਨਸਾਨ ਦੀ ਸੋਚ-ਹਾਂ-ਪੱਖੀ ਸੀ। ਇਹਨੇ ਜ਼ਿੰਦਗੀ ਦਾ ਭਰਪੂਰ ਆਨੰਦ ਮਾਣਿਆ ਹੈ। ਇਹਨੇ ਕਿਸੇ ਤੋਂ ਬਦਅਸੀਸਾਂ ਨਹੀਂ ਲਈਆਂ। ਇਹਨੂੰ ਲੋਕਾ ਦੇ ਗੁਣ ਜ਼ਿਆਦਾ ਆਉਂਦੇ ਸਨ। ਇਹ ਧਰਵਾਸਾ ਦੇਣ ਵਾਲਾ ਇਨਸਾਨ ਸੀ ਡਿੱਗਦਿਆਂ ਨੂੰ ਉਪਰ ਚੁੱਕਣ ਵਾਲਾ ਜੀਊੜਾ ਸੀ। ਇਹਦਾ ਲੰਬੀ ਉਮਰ ਅਤੇ ਨਿਰੋਗ ਜੀਵਨ ਜਿਊਣ ਦਾ ਰਾਜ ਹੀ ਐਹੋ ਸੀ। ਜੇਕਰ ਸਾਡੇ ਵਿੱਚੋਂ ਵੀ ਬਹੁਤ ਸਾਰੇ ਲੋਕ ਇਹ ਗੁਣ ਧਾਰਨ ਲੈਣ ਤਾਂ ਕਿੰਨੇ ਆਸੂਆਂ ਨੂੰ ਰੋਕਥਾਮ ਲੱਗ ਸਕਦੀ ਹੈ। ਖੁਸ਼ੀਆਂ ਅਤੇ ਖੇੜਿਆਂ ਨਾਲ ਇਹ ਸੰਸਾਰ ਭਰ ਜਾਵੇਗਾ। ਮਾਨਸਿਕ ਅਤੇ ਸਰੀਰਕ ਬੀਮਾਰੀਆਂ ਤੋਂ ਕਈ ਤਰ੍ਹਾਂ ਨਾਲ ਨਿਜਾਤ ਮਿਲ ਜਾਵੇਗੀ। ਇਹ ਗੱਲਾਂ ਅਪਨਾਉਣ ਵਿੱਚ ਨਾ ਤਾਂ ਸ਼ਕਤੀ ਲੱਗਦੀ ਹੈ ਅਤੇ ਨਾਂ ਹੀ ਧਨ ਖਰਚ ਹੁੰਦਾ ਹੈ ਸਗੋਂ ਅਭਿਆਸ ਦੀ ਲੋੜ ਹੈ ਅਤੇ ਜਦ ਅਸੀਂ ਕਿਸੇ ਨਵੀਂ ਆਦਤ ਦਾ ਅਭਿਆਸ ਸ਼ੁਰੂ ਕਰ ਦਈਏ ਤਾਂ ਉਹ ਸਾਡੇ ਸਾਹਾਂ ਨਾਲ ਸਾਡਾ ਸਾਥ ਛੱਡੇਗੀ। ਹੁਣ ਫਿਰ ਦੇਰ ਕਿਸ ਗੱਲ ਦੀ ਹੈ ਨੇਕੀ ਦੇ ਕੰਮ ਪੁੱਛ ਪੁੱਛ ਕੇ ਥੋਹੜੇ ਕੀਤੇ ਜਾਂਦੇ ਹਨ ਜੋ ਕੱਲ੍ਹ ਕਰਨਾ, ਉਹ ਅੱਜ ਕਰ ਲੈ ਅਤੇ ਜੋ ਅੱਜ ਕਰਨਾ ਉਹ ਹੁਣ ਕਰ ਲੈ। ਖੁੰਝਿਆ ਵਕਤ ਕਦੇ ਹੱਥ ਨਹੀਂ ਆਉਂਦਾ ਇਹ ਆਪਣੀ ਚਾਲੇ ਬਸ ਤੁਰਿਆ ਹੀ ਜਾਂਦਾ ਹੈ, ਹਾਂ-ਪੱਖੀ ਸੋਚ ਸਾਡੇ ਜੀਵਨ ਦਾ ਇੱਕ ਆਧਾਰ ਹੈ ਅਤੇ ਇਸ ਬਹੁਮੁੱਲੇ ਜੀਵਨ ਨੂੰ, ਇਸ ਆਧਾਰ ਤੋਂ ਫਿਰ ਵਾਂਝਿਆ ਕਿਉਂ ਰੱਖਿਆ ਜਾਵੇ ਇਹ ਹਾਂ-ਪੱਖੀ ਸੋਚ ਬੱਚਿਆਂ ਅਤੇ ਹੋਰਾਂ ਨੂੰ ਵੀ ਸਿਖਾਈ ਜਾਵੇ ਤਾਂ ਕਿ ਦੁਨੀਆਂ ਦੀ ਖੂਬਸੂਰਤੀ ਵਿੱਚ ਸਦਾ ਲਈ ਵਾਧਾ ਹੁੰਦਾ ਰਹੇ। ਜ਼ਿੰਦਗੀ ਦਾ ਕਰਜ਼ਾ ਲਾਹੁਣ ਦਾ ਇਸਤੋਂ ਵਧੀਆਂ ਹੋਰ ਕਈ ਨੁਕਸਾ ਨਹੀਂ ਹੈ।

## ਮਹਿੰਗਾਈ

ਦਿਨੋ ਦਿਨ ਵੱਧਦੀ ਹੋਈ ਮਹਿੰਗਾਈ ਨੇ ਸਾਰਾ ਦੇਸ
ਦੇਖੋ ਕਿਸ ਰੰਗ ਵਿੱਚ ਰੰਗ ਦਿੱਤਾ,
ਕਿਸਾਨ ਮਰਦੇ ਨੇ ਖਾਤਰ ਚੜ੍ਹੇ ਕਰਜੇ ਦੇ
ਬਿਲਾਂ ਦੇ ਜੁਰਮਾਨਿਆਂ ਨੇ ਸੱਪਾਂ ਵਾਂਗ ਡੰਗ ਦਿਤਾ,
ਚੋਰ ਆਉਂਦੇ ਸਨ ਲੁੱਟਣ ਸੋਨਾ ਚਾਂਦੀ,
ਘਰੇਲੂ ਸਮਾਨਾਂ ਲਈ ਲੁੱਟਣ ਦਾ ਵੀ ਬਦਲ ਢੰਗ ਦਿਤਾ,
ਪਹਿਲਾਂ ਵੀ ਕਤਿਲ ਹੁੰਦੇ ਸਨ ਰੁਪੈ-ਪੈਸੇ ਪਿੱਛੇ,
ਮਹਿਗੰਈ ਦੀਆਂ ਮਾਰਾਂ ਨੇ ਬਸ ਬੰਦਾ ਫਾਂਸੀ ਟੰਗ ਦਿਤਾ,
ਹੁੰਦਾ ਹੋਵੇ ਐਕਸੀਡੈਂਟ ਕੋਈ ਨੀ ਧਿਆਨ ਦਿੰਦਾ
ਘਰੇਲੂ ਸਮਾਨ ਖਰੀਦੋ ਪੂਰਾ ਕਰਨ ਵਿੱਚ ਹੈ ਦੰਗ ਬੰਦਾ
ਹੁਣ ਤਾਂ ਦਵਾਈ ਦੇ ਵਾਂਗ ਈ ਖਾਉ ਭੋਜਨ
ਮਹਿੰਗਾਈ ਨੇ ਬੁਰਾ ਹਾਲ ਕੀਤਾ ਏ ਤੇ ਬਣਾ ਨੰਗ ਦਿੱਤਾ,
ਘਰ ਕਿਵੇਂ ਚੱਲੇ ਕੀ ਦੁੱਖ ਸੁਣਾਂਵਾਂ,
ਦਿਲ ਜਿਗਰ ਤੇ ਗੁਰਦਾ ਵੇਚ ਗਰੀਬ ਨੇ ਹਰ ਅੰਗ ਦਿੱਤਾ,
ਕਿੰਨੇ ਦੋਸ਼ ਲਾਂਵਾਂ ਕੌਣ ਸਜਾ ਸੁਣਾਵੇ,
ਸਰਕਾਰੇ ਹਿੰਦੋਸਤਾਨ ਨੇ ਭੱਟ ਜਿਉਣਾ ਬਣਾ ਮੈਦਾਨ ਏ ਜੰਗ ਦਿੱਤਾ

– ਹਰਮਿੰਦਰ ਭੱਟ ਬਿਸਨਗੜ

# ਸ਼ੰਕਾ ਨਵਿਰਤੀ

**ਪ੍ਰਸ਼ਨ : ਜੇ ਰੱਬ ਨਹੀਂ ਹੈ ਤਾਂ ਤੁਸੀਂ ਧਰਤੀ 'ਤੇ ਕਿਵੇਂ ਆਏ?**

ਉੱਤਰ : ਬ੍ਰਹਿਮੰਡ ਵਿੱਚ ਅਰਬਾਂ ਗ੍ਰਹਿ, ਉਪ ਗ੍ਰਹਿ ਤੇ ਤਾਰੇ ਹਨ। ਸਾਰਾ ਬ੍ਰਹਿਮੰਡ ਕਦੇ ਤਰਤੀਬ ਵਿੱਚ ਆ ਜਾਂਦਾ ਹੈ ਕਦੇ ਖਿੰਡ ਜਾਂਦਾ ਹੈ। ਇਹ ਸਾਰਾ ਕੁੱਝ ਪ੍ਰਕਿਰਤੀ ਦੇ ਚਾਰ ਮੁੱਢਲੇ ਨਿਯਮਾਂ ਅਨੁਸਾਰ ਵਾਪਰ ਰਿਹਾ ਹੈ। ਇਹਨਾਂ ਨਿਯਮਾਂ ਵਿੱਚ ਗੁਰੂਤਾ ਆਕਰਸ਼ਣ ਦਾ ਨਿਯਮ, ਕਮਜ਼ੋਰ ਬਿਜਲੀ ਤੇ ਚੁੰਬਕੀ ਬਲਾਂ ਦਾ ਨਿਯਮ ਅਤੇ ਨਿਊਕਲੀ ਬਲਾਂ ਦਾ ਨਿਯਮ ਆਦਿ ਹਨ। ਜਿੰਨ੍ਹਾਂ ਦਾ ਵੇਰਵਾ ਮੈਂ ਆਪਣੀ ਕਿਤਾਬ "ਸਮੇਂ ਦਾ ਇਤਿਹਾਸ" ਵਿੱਚ ਦਿੱਤਾ ਹੋਇਆ ਹੈ। ਇਹ ਨਿਯਮ ਸਦਾ ਸਨ ਤੇ ਸਦਾ ਰਹਿਣਗੇ। ਕੋਈ ਵੀ ਧਰਤੀ 'ਤੇ ਉਪਲਭਧ ਵਸਤੂ ਇਹਨਾਂ ਨਿਯਮਾਂ ਤੋਂ ਬਾਹਰ ਨਹੀਂ ਹੋ ਸਕਦੀ। ਪਿਛਲੇ ਸਾਲ ਜੂਨ ਵਿੱਚ ਹੀ ਉਤਰਾਖੰਡ ਵਿਖੇ ਗੁਰੂਤਾ ਆਕਰਸ਼ਣ ਦੇ ਨਿਯਮ ਦਾ ਪ੍ਰਭਾਵ ਅਸੀਂ ਸਭਨੇ ਅੱਖੀਂ ਵੇਖਿਆ ਸੀ। ਬਹੁਤ ਸਾਰੇ ਧਾਰਮਿਕ ਅਸਥਾਨ ਸਾਬਣਦਾਨੀਆਂ ਦੀ ਤਰ੍ਹਾਂ ਪਾਣੀ ਵਿੱਚ ਵਹਿ ਰਹੇ ਸਨ। ਇਸ ਲਈ ਮੇਰੀ ਹੋਂਦ ਵੀ ਇਹਨਾਂ ਪ੍ਰਾਕਿਰਤਿਕ ਨਿਯਮਾਂ ਕਰਕੇ ਹੋਈ ਹੈ। ਮੈਂ ਜੋ ਕੁਝ ਵੀ ਖਾਂਦਾ ਪੀਂਦਾ ਹਾਂ ਉਹ ਧਰਤੀ 'ਤੇ ਇਹਨਾਂ ਨਿਯਮਾਂ ਦੀ ਪੈਦਾਇਸ਼ ਹੈ। ਮੇਰੇ ਮਾਂ-ਪਿਉ ਨੇ ਮੈਨੂੰ ਇੱਕ-ਇੱਕ ਸੈੱਲ ਦਿੱਤਾ ਤੇ ਧਰਤੀ 'ਤੇ ਉਪਲਭਧ ਚੀਜ਼ਾਂ ਖਾ ਪੀ ਕੇ ਮੈਂ ਵੱਡਾ ਹੁੰਦਾ ਗਿਆ। ਮੇਰੀ ਮੌਤ ਤੋਂ ਬਾਅਦ ਇਹ ਸਾਰੇ ਖਾਧੇ ਪੀਤੇ ਪਦਾਰਥ ਧਰਤੀ ਨੂੰ ਹੀ ਵਾਪਸ ਹੋ ਜਾਣੇ ਹਨ। ਮੇਰਾ ਮਨ ਵੀ ਮੇਰੇ ਦਿਮਾਗ ਵਿੱਚ ਹੋ ਰਹੀਆਂ ਰਸਾਇਣਿਕ ਤਬਦੀਲੀਆਂ ਕਰਕੇ ਸੋਚਦਾ ਹੈ।



**ਪ੍ਰਸ਼ਨ : ਕੀ ਮਰੇ ਹੋਏ ਵਿਅਕਤੀ ਦਾ ਮਜਾਕ ਉਡਾਉਣਾ ਠੀਕ ਹੈ?**

ਉੱਤਰ : ਸਾਡੇ ਸਮਾਜ ਵਿੱਚ ਮਰੇ ਵਿਅਕਤੀ ਦੇ ਮਜਾਕ ਉਡਾਉਣ ਨੂੰ ਬਹੁਤ ਨਿੰਦਣਯੋਗ ਸਮਝਿਆ ਜਾਂਦਾ ਹੈ। ਮਰ ਚੁੱਕੇ ਵਿਅਕਤੀ ਦੇ ਕੰਮਾਂ ਦਾ ਤੇ ਕੰਮ ਢੰਗਾਂ ਦਾ ਵਿਸ਼ਲੇਸ਼ਣ ਜ਼ਰੂਰ ਹੋਣਾ ਚਾਹੀਦਾ ਹੈ। ਉਸਦੇ ਚੰਗੇ ਗੁਣ ਸਾਨੂੰ ਅਪਣਾਉਣੇ ਚਾਹੀਦੇ ਹਨ ਪਰ ਮੰਦੇ ਗੁਣ ਛੱਡ ਦੇਣੇ ਚਾਹੀਦੇ ਹਨ। ਅਸੀਂ ਤਰਕਸ਼ੀਲ ਮਰੇ ਵਿਅਕਤੀਆਂ ਦਾ ਮਜਾਕ ਉਡਾਉਣ ਵਿੱਚ ਯਕੀਨ ਨਹੀਂ ਰੱਖਦੇ ਪਰ ਧਾਰਮਿਕ ਵਿਅਕਤੀ ਅਜਿਹਾ ਨਹੀਂ ਕਰਦੇ। ਉਹ ਧਰਮ ਦੀ ਆੜ ਵਿੱਚ ਮਰੇ ਵਿਅਕਤੀਆਂ ਲਈ ਘਟੀਆ ਸ਼ਬਦਾਵਲੀ ਵੀ ਵਰਤਦੇ ਹਨ। ਜਿਵੇਂ ਰਾਵਣ ਦੇ ਬੁੱਤ ਫੂਕੇ ਜਾਂਦੇ ਹਨ। ਜਾਂ ਮਰਿਆਂ ਹੋਇਆਂ ਨੂੰ ਕੜਾਹਿਆਂ ਵਿੱਚ ਉਬਲਦੇ ਵਿਖਾਇਆ ਜਾਂਦਾ ਹੈ।

**ਪ੍ਰਸ਼ਨ : ਸ਼ਹਿਰ ਪਵਿੱਤਰ ਕਿਵੇਂ ਬਣ ਜਾਂਦੇ ਹਨ?**

ਉੱਤਰ : ਸ਼ਹਿਰ ਪਵਿੱਤਰ ਜਾਂ ਅਪਵਿੱਤਰ ਉਥੋਂ ਦੇ ਰਹਿਣ ਵਾਲੇ ਵਸਨੀਕਾਂ ਕਰਕੇ ਹੁੰਦੇ ਹਨ। ਕਿਸੇ ਸਮੇਂ 'ਚ ਇਹਨਾਂ ਥਾਵਾਂ ਉੱਪਰ ਸਮਾਜ ਲਈ ਵੱਡੇ ਯੋਗਦਾਨ ਪਾਉਣ ਵਾਲੀਆਂ ਸ਼ਖ਼ਸ਼ੀਅਤਾਂ ਰਹੀਆਂ ਹੁੰਦੀਆਂ ਹਨ। ਇਸ ਲਈ ਲੋਕ ਇਹਨਾਂ ਸਥਾਨਾਂ ਨੂੰ ਪਵਿੱਤਰ ਸਮਝਦੇ ਹਨ। ਪਰ ਪਵਿੱਤਰ ਜਾਂ ਅਪਵਿੱਤਰ ਹੋਣਾ ਇੱਕ ਸਮਾਜਿਕ ਭਰਮ ਹੀ ਹੈ। ਸਮਾਜਿਕ ਪੱਖੋਂ ਸਾਰੇ ਸ਼ਹਿਰ ਇੱਕੋ ਜਿਹੇ ਹੀ ਹੁੰਦੇ ਹਨ। ਪਰ ਵੱਖ-ਵੱਖ ਧਰਮਾਂ ਦੇ ਲੋਕ ਆਪਣੇ ਪੈਗੰਬਰਾਂ ਬਾਰੇ ਸ਼ਹਿਰਾਂ ਨੂੰ ਪਵਿੱਤਰ ਮੰਨਣਾ ਸ਼ੁਰੂ ਕਰ ਦਿੰਦੇ ਹਨ। ਸਰਕਾਰ ਵੋਟਾਂ ਲੈਣ ਲਈ ਵੀ ਅਜਿਹੇ ਵਸੀਲੇ ਅਪਣਾਉਂਦੀਆਂ ਹਨ।

**ਪ੍ਰਸ਼ਨ : ਕਥਾਵਾਚਕ ਪਿਛਲੇ ਜਨਮ ਤੇ ਅਗਲੇ ਜਨਮ ਦੀ ਗੱਲ ਕਿਉਂ ਕਰਦੇ ਹਨ?**

ਉੱਤਰ : ਲੋਕਾਂ ਦੀਆਂ ਜੇਬ੍ਹਾਂ ਵਿੱਚੋਂ ਪੈਸੇ ਕਢਾਉਣੇ ਸੁਖਾਲਾ ਕੰਮ ਨਹੀਂ ਹੁੰਦਾ। ਇਸ ਲਈ ਸੌ ਪਾਪੜ ਵੇਲਣੇ ਪੈਂਦੇ ਹਨ। ਕਥਾ ਵਾਚਕ ਵੀ ਅਗਲੇ ਤੇ ਪਿਛਲੇ ਜਨਮ ਦਾ ਪ੍ਰਚਾਰ ਇਸ ਲਈ ਕਰਦੇ ਹਨ ਕਿਉਂਕਿ ਲੋਕ ਡਰਦੇ ਮਾਰੇ ਉਹਨਾਂ ਦੀ ਝੋਲੀ ਵਿੱਚ ਕੁੱਝ ਪੈਸੇ ਪਾ ਦੇਣ। ਨਰਕਾਂ ਦਾ ਡਰ ਅਤੇ ਸਵਰਗਾਂ ਦਾ ਲਾਲਚ ਕਰਕੇ ਮਨੁੱਖ ਸੁਖਾਲੇ ਹੀ ਆਪਣੀ ਜੇਬ੍ਹ 'ਚੋਂ ਪੈਸੇ ਕੱਢ ਦਿੰਦਾ ਹੈ।

**ਪ੍ਰਸ਼ਨ : ਕੀ ਇਤਿਹਾਸ ਬਦਲਿਆ ਜਾ ਸਕਦਾ ਹੈ?**

ਉੱਤਰ : ਜੀ ਹਾਂ ਹਰੇਕ ਸਿਆਸੀ ਪਾਰਟੀ ਆਪਣੇ ਇਤਿਹਾਸ ਨੂੰ ਪੁੱਠਾ ਗੇੜਾ ਦਿੰਦੀ ਹੈ। ਆਪਣੀ ਸਿਆਸਤ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ ਵਿਰਸੇ ਨੂੰ ਕਾਫ਼ੀ ਪ੍ਰਭਾਵਸ਼ਾਲੀ ਦਰਸਾਇਆ ਜਾਂਦਾ ਹੈ। ਭਾਰਤੀ ਜਨਤਾ ਪਾਰਟੀ ਨੇ ਪਿਛਲੇ ਸਮਿਆਂ ਵਿੱਚ ਕਾਫ਼ੀ ਯਤਨ ਕੀਤਾ ਹੈ ਕਿ ਇਤਿਹਾਸ ਦਾ ਪਹੀਆ ਪਿਛਾਂਹ ਨੂੰ ਮੋੜਿਆ ਜਾਵੇ।

**ਪ੍ਰਸ਼ਨ : ਧੂਰੀ ਦੇ ਨਜ਼ਦੀਕ ਪਿੰਡ ਹੇੜੀ ਵਿਖੇ ਇੱਕ ਕੇਸੂ ਦੇ ਬੂਟੇ ਥੱਲੇ ਪਾਣੀ ਦੇ ਸਿੱਟੇ ਕਿਵੇਂ ਡਿੱਗਦੇ ਹਨ?**

ਉੱਤਰ : ਪ੍ਰਾਕਿਰਤੀ ਵਿੱਚ ਅਜਿਹੇ ਬਹੁਤ ਸਾਰੇ ਪੌਦੇ ਹੁੰਦੇ ਹਨ। ਜਿਨ੍ਹਾਂ ਦੇ ਪੱਤਿਆਂ ਵਿੱਚਲੇ ਸੁਰਾਖਾਂ ਰਾਹੀਂ ਪਾਣੀ ਰਿਸਣ ਲੱਗ ਜਾਂਦਾ ਹੈ। ਕੇਸੂ ਵੀ ਅਜਿਹਾ ਹੀ ਇੱਕ ਬੂਟਾ ਹੈ। ਇਸਦੀਆਂ ਜੜ੍ਹਾਂ ਵਿੱਚ ਪਾਣੀ ਜਾਣ 'ਤੇ ਇਸਦਾ ਤਣਾਂ ਪਾਣੀ ਚੂਸ ਲੈਂਦਾ ਹੈ। ਹੌਲੀ-ਹੌਲੀ ਇਹ ਪਾਣੀ ਪੱਤਿਆਂ ਵਿੱਚ ਚਲਿਆ ਜਾਂਦਾ ਹੈ। ਪੱਤਿਆਂ ਵਿੱਚ ਛੋਟੇ-ਛੋਟੇ ਕਰੋੜਾਂ ਦੀ ਤਦਾਦ ਵਿੱਚ ਸੁਰਾਖ ਹੁੰਦੇ ਹਨ। ਜਿਹਨਾਂ ਨੂੰ ਸਟੋਮੈਟਾ ਕਿਹਾ ਜਾਂਦਾ ਹੈ। ਇਹਨਾਂ ਦੇ ਮੂੰਹ ਖੁੱਲ੍ਹ ਜਾਂਦੇ ਹਨ। ਇਹਨਾਂ ਸੁਰਾਖਾਂ ਵਿੱਚੋਂ ਪਾਣੀ ਰਿਸਣਾ ਸ਼ੁਰੂ ਹੋ ਜਾਂਦਾ ਹੈ। ਜੋ ਹਲਕੀ ਬਰਸਾਤ ਦੀ ਤਰ੍ਹਾਂ ਧਰਤੀ 'ਤੇ ਡਿੱਗਦਾ ਰਹਿੰਦਾ ਹੈ। ਇਸ ਵਿਧੀ ਨੂੰ ਟਰਾਂਸਪਾਇਰੇਸ਼ਨ ਕਿਹਾ ਜਾਂਦਾ ਹੈ।

**– ਮੇਘ ਰਾਜ ਮਿੱਤਰ**
ਮੋਬਾ: 98887-87440


## ਵਿਗਿਆਨ ਜੋਤ

ਨੂੰ ਘਰ ਘਰ ਪਹੁੰਚਾਉਣ ਲਈ
ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ** ਬਣਾਉਣ ਵਾਲੇ ਨੂੰ
70 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ
160 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ
340 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ
1000 ਰੁਪਏ ਮੁੱਲ ਦੀਆਂ ਕਿਤਾਬਾਂ
ਅਤੇ ਇੱਕ ਪ੍ਰਸ਼ੰਸਾ ਪੱਤਰ
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਸਾਧੂ ਬਾਣੇ ਵਿੱਚ ਪਾਖੰਡੀ ਸਾਧ

ਉਤਰਾਖੰਡ ਦੀ ਰਾਜਧਾਨੀ ਦੇਹਰਾਦੂਨ ਤੋਂ 45 ਕਿਲੋਮੀਟਰ ਦੂਰ ਅਧਿਆਤਮਕ ਚੇਤਨਾ ਦਾ ਕੇਂਦਰ ਆਖੀ ਜਾਣ ਵਾਲੀ ਧਰਮ ਨਗਰੀ ਰਿਸ਼ੀਕੇਸ਼ ਵਿੱਚ ਪੈਰ ਰੱਖਣ ਦੇ ਨਾਲ ਸਭ ਤੋਂ ਪਹਿਲਾਂ ਤੁਹਾਡੀ ਮੁਲਾਕਾਤ ਭਿੰਨ-ਭਿੰਨ ਪਹਿਰਾਵੇ ਵਾਲੇ ਸਾਧੂਆਂ ਨਾਲ ਹੋਈ ਹੋਵੇਗੀ। ਜਿਉਂ-ਜਿਉਂ ਪੈਰ ਗੰਗਾ ਕਿਨਾਰੇ ਬਣੇ ਆਸ਼ਰਮਾਂ, ਮਠਾਂ ਇਸ਼ਨਾਨ ਘਾਟਾਂ ਅਤੇ ਮੰਦਰਾਂ ਵੱਲ ਵਧਣਗੇ, ਇਹ ਗਿਣਤੀ ਸੈਂਕੜਿਆਂ ਵਿੱਚ ਪਹੁੰਚ ਜਾਵੇਗੀ। ਸੜਕਾਂ ਉੱਤੇ ਟਹਿਲਦੇ, ਵਿਦੇਸ਼ੀ ਸੈਲਾਨੀਆਂ ਤੋਂ ਕੁੱਝ ਮੰਗਦੇ ਜਾਂ ਚਿਲਮ ਦੇ ਦੁਆਰਾ ਨਸ਼ੀਲੇ ਪਦਾਰਥ ਪੀਂਦੇ ਭਗਵੇ ਵਸਤਰਧਾਰੀ ਮਿਲ ਜਾਣਗੇ। ਉਨ੍ਹਾਂ ਨੂੰ ਦੇਖ ਕੇ ਕਈ ਅੰਧ-ਭਗਤ ਇੰਜ ਬਾਗ-ਬਾਗ ਹੋ ਜਾਂਦੇ ਹਨ ਕਿ ਜਿਵੇਂ ਕਿਸੇ ਅਲੌਕਿਕ ਸ਼ਕਤੀ ਨਾਲ ਮੁਲਾਕਾਤ ਹੋ ਗਈ ਹੋਵੇ। ਉਂਜ ਵੀ ਅੰਧ-ਭਗਤਾਂ ਦੇ ਲਈ ਬਾਬਿਆਂ ਦਾ ਵੱਡਾ ਬਾਜ਼ਾਰ ਮੌਜੂਦ ਹੈ।



ਰਿਸ਼ੀਕੇਸ਼ ਦੀ ਪਛਾਣ ਧਰਮ ਨਗਰੀ ਦੇ ਰੂਪ ਵਿੱਚ ਹੈ। ਇਸ ਦੇ ਬਾਰੇ ਵਿੱਚ ਕਿਹਾ ਜਾਂਦਾ ਹੈ ਕਿ ਰੈਭਯਮੁਨੀ ਦੁਆਰਾ ਇਸ ਸਥਾਨ ਉੱਤੇ ਇੰਦਰੀਆਂ ਉੱਤੇ ਜਿੱਤ ਪ੍ਰਾਪਤ ਕੀਤੀ ਸੀ। ਇਸ ਲਈ ਇਸ ਸਥਾਨ ਦਾ ਨਾਂ ਹ੍ਰਿਸ਼ੀਕੇਸ਼ ਪਿਆ, ਪ੍ਰੰਤੂ ਉਚਾਰਣ ਦੋਸ਼ ਦੇ ਕਾਰਨ ਬਾਅਦ ਵਿੱਚ ਨਾਂ ਰਿਸ਼ੀਕੇਸ਼ ਹੋ ਗਿਆ।

ਗੰਗਾ ਨਦੀ ਦੇ ਆਲੇ-ਦੁਆਲੇ ਵਸੇ ਇਸ ਨਗਰ ਵਿੱਚ ਸੈਂਕੜੇ ਆਸ਼ਰਮ, ਪ੍ਰਾਚੀਨ ਅਤੇ ਨਵੇਂ-ਨਵੇਂ ਮੰਦਰ, ਮਠ, ਧਾਰਮਿਕ ਸਥਾਨ ਹਨ। ਦੇਸ਼ ਦੇ ਇਲਾਵਾ ਵਿਦੇਸ਼ਾਂ ਤੋਂ ਵੀ ਲੱਖਾਂ ਲੋਕ ਆਉਂਦੇ ਜਾਂਦੇ ਹਨ। ਹਰ ਭਗਵਾਂ-ਧਾਰੀ ਭਾਵੇ ਸਾਧੂ ਨਾ ਹੋਵੇ, ਪ੍ਰੰਤੂ ਇੱਥੇ ਸਾਧੂਆਂ ਦੀ ਵੱਡੀ ਜਮਾਤ ਦਾ ਡੇਰਾ ਹੁੰਦਾ ਹੈ, ਜੋ ਪਾਖੰਡੀ, ਢੋਂਗੀ ਹੁੰਦੇ ਹਨ। ਉਹਨਾਂ ਦਾ ਪਹਿਰਾਵਾ ਬੇਹੱਦ ਪ੍ਰਭਾਵਸ਼ਾਲੀ ਹੁੰਦਾ ਹੈ। ਵੱਖ-ਵੱਖ ਤਰ੍ਹਾਂ ਦੇ ਕੱਪੜਿਆਂ ਵਿੱਚ ਰਹਿ ਕੇ ਉਹ ਘੁੰਮਦੇ ਹਨ। ਅਜਿਹੇ ਸਾਧੂ ਆਖ਼ਰ ਕੌਣ ਹੁੰਦੇ ਹਨ? ਉਨ੍ਹਾਂ ਨੂੰ ਨੇੜੇ ਤੋਂ ਪਰਖਣ ਦੀ ਅਸਾਂ ਕੋਸ਼ਿਸ਼ ਕੀਤੀ।

**ਪਖੰਡੀਆਂ ਦਾ ਦਿਨ ਭਰ ਦਾ ਕੰਮ ਧੰਦਾ :** ਢੋਂਗ ਪਖੰਡੀਆਂ ਦਾ ਦਿਨ ਭਰ ਦਾ ਕੰਮ-ਧੰਦਾ ਵੱਖਰਾ ਹੁੰਦਾ ਹੈ। ਦਿਨ ਨਿਕਲਣ ਸਾਰ ਉਹ ਆਪਣੇ ਜ਼ਰੂਰੀ ਢੁੱਕਵੇਂ ਸਾਮਾਨ ਜਿਵੇਂ ਥੈਲਾ, ਭਾਂਡੇ, ਚਿਮਟਾ, ਕਮੰਡਲ ਅਤੇ ਕੱਪੜਿਆਂ ਦੇ ਨਾਲ ਆਸ਼ਰਮਾਂ, ਮਠਾਂ ਅਤੇ ਘਾਟਾਂ ਉੱਤੇ ਜਾ ਕੇ ਬੈਠ ਜਾਂਦੇ ਹਨ। ਇੱਥੇ ਸ਼ਰਧਾਲੂ ਅਤੇ ਸੈਲਾਨੀ ਉਨ੍ਹਾਂ ਨੂੰ ਸਵੇਰੇ ਨਾਸ਼ਤੇ ਲਈ ਕੁੱਝ ਖਾਣ ਦੇ ਲਈ ਦੇ ਦਿੰਦੇ ਹਨ। ਕੁੱਝ ਅਜਿਹੇ ਵੀ ਹਨ ਜੋ ਆਪਣੇ ਪੈਸਿਆਂ ਨਾਲ ਦੁਕਾਨਾਂ 'ਤੇ ਚਾਹ ਆਦਿ ਦਾ ਸੇਵਨ ਕਰਦੇ ਹਨ।

ਦੁਪਿਹਰ ਨੂੰ ਕਈ ਆਸ਼ਰਮਾਂ ਵਿੱਚ ਆਉਣ ਵਾਲਿਆਂ ਚੜ੍ਹਾਵੇ ਅਤੇ ਅਮੀਰ ਧਰਮ-ਪ੍ਰੇਮੀ ਪੈਰੋਕਾਰਾਂ ਦੇ ਪੈਸਿਆਂ ਨਾਲ ਭੰਡਾਰੇ ਆਦਿ ਹੁੰਦੇ ਹਨ। ਵਿਹਲੜਾਂ ਦੇ ਲਈ ਭੋਜਨ ਦਾ ਪ੍ਰਬੰਧ ਆਰਾਮ ਨਾਲ ਹੋ ਜਾਂਦਾ ਹੈ। ਇਸਦੇ ਲਈ ਉਨ੍ਹਾਂ ਨੂੰ ਕੋਈ ਕੀਮਤ ਅਦਾ ਨਹੀਂ ਕਰਨੀ ਪੈਂਦੀ। ਜਿਹੜੇ ਧਰਮ ਪ੍ਰੇਮੀਆਂ ਦੇ ਦਾਨ ਨਾਲ ਇਹ ਹੁੰਦਾ ਹੈ, ਉਹ ਸਾਧੂ ਬਾਣੇ ਵਾਲਿਆਂ ਨੂੰ ਖਾਂਦੇ ਦੇਖ ਕੇ ਖੁਸ਼ ਹੁੰਦੇ ਹਨ।

ਭੋਜਨ ਦੇ ਬਾਅਦ ਅਜਿਹੇ ਲੋਕ ਹਰੇ-ਭਰੇ ਦਰੱਖ਼ਤਾਂ ਦੇ ਹੇਠਾਂ ਨਸ਼ਾ ਅਤੇ ਆਰਾਮ ਕਰਦੇ ਹਨ। ਕੁੱਝ ਅਜਿਹੇ ਹਨ, ਜਿਹੜੇ ਦੇਸ਼ੀ ਵਿਦੇਸ਼ੀ ਸੈਲਾਨੀਆਂ ਤੋਂ ਮੰਗਣ ਦੇ ਲਈ ਸੜਕਾਂ-ਗਲੀਆਂ ਵਿੱਚ ਟਹਿਲਦੇ ਰਹਿੰਦੇ ਹਨ। ਵਿਦੇਸ਼ੀ ਉਨ੍ਹਾਂ ਨੂੰ ਕੈਮਰਿਆਂ ਵਿੱਚ ਕੈਦ ਕਰ ਕੇ ਆਪਣੇ ਦੇਸ਼ ਲਈ ਭਾਰਤ ਦਾ ਨਵਾਂ ਸ਼ੀਸ਼ਾ ਤਿਆਰ ਕਰਦੇ ਹਨ।

**ਨਸ਼ੇ ਨਾਲ ਡੂੰਘੀ ਯਾਰੀ :** ਉਂਜ ਤਾਂ ਗੰਗਾ ਕਿਨਾਰੇ ਉੱਤੇ ਕਿਸੇ ਵੀ ਪ੍ਰਕਾਰ ਦੇ ਨਸ਼ੇ ਦੀ ਮਨਾਹੀ ਹੈ, ਪ੍ਰੰਤੂ ਪਿੱਛੇ ਦਾ ਸੱਚ ਹੈਰਾਨ ਕਰਨ ਵਾਲਾ ਹੈ। 'ਜਾਫਰਾਨ', 'ਕਰੀਨਾ', 'ਦਿਲਰੁਬਾ' ਵਰਗੀ ਦੇਸੀ ਮਾਰਕਾ ਵਾਲੀ ਸ਼ਰਾਬ ਸਾਧੂਆਂ ਦੀ ਪਹਿਲੀ ਪਸੰਦ ਹੈ। ਇਸਦੇ ਇਲਾਵਾ ਚਰਸ, ਭੰਗ, ਗਾਂਜਾ ਵਾਲੀ ਚਿਲਮ ਸੁਲਘਦੀ ਰਹਿੰਦੀ ਹੈ।

ਨਸ਼ੇ ਦੇ ਬਿਨਾਂ ਉਨ੍ਹਾਂ ਨੂੰ ਸਵੇਰੇ ਤੋਂ ਸ਼ਾਮ ਤੱਕ ਦਾ ਧੰਦਾ ਔਖਾ ਲੱਗਦਾ ਹੈ। ਸੁਲਫੇ ਨੂੰ ਸਾਧੂ ਆਪਣੀ ਭਾਸ਼ਾ ਵਿੱਚ ਭੋਲੇ ਨਾਥ ਦਾ ਪ੍ਰਸ਼ਾਦ ਦੱਸਦੇ ਹਨ। ਜਿਵੇਂ ਭਗਵਾਨ ਨੇ ਉਨ੍ਹਾਂ ਨਾਲ ਮੁਲਾਕਾਤ ਕਰ ਰਿਹਾ ਹੋਵੇ ਕਿ ਤੁਸੀਂ ਦਮ ਲਗਾਓ, ਮੈਂ ਤੁਹਾਡਾ ਭਲਾ ਕਰ ਦਿਆਂਗਾ। ਵਿਦੇਸ਼ੀ ਸੈਲਾਨੀਆਂ ਦੇ ਨਾਲ ਨਸ਼ੇ ਦੀਆਂ ਪਾਰਟੀਆਂ ਤਕ ਕੀਤੀਆਂ ਜਾਂਦੀਆਂ ਹਨ। ਸ਼ੁੱਧ ਵਾਤਾਵਰਣ ਵਿੱਚ ਨਸ਼ੀਲੇ ਪਦਾਰਥਾਂ ਦੀ ਗੰਧ ਆਉਣ ਵਾਲਿਆਂ ਦੇ ਨੱਕਾਂ ਨਾਲ ਟਕਰਾਉਂਦੀ ਹੈ। ਕੋਈ ਦਰੱਖ਼ਤ ਦੇ ਹੇਠਾਂ ਬੈਠ ਕੇ ਧੂੰਏਂ ਦੇ ਛੱਲੇ ਕੱਢਦਾ ਹੈ ਤਾਂ ਕੋਈ ਕਿਨਾਰੇ ਉੱਤੇ ਬੈਠ ਕੇ।

ਪਰਮਾਰਥ ਨਿਕੇਤਨ ਮਾਰਗ ਉੱਤੇ ਚਾਹ-ਪਾਨ ਦੀ ਦੁਕਨ ਚਲਾਉਣ ਵਾਲੀ ਇਸਤਰੀ ਕਮਲਾ ਕਹਿੰਦੀ ਹੈ ਕਿ ਸਾਧੂ ਵੱਖ-ਵੱਖ ਮਾਰਕੇ ਦੇ ਗੁਟਕੇ ਅਤੇ ਬੀੜੀ ਪਸੰਦ ਕਰਦੇ ਹਨ। ਉਨ੍ਹਾਂ ਦੇ ਕਾਰਨ ਹੀ ਉਸਦੀ ਵਿਕਰੀ ਚੰਗੀ ਹੁੰਦੀ ਹੈ। ਨਸ਼ੇ ਦੀ ਖੁਮਾਰੀ ਸਾਧੂਆਂ ਦੇ ਚਿਹਰੇ ਉੱਤੇ ਨਾਚ ਕਰਦੀ ਦਿਸਦੀ ਹੈ। ਨਸ਼ਾ ਕਿਉਂ ਕਰਦੇ ਹੋ? ਇਸ ਸਵਾਲ ਦਾ ਜਵਾਬ ਇੱਕ ਸਾਧੂ ਪੁਰਾਣ ਦਾਸ ਨੇ ਇਹ ਕਹਿੰਦੇ ਹੋਏ ਦਿੱਤਾ ਕਿ ਨਸ਼ਾ ਤਾਂ ਹਰ ਚੀਜ਼ ਵਿੱਚ ਹੁੰਦਾ ਹੈ ਬਾਬੂ। ਫੇਰ ਅਸੀਂ ਤਾਂ ਭੋਲੇ ਬਾਬਾ ਦੀ ਬੂਟੀ, ਉਨ੍ਹਾਂ ਦੀ ਖੁਸ਼ੀ ਦੇ ਲਈ ਪੀਂਦੇ ਹਾਂ। ਜਵਾਬ ਭਾਵੇਂ ਹੀ ਹੱਸਣ ਵਾਲਾ ਸੀ, ਪ੍ਰੰਤੂ ਜ਼ਿਆਦਾਤਰ ਦਾ ਤਰਕ ਕੁੱਝ ਅਜਿਹਾ ਹੀ ਹੁੰਦਾ ਹੈ। ਧਰਮ ਨਗਰੀ ਵਿੱਚ ਨਸ਼ੇ ਦੇ ਵੱਡੇ ਕਾਰੋਬਾਰ ਨੂੰ ਦਬੀ ਜ਼ੁਬਾਨ ਨਾਲ ਪੁਲਿਸ ਵੀ ਮੰਨਦੀ ਹੈ।

**ਸੰਨਿਆਸ ਦਾ ਪਾਖੰਡ :** ਉਂਜ ਤਾਂ ਸੰਨਿਆਸ ਭੌਤਿਕ ਚੀਜ਼ਾਂ ਦੇ ਪ੍ਰਤੀ ਉਦਾਸੀਨ ਹੈ, ਪ੍ਰੰਤੂ ਪਖੰਡੀਆਂ ਨੂੰ ਉਸ ਨਾਲ ਪਿਆਰ ਹੈ। ਮਨੋਰੰਜਨ ਅਤੇ ਸੰਚਾਰ ਦੇ ਸਾਧਨ ਉਨ੍ਹਾਂ ਨੂੰ ਲਲਚਾਉਂਦੇ ਹਨ। ਹੁਣ ਤਾਂ ਸਾਧੂ ਮੋਬਾਇਲ, ਰੇਡੀਓ, ਟੇਪ-ਰਿਕਾਰਡ ਅਤੇ ਹੋਰ ਯੰਤਰਾਂ ਨਾਲ ਲੈਸ ਹੁੰਦੇ ਹਨ। ਮੌਜ-ਮਸਤੀ ਦੇ ਲਈ ਸਿਨੇਮਾ ਜਾਂ ਬਾਜ਼ਾਰ ਜਾਣ ਤੋਂ ਵੀ ਪ੍ਰਹੇਜ਼ ਨਹੀਂ ਕਰਦੇ। ਇਸ ਦੌਰਾਨ ਸਾਧੂਆਂ ਦਾ ਪਹਿਰਾਵਾ ਵੀ ਬਦਲ ਜਾਂਦਾ ਹੈ। ਸੰਨਿਆਸ ਦਾ ਢੋਂਗ ਕਰਨ ਵਾਲਿਆਂ ਨੂੰ ਖੂਬ ਪਤਾ ਹੁੰਦਾ ਹੈ ਕਿ 'ਮਾਈ ਨੇਮ ਇਜ਼ ਸ਼ੀਲਾ'... ਵਰਗੇ ਆਇਟਮ ਗਾਣੇ ਕਿੰਨੀ ਧੂਮ ਮਚਾ ਰਹੇ ਹਨ। ਕੰਨ ਨਾਲ ਏਅਰ ਫੋਨ ਲਗਾ ਕੇ ਸੁਣ ਰਹੇ ਅਜਿਹੇ ਗਾਣੇ ਉਨ੍ਹਾਂ ਦੇ ਦਿਮਾਗ ਵਿੱਚ ਨਵਾਂ ਸੰਚਾਰ ਕਰਦੇ ਹਨ।

ਲੰਬੀ ਦਾੜ੍ਹੀ ਅਤੇ ਜਟਾਂ ਵਾਲੇ ਇੱਕ ਸਾਧੂ ਦੇ ਕੋਲ ਜਾ ਕੇ ਅਸੀਂ ਪੁੱਛਿਆ ਕਿ ਬਾਬਾ, 'ਮਾਈ ਨੇਮ ਇਜ਼ ਸ਼ੀਲਾ' ਸੁਣਿਆ ਹੈ? ਜਵਾਬ ਵਿੱਚ ਉਹ ਇਸ ਤਰ੍ਹਾਂ ਮੁਸਕਰਾਏ ਜਿਵੇਂ ਦਿਲ ਦੇ ਤਾਰ ਨੂੰ ਝਣਕਾਰ ਦਿੱਤਾ ਹੋਵੇ। ਧਰਮ ਨਗਰੀ ਵਿੱਚ ਟਹਿਲਦੇ ਹੋਏ ਅਸੀਂ ਰੁੱਖ

ਦੇ ਹੇਠਾ ਆਰਾਮ ਫ਼ਰਮਾ ਰਹੇ ਮੋਟੀ ਤੋਂਦ ਵਾਲੇ ਇੱਕ ਭਗਵੇਂ ਵਸਤਰ ਧਾਰੀ ਦੇ ਕੋਲ ਪਹੁੰਚ ਗਏ। ਰਸਮੀ ਗੱਲਬਾਤ ਤੋਂ ਬਾਅਦ ਅਸੀਂ ਗੱਲਾਂ-ਗੱਲਾਂ ਵਿੱਚ ਪੁੱਛ ਹੀ ਲਿਆ ਕਿ ਬਾਬਾ, ਸਨਿਆਸ ਕੀ ਹੈ? ਮੁਸ਼ਕਰਾ ਕੇ ਬੋਲਿਆ, 'ਘਰ-ਬਾਰ ਛੱਡ ਦਿੱਤਾ ਬਾਬੂ! ਮੰਗ ਕੇ ਖਾ ਰਹੇ ਹੈਂ, ਇਹੀ ਸੰਨਿਆਸ ਹੈ।' ਆਤਮ-ਸੰਤੁਸ਼ਟੀ ਅਤੇ ਖਾਮੀਆਂ ਨੂੰ ਛਿਪਵਾਉਣ ਵਾਲਾ ਇਹ ਜਵਾਬ ਉਸਦੇ ਲਈ ਕਾਫੀ ਸੀ।

ਤਪੋਵਨ ਅਤੇ ਹੋਰ ਥਾਵਾਂ ਉੱਤੇ ਦੁਪਹਿਰ ਵਿੱਚ ਕਈ ਕਲਯੁੱਗੀ ਸਾਧੂ ਨੀਂਦ ਅਤੇ ਬੀੜੀ, ਸੁਲਫ਼ਾ ਸੇਵਨ ਕਰਨ ਵਿੱਚ ਲੀਨ ਮਿਲੇ। ਕੈਮਰਾ ਦੇਖ ਕੇ ਉਹ ਬੇਚੈਨ ਵੀ ਹੋਏ। ਇੱਕ 70 ਸਾਲ ਦੇ ਸਾਧੂ ਤੋਂ ਅਸੀਂ ਪੁੱਛਿਆ ਕਿ ਤੁਸੀਂ ਇੱਥੇ ਆ ਕੇ ਬਾਬਾ ਕਿਵੇਂ ਬਣ ਗਏ? ਉਸਨੇ ਆਪਣਾ ਨਾਂ ਗਣੇਸ਼ ਦਾਸ ਉਰਫ਼ ਪ੍ਰਭੂ ਦਾਸ ਦੱਸਿਆ ਅਤੇ ਕਿਹਾ ਕਿ ਜਵਾਨੀ ਦੇ ਦਿਨਾਂ ਵਿੱਚ ਘਰ ਵਿੱਚ ਪਿਤਾ ਦੀ ਕੁਟਾਈ ਤੋਂ ਮਗਰੋਂ ਘਰ ਛੱਡ ਦਿੱਤਾ ਅਤੇ ਸਾਧੂ ਬਣ ਗਏ। ਮੂਲਰੂਪ 'ਚ ਰਤਨਾਗਿਰੀ ਦੇ ਰਹਿਣ ਵਾਲੇ ਇਸ ਕਥਿਤ ਸਾਧੂ ਦਾ ਨਾਂ ਗਣੇਸ਼ ਸੀ। ਭਗਵਾਂ ਪਹਿਨਦੇ ਸਾਰ ਉਹ ਗਣੇਸ਼ ਦਾਸ ਹੋ ਗਿਆ। ਉਂਜ ਅਜਿਹੇ ਲੋਕਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਜ਼ੁੰਮੇਵਾਰੀਆਂ ਜਾਂ ਪੁਲਿਸ ਤੋਂ ਬਚ ਕੇ ਭੱਜ ਜਾਣਾ ਸੰਨਿਆਸ ਨਹੀਂ ਹੁੰਦਾ। ਅਜਿਹੇ ਬਹੁਤ ਸਾਰੇ ਚਿਹਰੇ ਸੰਨਿਆਸੀ ਦੇ ਬਾਣੇ ਵਿੱਚ ਮਿਲਦੇ ਹਨ।

ਸਾਧੂ ਬਾਣੇ ਵਿੱਚ ਅਪਰਾਧੀ : ਹਰਿਦੁਆਰ ਅਤੇ ਰਿਸ਼ੀਕੇਸ਼ ਵਰਗੀ ਧਰਮ-ਨਗਰੀਆਂ ਵਿੱਚ ਰਹਿਣ ਵਾਲੇ ਸਾਧੂ ਭੇਸ ਧਾਰੀਆਂ ਦਾ ਕੋਈ ਰਿਕਾਰਡ ਨਹੀਂ ਹੁੰਦਾ। ਉਹ ਕਿੱਥੋਂ ਆਉਂਦੇ ਹਨ, ਕਿੱਥੇ ਜਾਂਦੇ ਹਨ ਜਾਂ ਉਨ੍ਹਾਂ ਦਾ ਪਹਿਲਾਂ ਦਾ ਜੀਵਨ ਕੀ ਹੈ, ਇਸ ਗੱਲ ਨੂੰ ਕੋਈ ਨਹੀਂ ਜਾਣਦਾ। ਭਗਵਾ ਬਾਣਾ ਪਹਿਨਣ, ਦਾੜ੍ਹੀ ਅਤੇ ਵਾਲਾਂ ਨੂੰ ਵਧਾ ਕੇ ਤਰ੍ਹਾਂ-ਤਰ੍ਹਾਂ ਦੀਆਂ ਮਾਲਾਵਾਂ ਪਾ ਕੇ ਤਿਲਕ ਲਗਾ ਲੈਣ ਮਾਤਰ ਨਾਲ ਹੀ ਇੱਕ ਆਮ ਬੰਦਾ ਸਾਧੂ ਬਣ ਜਾਂਦਾ ਹੈ। ਗਿਆਨ ਦੀ ਡਿਗਰੀ ਵੀ ਕੱਪੜਿਆਂ ਦੇ ਸਾਹਮਣੇ ਅਪਾਹਜ ਰਹਿੰਦੀ ਹੈ। ਮਿਲਾਵਟ ਜਾਂ ਗੱਡਮੱਡ ਅਜਿਹੀ ਕਿ ਪਤਾ ਹੀ ਨਹੀਂ ਚੱਲਦਾ ਕਿ ਕੌਣ ਠੱਗ ਹੈ, ਕੌਣ ਅਪਰਾਧੀ, ਕੌਣ-ਕੌਣ ਸਾਧੂ?

ਨਸ਼ੇ ਦਾ ਗੋਰਖ-ਧੰਦਾ ਕਰਨ ਵਾਲੇ ਇੱਕ ਸਮੱਗਲਰ ਮੁਕੇਸ਼ ਮੋਹਨ ਨੇ ਗੋਆ ਪੁਲਿਸ ਦੇ ਛੱਕੇ ਛੁਡਾ ਦਿੱਤੇ, ਦਰਅਸਲ ਸਾਲ 2008 ਵਿੱਚ ਉਹ ਪੁਲਿਸ ਹਿਰਾਸਤ ਤੋਂ ਫਰਾਰ ਹੋ ਗਿਆ ਸੀ। ਇਸ ਤੋਂ ਪਿੱਛੋਂ ਉਸ ਨੇ ਰਿਸ਼ੀਕੇਸ਼ ਅਤੇ ਹਰਿਦੁਆਰ ਦਾ ਰੁਖ਼ ਕੀਤਾ ਅਤੇ ਮੁੱਕੂ ਬਾਬਾ ਬਣ ਗਿਆ। ਉਸਨੇ ਆਪਣੀ ਫ਼ਿਤਰਤ ਨਹੀਂ ਬਦਲੀ ਅਤੇ ਆਸ਼ਰਮਾਂ ਵਿੱਚ ਸਾਧੂਆਂ ਅਤੇ ਵਿਦੇਸ਼ੀ ਸੈਲਾਨੀਆਂ ਨੂੰ ਚਰਸ ਸਪਲਾਈ ਕਰਨ ਲੱਗਾ। ਵਿਦੇਸ਼ੀਆਂ ਦੇ ਸੰਪਰਕ ਵਿੱਚ ਆ ਕੇ ਇੰਟਰਨੈੱਟ ਵਰਤਣਾ ਵੀ ਸ਼ੁਰੂ ਕਰ ਦਿੱਤਾ ਅਤੇ ਆਪ ਵਿਦੇਸ਼ ਜਾਣ ਦੇ ਸੁਪਨੇ ਦੇਖਣ ਲੱਗਾ। ਤਿੰਨ ਸਾਲ ਤੋਂ ਮਗਰੋਂ ਉਹ ਪੁਲਿਸ ਦੇ ਹੱਥੇ ਚੜ੍ਹਿਆ ਤਾਂ ਉਸ ਦੇ ਪਾਸੋਂ ਧਾਰਮਿਕ ਪੁਸਤਕਾਂ, ਚਾਕੂ, ਮਾਲਾ ਅਤੇ ਕੈਮਰਾ, ਆਦਿ ਚੀਜ਼ਾਂ ਬਰਾਮਦ ਹੋਈਆਂ।

ਜੈਪੁਰ ਦੇ ਕਿਸ਼ਤਗੜ੍ਹ ਦੇ ਵਿਧਾਇਕ ਨਾਥੂਰਾਮ ਦੇ ਪੁੱਤਰ ਦੀ ਹੱਤਿਆ ਦਾ ਦੋਸ਼ੀ ਬਲਵਾ ਰਾਮ ਵੀ ਹਰਿਦੁਆਰ ਆ ਕੇ ਸਾਧੂ ਬਣ ਗਿਆ। ਅਸਲ ਵਿੱਚ, ਹੱਤਿਆ ਤੋਂ ਪਿੱਛੋਂ ਉਹ ਫਰਾਰ ਹੋਇਆ ਅਤੇ ਹਰਿਦੁਆਰ ਅਤੇ ਰਿਸ਼ੀਕੇਸ਼ ਵਿੱਚ ਸਾਧੂ ਬਣ ਗਿਆ। ਪੁਲਿਸ ਨੇ ਉਸ ਨੂੰ ਫੜ ਲਿਆ। ਉਹ ਨਾਂ ਬਦਲ ਕੇ ਬਲਵਾਨ ਰਾਮ ਤੋਂ ਬਲਦੇਵਦਾਸ ਹੋ ਗਿਆ ਸੀ। ਉਸਦੇ ਵਿਰੁੱਧ ਲੁੱਟ ਦੇ ਪੁਰਾਣੇ ਕਈ ਕੇਸ ਦਰਜ਼ ਸਨ।

ਕੁੱਝ ਸਮੇਂ ਪਹਿਲਾਂ ਸਾਧੂਆਂ ਦਾ ਇੱਕ ਦਲ ਸਮਾਜਿਕ ਕਾਰਜਕਰਤਾ ਤ੍ਰਿਪਤਾ ਸ਼ਰਮਾ ਦਲ ਦੇ ਨਾਲ ਦੇਹਰਾਦੂਨ ਦੇ ਆਈ. ਜੀ. ਨੂੰ ਮਿਲਿਆ ਅਤੇ ਦੋਸ਼ ਲਗਾਇਆ ਕਿ ਰਿਸ਼ੀਕੇਸ਼ ਵਿੱਚ ਕੁੱਝ ਹਿਸਟਰੀ ਸ਼ੀਟਰ, ਕਾਤਲ ਅਤੇ ਲੁਟੇਰੇ ਗਰੋਹ ਬਣਾ ਕੇ ਸਾਧੂਆਂ ਦੇ ਬਾਣੇ ਧਾਰਨ ਕਰ ਕੇ ਘੁੰਮ ਰਹੇ ਹਨ। ਜੇਕਰ ਪੁਲਿਸ ਜਾਂਚ ਹੋ ਜਾਵੇ ਤਾਂ ਕਈ ਰਾਜਾਂ ਦੇ ਲੋੜੀਂਦੇ ਅਪਰਾਧੀ ਰਿਸ਼ੀਕੇਸ਼ ਅਤੇ ਹਰਿਦੁਆਰ ਵਰਗੀਆਂ ਨਗਰੀਆਂ ਤੋਂ ਮਿਲ ਜਾਣਗੇ।

ਸੈਕਸ ਸਕੈਂਡਲ ਵਿੱਚ ਫਸਦੇ ਢੋਂਗੀ : ਬਾਬਿਆਂ ਨੂੰ ਭਗਵਾਨ ਮੰਨ ਕੇ ਪੂਜਣ ਵਾਲੇ ਅੰਧ-ਭਗਤ ਸ਼ਰਧਾਲੂਆਂ ਦੀ ਸ਼ਰਧਾ ਹਿਚਕੋਲੇ ਤਦ ਖਾਂਦੀ ਹੈ, ਜਦ ਉਨ੍ਹਾਂ ਦੇ ਸੈਕਸ ਸਕੈਂਡਲ ਨਿਕਲ ਕੇ ਸਾਹਮਣੇ ਆਉਂਦੇ ਹਨ। ਬਾਬੇ ਲੋਕ ਯੌਨ ਸਬੰਧ, ਗੈਰ-ਕੁਦਰਤੀ ਕਾਰਿਆਂ ਅਤੇ ਵੇਸ਼ਵਾਵਿਰਤੀ ਰੈਕੇਟ ਚਲਾਉਣ ਦੇ ਦੋਸ਼ਾਂ ਵਿੱਚ ਘਿਰਦੇ ਰਹੇ ਹਨ। ਅਜਿਹੇ ਬਾਬੇ ਧਰਮ ਅਤੇ ਧਰਮ-ਨਗਰੀਆਂ ਨੂੰ ਬਦਨਾਮ ਹੀ ਕਰਦੇ ਰਹਿੰਦੇ ਹਨ।

ਹਰਿਦੁਆਰ ਦੀ ਗੱਲ ਕਰੀਏ ਤਾਂ ਇੱਕ ਸਾਧੂ ਸੁਧੀਰ-ਗਿਰੀ ਦੀ ਹੱਤਿਆ ਹੋ ਗਈ ਪੁਲਿਸ ਜਾਂਚ ਵਿਚ ਉਸਦੇ ਕਮਰੇ ਤੋਂ ਨਿਰੋਧਾਂ ਤੋਂ ਇਲਾਵਾ ਹੋਰ ਇਤਰਾਜ਼ਯੋਗ ਸਾਮਾਨ ਮਿਲਿਆ। ਅਜਿਹੀਆਂ ਚੀਜ਼ਾਂ ਸਾਧੂ ਦੇ ਕੋਲ ਕੀ ਆਪ ਚੱਲ ਕੇ ਆ ਗਈਆਂ ਸਨ? ਇਸਦਾ ਜਵਾਬ ਅੱਜ ਤਕ ਕਿਸੇ ਨੂੰ ਨਹੀਂ ਮਿਲ ਸਕਿਆ ਹੈ।

ਉੱਤਰ ਪ੍ਰਦੇਸ਼ ਦੇ ਬਿਜਨੌਰ ਵਿੱਚ ਮਦਰਸੇ ਦੇ ਇੱਕ ਮੌਲਵੀ ਨਗਨ-ਅਵਸਥਾ ਵਿੱਚ ਮਿਲੇ। ਜਾਂਚ ਵਿੱਚ ਪਤਾ ਚੱਲਿਆ ਕਿ ਵਿਆਗਰਾ ਦਾ ਉਸਨੇ ਜ਼ਿਆਦਾ ਸੇਵਨ ਕਰ ਲਿਆ ਸੀ ਅਤੇ ਇੱਕ ਮੁਟਿਆਰ ਦਾ ਰਾਤ ਨੂੰ ਭੂਤ ਉਤਾਰਨਾ ਚਾਹੁੰਦੇ ਸਨ, ਪ੍ਰੰਤੂ ਕਥਿਕ ਭਗਵਾਨ ਨੂੰ ਪਿਆਰੇ ਹੋ ਗਏ। ਪਖੰਡ ਦੇ ਨਾਂ 'ਤੇ ਰੋਜ਼ਾਨਾ ਨਵੇਂ ਕਿੱਸੇ ਸਾਹਮਣੇ ਆਉਂਦੇ ਰਹਿੰਦੇ ਹਨ। ਕੋਈ ਅਸ਼ਲੀਲ ਫਿਲਮਾਂ ਬਣਾ ਕੇ ਵੇਚਦਾ ਹੈ ਤੇ ਕੋਈ ਤੇਲਗੂ ਐਕਟਰੈਸ ਦੇ ਨਾਲ ਰੰਗਰਲੀਆਂ ਮਨਾਉਂਦਾ ਹੈ। ਅਜਿਹੇ ਬਾਬਿਆਂ ਦੀ ਬਹੁਤ ਵੱਡੀ ਗਿਣਤੀ ਹੈ। ਘਰ ਪਰਿਵਾਰ ਦੇ ਕਾਰਨਾਂ ਤੋਂ ਪ੍ਰੇਸ਼ਾਨ ਇਸਤਰੀ ਭਗਤਾਂ ਨੂੰ ਅਜਿਹੇ ਬਾਬਿਆਂ ਨਾਲ ਅਥਾਹ ਪ੍ਰੇਮ ਹੁੰਦਾ ਹੈ। ਮੌਕਾ ਮਿਲਦੇ ਸਾਰ ਹੀ ਉਹ ਕੁਕਰਮ ਕਰਨ ਤੋਂ ਵੀ ਨਹੀਂ ਖੁੰਝਦੇ।

ਸਾਧੂਆਂ ਦੀ ਕਰਤੂਤ : ਸਾਧੂ ਬਾਣੇ ਵਿੱਚ ਢੋਂਗੀਆਂ, ਪਖੰਡੀਆਂ ਅਤੇ ਸ਼ੈਤਾਨਾਂ ਦੀ ਵੱਡੀ ਗਿਣਤੀ ਮੌਜੂਦ ਹੈ। ਉਨ੍ਹਾਂ ਨੂੰ ਇਸ ਨਾਲ ਮਤਲਬ ਨਹੀਂ ਹੁੰਦਾ ਕਿ ਅੰਧ-ਭਗਤ ਕੀ ਸੋਚਣਗੇ, ਕਿਉਂਕਿ ਭਗਤਾਂ ਦੀ ਗਿਣਤੀ ਉਨ੍ਹਾਂ ਦੇ ਲਈ ਘੱਟਦੀ ਵੱਧਦੀ ਰਹਿੰਦੀ ਹੈ। ਅਮਰੀਕਾ ਦੀ ਇੱਕ 25 ਸਾਲਾ ਮੁਟਿਆਰ ਘੁੰਮਣ ਲਈ ਰਿਸ਼ੀਕੇਸ਼ ਆਈ। ਉਹ ਲਕਸ਼ਮਣ ਝੂਲਾ ਮਾਰਗ ਤੋਂ ਘੁੰਮਦੀ ਹੋਈ ਗੰਗਾ ਕਿਨਾਰੇ ਉੱਤੇ ਪਾਂਡਵ ਗੁਫ਼ਾ ਤੱਕ ਪਹੁੰਚ ਗਈ। ਇੱਕ ਸਾਧੂ ਵੇਸ਼ ਧਾਰੀ ਨੇ ਉਸ ਨਾਲ ਗੱਲਾਂ ਕੀਤੀਆਂ ਅਤੇ ਆਪਣੇ ਆਪ ਨੂੰ ਆਯੁਰਵੇਦ ਦਾ ਜਾਣਕਾਰ ਦੱਸ ਕੇ ਮਸਾਜ ਜਾਂ ਮਾਲਸ਼ ਮਾਹਰ ਵੀ ਦੱਸਿਆ। ਮੁਟਿਆਰ ਗੱਲਾਂ ਵਿੱਚ ਆ ਗਈ ਤਾਂ ਭੈੜੀ ਮਾਨਸਿਕਤਾ ਵਾਲੇ ਸਾਧੂ ਨੇ ਉਸ ਨਾਲ ਛੇੜ-ਛਾੜ ਕਰ ਕੇ ਕੁਕਰਮ ਕਰਨ ਦੀ ਕੋਸ਼ਿਸ਼ ਕੀਤੀ। ਮੁਟਿਆਰ ਨੇ ਭੱਜ ਕੇ ਆਪਣੇ ਆਪ ਨੂੰ ਬਚਾਇਆ। ਮਾਮਲਾ ਪੁਲਿਸ ਦੇ ਧਿਆਨ ਵਿੱਚ ਆਇਆ, ਪ੍ਰੰਤੂ ਪਖੰਡੀ ਹੱਥ ਨਹੀਂ ਲੱਗਿਆ। ਇਹ ਇੱਕੋ-ਇੱਕ ਮਾਮਲਾ ਨਹੀਂ ਹੈ।

ਸਾਧੂ ਬਾਣੇ ਵਾਲੇ ਸ਼ੈਤਾਨ ਦੇਸ਼ੀ ਵਿਦੇਸ਼ੀ ਇਸਤਰੀ ਸੈਲਾਨੀਆਂ ਉੱਤੇ ਫ਼ਿਕਰੇ ਕਸਣ ਦੇ ਨਾਲ ਮੌਕਾ ਮਿਲਣ ਉੱਤੇ ਛੇੜ-ਛਾੜ ਕਰ ਕੇ ਬੈਠਦੇ ਹਨ। ਇੱਕ ਵਿਆਹੁਤਾ ਸੈਲਾਨੀ ਕਹਿੰਦੀ ਹੈ ਕਿ ਉਸਦੇ ਬਰਾਬਰ ਤੋਂ ਇੱਕ ਸਾਧੂ, 'ਗੋਰੇ-ਗੋਰੇ ਮੁਖੜੇ ਪਰ ਕਾਲਾ-ਕਾਲਾ ਚਸ਼ਮਾ' ਗਾਣਾ ਗਾਉਂਦੇ ਹੋਏ ਨਿਕਲ ਗਿਆ, ਕਿਉਂਕਿ ਉਸਨੇ ਚਸ਼ਮਾ ਲਗਾਇਆ ਹੋਇਆ ਸੀ। ਸਥਾਨਕ ਲੋਕਾਂ ਦੀ ਮੰਨੀਏ ਤਾਂ ਅਜਿਹੇ ਸਾਧੂ ਫੜੇ ਜਾਣ ਦੇ ਡਰ ਤੋਂ ਥਾਂ ਬਦਲ ਲੈਂਦੇ ਹਨ। ਕੱਪੜੇ ਭਗਵੇਂ ਪਹਿਨਦੇ ਹਨ, ਪ੍ਰੰਤੂ ਮਨ ਵਿੱਚ ਪਾਪ-ਲੀਲਾ ਚੱਲਦੀ ਰਹਿੰਦੀ ਹੈ।

**-ਨਿਤਿਨ ਸਬਰੰਗੀ, ਧੰਨਵਾਦ ਸਹਿਤ ਮੈਗਜੀਨ 'ਸਰਿਤਾ' ਜੁਲਾਈ (ਪਹਿਲਾ) 2013**

# ਲਫ਼ਜ਼ਾਂ ਦੀ ਪੁਕਾਰ



**ਮਹਿੰਦਰ ਰਾਮ ਫੁਲਗਾਣਾ**

"ਨਸ਼ਿਆਂ' ਦੇ ਪਸਾਰੇ ਨੂੰ ਥੰਮਣ ਲਈ - ਬਿੱਲਿਆਂ ਦੀ ਨਹੀਂ ਬਘਿਆੜਾਂ ਦੀ ਬਲੀ ਦੇਣੀ ਪੈਣੀ ਹੈ।" ਪੰਜਾਬ ਅੰਦਰ ਨਸ਼ਿਆਂ ਦਾ ਪ੍ਰਕੋਪ ਇਸ ਕਦਰ ਵਧ ਗਿਆ ਹੈ ਪਿੰਡਾਂ ਅਤੇ ਸ਼ਹਿਰਾਂ ਵਿੱਚ ਹੁਣ ਇੱਕ-ਇੱਕ ਸ਼ਮਸ਼ਾਨਘਾਟ ਨਾਲ ਨਹੀਂ ਸਰਦਾ। ਨਸ਼ਿਆਂ ਦੇ ਪਸਾਰੇ ਨੇ ਮਾਪਿਆਂ ਦੇ ਸਾਹ ਸੂਤ ਲਏ ਹਨ। ਜਿਵੇਂ ਭਲੇ ਸਮਿਆਂ ਵਿੱਚ ਕੁੜੀ ਵਾਲੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਸਮੇਂ ਬਾਕੀ ਸਵਾਲਾਂ ਦੇ ਵਿੱਚੋਂ ਇੱਕ ਸਵਾਲ ਜ਼ਰੂਰ ਪੁੱਛਦੇ ਸਨ, ਮੁੰਡਾ ਕੀ ਕੰਮ ਕਰਦਾ ਹੈ, ਪਰੰਤੂ ਅੱਜ ਨਸ਼ਿਆਂ ਦੇ ਵਰਤਾਰੇ ਦੀ ਕਰੂਰਤਾ ਦਾ ਹੈ ਇਸ ਕਦਰ ਨਾਂ ਛਾ ਗਿਆ ਹੈ ਕਿ ਮਾਪੇ ਆਪਣੇ ਦਿਲ ਦਾ ਟੁਕੜਾ (ਲੜਕੀ) ਮੁੰਡੇ ਵਾਲਿਆਂ ਨੂੰ ਦੇਣ ਸਮੇਂ ਹੁਣ ਮੁੰਡੇ ਦੇ ਕੰਮ ਕਿੱਤੇ ਬਾਰੇ ਪ੍ਰਸ਼ਨ ਨਹੀਂ ਪੁੱਛੇ ਜਾਂਦੇ ਜੇਕਰ ਹੁਣ ਪੁੱਛਿਆਂ ਜਾਂਦਾ ਹੈ ਤਾਂ ਉਹ ਪ੍ਰਸ਼ਨ ਇਹ ਹੈ ਕਿ ਮੁੰਡਾ ਕੁੱਝ ਖਾਂਦਾ ਪੀਂਦਾ ਤਾਂ ਨਹੀਂ ਹੈ। ਇੱਕ ਘਟਨਾ ਹੋਰ ਵਾਪਰੀ ਨਸ਼ਿਆਂ ਦੇ ਵਰਤਾਰੇ ਦੀ ਕਿ ਇੱਕ ਸੋਹਣਾ ਸੁਨੱਖਾ ਨੌਜਵਾਨ ਸੜਕ 'ਤੇ ਡਿੱਗਿਆ ਪਿਆ ਸੀ ਰਾਹਗੀਰ ਦੀ ਜ਼ਮੀਰ ਝੰਜੋੜੀ ਗਈ ਉਸ ਰਾਹਗੀਰ ਨੇ ਸੜਕ ਤੋਂ ਪਾਸੇ ਕਰਕੇ ਉਸ ਨੌਜਵਾਨ ਦੀ ਜੇਬ੍ਹ ਵਿੱਚੋਂ ਘਰ ਦਾ ਪਤਾ ਲੱਭਿਆ ਤੇ ਉਸ ਨੌਜਵਾਨ ਦੇ ਘਰ ਫੋਨ ਕੀਤਾ ਅੱਗੋਂ ਉਸ ਨੌਜਵਾਨ ਦੀ ਮਾਂ ਨੇ ਫੋਨ ਚੁੱਕਿਆ, ਜਿਸਦੇ ਦਿਲ ਦਾ ਉਹ ਨੌਜਵਾਨ ਟੁਕੜਾ ਸੀ। ਮਾਂ ਨੇ ਉਸ ਰਾਹਗੀਰ ਦਾ ਟੈਲੀਫੋਨ ਸੁਣਿਆ, ਫੋਨ ਸੁਣਨ ਤੋਂ ਬਾਅਦ ਉਸ ਮਾਂ ਨੇ ਰਾਹਗੀਰ ਨੂੰ ਇੱਕ ਬੇਨਤੀ ਕੀਤੀ ਕਿ ਇੱਕ ਮਿਹਰਬਾਨੀ ਹੋਰ ਕਰਨਾ। ਫੋਨ ਤਾਂ ਤੁਸੀਂ ਕਰਕੇ ਮਿਹਰਬਾਨੀ ਕੀਤੀ ਤੇ ਦੂਸਰੀ ਮਿਹਰਬਾਨੀ ਇਹ ਕਰਨਾ ਕਿ ਜੇਕਰ ਇਹ ਸੜਕ ਦੇ ਕਿਨਾਰੇ ਡਿੱਗਿਆ ਪਿਆ ਹੈ ਤਾਂ ਘੜੀਸ ਕੇ ਇਸਨੂੰ ਸੜਕ ਦੇ ਵਿਚਕਾਰ ਕਰ ਦੇਣਾ। ਇੰਨੀ ਮਿਹਰਬਾਨੀ ਜ਼ਰੂਰ ਕਰ ਦੇਣਾ। ਪਾਠਕ ਇੱਕ ਮਾਂ ਦੇ ਲਫ਼ਜ਼ਾਂ ਤੋਂ ਉਸਦੀ ਮਨੋਦਸ਼ਾ ਦਾ ਆਪ ਹੀ ਅੰਦਾਜ਼ਾ ਲਾ ਸਕਦਾ ਹੈ। ਇੱਕ ਮਾਂ ਆਪਣੇ ਦਿਲ ਦੇ ਟੁਕੜੇ ਬਾਰੇ ਜਿਹੜੇ ਲਫ਼ਜ਼ ਵਰਤ ਰਹੀ ਹੈ ਉਹ ਮਾਂ ਆਪਣੇ ਨਸ਼ੇੜੀ ਪੁੱਤਰ ਤੋਂ ਕਿੰਨੀ ਦੁਖੀ ਹੋਵੇਗੀ।

ਪੰਜਾਬ ਅੰਦਰ ਨਸ਼ਿਆਂ ਦਾ ਜੋ ਪਸਾਰਾ ਪਸਰਿਆਂ ਹੈ ਇਹ ਕੋਈ ਐਵੇਂ ਨਹੀਂ ਪਸਰਿਆ ਪਿਆ, ਇਸ ਪਸਾਰੇ ਦੇ ਸੂਤਰਧਾਰ ਸਾਡੀ ਸਰਕਾਰ, ਸਾਡੀ ਅਫਸਰਸ਼ਾਹੀ ਤੇ ਉਹ ਤੰਤਰ ਜਿਸਨੇ ਇਸ ਪਸਾਰੇ ਨੂੰ ਰੋਕਣਾ ਹੈ ਉਹ ਪੁਲੀਸ ਜ਼ਿੰਮੇਵਾਰ ਹੈ। ਸਾਡੀ ਸਰਕਾਰ ਤੇ ਸਾਡੀ ਪੁਲੀਸ ਕੀ ਨਹੀਂ ਕਰ ਸਕਦੀ, ਸਭ ਕੁੱਝ ਕਰ ਸਕਦੀ ਹੈ ਪਰ ਜੇ ਚਾਹੇ ਤਾਂ ਨਹੀਂ ਤਾਂ ਨਹੀਂ। ਜੇਕਰ ਨਸ਼ੇ ਜ਼ੇਲ੍ਹਾਂ ਵਿੱਚ ਆਸਾਨੀ ਨਾਲ ਪਹੁੰਚ ਸਕਦੇ ਹਨ, ਘਰੋਂ-ਘਰੀਂ ਨਸ਼ਿਆਂ ਦੀ ਡਲਿੱਵਰੀ ਹੋ ਸਕਦੀ ਹੈ ਤਾਂ ਇਸਦਾ ਸਿੱਧਾ ਹੀ ਅਰਥ ਹੈ ਕਿ ਨਸ਼ਿਆਂ ਨੂੰ ਰੋਕਣ ਵਾਲੀ ਪੁਲੀਸ ਖੁਦ ਨਸ਼ੇ ਵਿਕਵਾ ਰਹੀ ਹੈ ਇਸ ਸੰਬੰਧੀ ਹੁਣ ਕਹਾਣੀਆਂ ਅਖਬਾਰਾਂ ਅਤੇ ਟੀ. ਵੀ. ਚੈਨਲਾਂ ਉੱਪਰ ਆਉਣ ਲੱਗ ਪੈਣੀਆਂ ਹਨ ਜਿਹੜੇ ਨਸ਼ੇ ਵਰਤਦੇ ਹਨ ਅਤੇ ਵੇਚਦੇ ਹਨ ਉਨ੍ਹਾਂ ਨੇ ਨਸ਼ਿਆਂ ਤੋਂ ਖਹਿੜਾ ਛੁਡਾਉਣਾ ਹੈ ਤੇ ਪੁਲੀਸ ਨੇ ਉਨ੍ਹਾਂ ਉੱਪਰ ਪਰਚੇ ਦਰਜ਼ ਕਰਨੇ ਹਨ ਜਿਹੜੇ ਇਹ ਧੰਦਾ ਛੱਡਣਗੇ।

16ਵੀਆਂ ਲੋਕ ਸਭਾਈ ਚੋਣਾਂ ਵਿੱਚ ਪੰਜਾਬ ਸਰਕਾਰ ਦੀ ਨਸ਼ਿਆਂ ਦੇ ਪਸਾਰੇ ਕਰਕੇ ਭੰਡੀ ਬਹੁਤ ਹੋਈ ਹੈ, ਪੰਜਾਬ ਦੇ ਵੋਟਰਾਂ ਨੇ ਇਸ ਸੰਬੰਧੀ ਆਪਣਾ ਗੁੱਸਾ ਕੱਢਿਆ ਹੈ। ਉਨ੍ਹਾਂ ਮਾਪਿਆਂ ਨੇ ਪੰਜਾਬ ਸਰਕਾਰ ਦੇ ਉਮੀਦਵਾਰਾਂ ਨੂੰ ਵੋਟ ਨਹੀਂ ਪਾਈ ਜਿੰਨ੍ਹਾਂ ਦੇ ਘਰ ਵਿੱਚ ਨਸ਼ਿਆਂ ਨੇ ਪੈਰ ਪਸਾਰੇ ਹਨ। ਪੰਜਾਬ ਅੰਦਰ ਇੱਕ ਸਰਵੇ ਮੁਤਾਬਕ 70% ਮੁੰਡੇ ਕੁੜੀਆਂ ਵੱਖ-ਵੱਖ ਨਸ਼ਿਆਂ ਦੇ ਆਦੀ ਹਨ। ਪੰਜਾਬ ਸਰਕਾਰ ਨੂੰ ਇਨ੍ਹਾਂ ਚੋਣਾਂ ਵਿੱਚ ਇਸ ਗੱਲ ਦਾ ਅਹਿਸਾਸ ਜ਼ਰੂਰ ਹੋ ਗਿਆ ਕਿ ਸਾਡੀ ਸਰਕਾਰ ਹੋਵੇ ਵੋਟਾਂ ਦੀ % ਤਾਂ ਆਮ ਆਦਮੀ ਪਾਰਟੀ ਦੇ ਨੇੜੇ ਤੇੜੇ ਹੋਵੇ ਜਿੰਨ੍ਹਾਂ ਨੇ ਨੰਗੇ ਧੜ ਕਾਮਰੇਡਾਂ ਦੀ ਤਰ੍ਹਾਂ ਚੋਣਾਂ ਲੜੀਆਂ ਹਨ ਸ਼੍ਰੋ. ਅ. ਦ. ਨੂੰ ਵੀ 4 ਸੀਟਾਂ ਤੇ ਆਮ ਆਦਮੀ ਪਾਰਟੀ ਨੂੰ ਵੀ 4 ਸੀਟਾਂ ਮਿਲੀਆਂ ਹਨ ਬਾਕੀ ਜਿੰਨ੍ਹਾਂ ਸੀਟਾਂ ਉੱਪਰ ਆਮ ਆਦਮੀ ਪਾਰਟੀ ਦਾ ਉਮੀਦਵਾਰ ਦੂਸਰੇ ਜਾਂ ਤੀਸਰੇ ਸਥਾਨ 'ਤੇ ਰਿਹਾ ਜੇਤੂ ਉਮੀਦਵਾਰ ਦਾ ਵੋਟਾਂ ਦਾ ਅੰਤਰ ਕੋਈ ਵੱਡਾ ਨਹੀਂ ਸੀ। ਇਹ ਗੱਲ ਤਾਂ ਆਮ ਪੰਜਾਬੀ ਕਹਿਣ ਲੱਗ ਪਿਆ ਸੀ ਕਿ ਪੰਜਾਬ ਸਰਕਾਰ ਨੇ ਜਿੰਨੀਆਂ ਵੀ ਚੋਣਾਂ ਜਿੱਤੀਆਂ ਹਨ ਉਹ ਨਸ਼ਿਆਂ ਦੇ ਸਿਰ ਤੋਂ ਹੀ ਜਿੱਤੀਆਂ ਹਨ ਚਾਹੇ ਨਸ਼ੇ ਵੇਚ ਕੇ ਜਾਂ ਨਸ਼ੇ ਵੰਡ ਕੇ। ਸਾਬਕਾ ਜ਼ੇਲ੍ਹਾਂ ਦੇ ਡੀ. ਜੀ. ਪੀ. ਸ਼੍ਰੀ ਸ਼ਸ਼ੀ ਕਾਂਤ ਨੇ ਸ਼ਰੇਆਮ ਸਰਕਾਰ ਦੇ ਮੰਤਰੀਆਂ ਦੇ ਨਾਮ ਲਏ ਹਨ ਜਿਹੜੇ ਨਸ਼ੇ ਦਾ ਕਾਰੋਬਾਰ ਕਰਦੇ ਹਨ ਇੱਥੋਂ ਤੱਕ ਕਿ ਕਈ ਪ੍ਰੈੱਸ ਕਾਨਫਰੰਸਾਂ ਵਿੱਚ ਵੀ ਪੱਤਰਕਾਰਾਂ ਦੇ ਰੂਬਰੂ ਹੋ ਕੇ ਸਰਕਾਰ ਦੇ ਮੰਤਰੀਆਂ ਉੱਪਰ ਨਸ਼ੇ ਵੇਚਣ ਤੇ ਵੰਡਣ ਦੋਸ਼ ਸ਼ਰੇਆਮ ਲਗਾਏ ਹਨ। ਸ਼ਸ਼ੀਕਾਂਤ ਨੇ ਕੁਝ ਘਟਨਾਵਾਂ ਦਾ ਜਿਕਰ ਵੀ ਮੀਡੀਏ ਵਿੱਚ ਵੱਡੇ ਬਾਦਲ ਸਾਹਿਬ ਸਬੰਧੀ ਕੀਤਾ ਹੈ ਜਿਸ ਵਿੱਚ ਉਸਨੇ ਕਿਹਾ ਕਿ ਬਾਦਲ ਸਾਹਿਬ ਮੈਨੂੰ ਕਹਿੰਦੇ ਇਸ ਤਰ੍ਹਾਂ ਦੀਆਂ ਗੱਲਾਂ ਲਿਖਕੇ ਨਹੀਂ ਕਰੀਦੀਆਂ ਗੱਲਾਂ ਕੰਨਾਂ ਵਿੱਚ ਦੱਸਣ ਵਾਲੀਆਂ ਹੁੰਦੀਆਂ ਹਨ ਫਲਾਣਾ-ਫਲਾਣਾ ਮੰਤਰੀ ਇਸ-ਇਸ ਨਸ਼ੇ ਦਾ ਕਾਰੋਬਾਰ ਕਰਦਾ ਹੈ।

ਪੰਜਾਬ ਸਰਕਾਰ ਪਾਰਲੀਮਾਨੀ ਵੋਟਾਂ ਦੇ ਨਤੀਜਿਆਂ ਤੋਂ ਬਹੁਤ ਹੀ ਅੰਦਰਖਾਤੇ ਜ਼ਖ਼ਮੀ ਹੋਈ ਪਈ ਹੈ ਪੰਜਾਬ ਦੇ ਵੋਟਰਾਂ ਨੇ ਨਸ਼ਿਆਂ ਦੇ ਵਰਤਾਰੇ ਤੇ ਪਸਾਰੇ ਤੋਂ ਦੁਖੀ ਹੋ ਕੇ ਆਪਣੇ ਨੌਜਵਾਨ ਪੁੱਤਰਾਂ ਨੂੰ ਮੌਤ ਦੇ ਮੂੰਹ ਤੋਂ ਬਚਾਉਣ ਲਈ ਪੰਜਾਬ ਸਰਕਾਰ ਨੂੰ ਸਬਕ ਸਿਖਾਇਆ ਹੈ ਕਿੱਥੇ ਛੋਟਾ ਅਤੇ ਵੱਡਾ ਬਾਦਲ ਚੋਣਾ ਤੋਂ ਪਹਿਲਾਂ ਕਹਿੰਦੇ ਸਨ ਕਿ ਕਾਂਗਰਸੀ ਸਰਕਾਰ ਦੀਆਂ, ਸਭ ਦੀਆਂ ਜਮਾਨਤਾਂ ਜ਼ਬਤ ਹੋਣਗੀਆਂ, ਹੋਇਆ ਕੀ ? ਨਸ਼ਿਆਂ ਦਾ ਪਸਾਰੇ ਸੰਬੰਧੀ ਚੋਣਾਂ ਵਿੱਚ ਇੱਕ ਹੋਰ ਅਨਹੋਣੀ ਘਟਨਾ ਵਾਪਰੀ ਕਿ ਪੰਜਾਬ ਸਰਕਾਰ ਦਾ ਇੱਕ ਉਮੀਦਵਾਰ ਕਿਸੇ ਪਿੰਡ ਵਿੱਚ ਵੋਟਾਂ ਦੀ ਖਾਤਰ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਆਪਣੀਆਂ ਪ੍ਰਾਪਤੀਆਂ ਅਤੇ ਤਰੱਕੀਆਂ ਗਿਣਾ ਰਿਹਾ ਸੀ ਕਿ ਇੱਕ ਬਜ਼ੁਰਗ ਨੇ ਪੰਡਾਲ ਵਿੱਚੋਂ 10 ਹਜ਼ਾਰ ਰੁਪਏ ਦੀ ਨੋਟਾਂ ਦੀ ਇੱਕ ਥੈਲੀ ਉਸ ਉਮੀਦਵਾਰ ਵੱਲ ਵਗਾਹ ਮਾਰੀ, ਉਮੀਦਵਾਰ ਖੁਸ਼ ਕਿ ਮੈਨੂੰ ਬਜ਼ੁਰਗਾਂ ਨੇ ਚੋਣ ਫੰਡ ਵਜੋਂ ਸਹਾਇਤਾ ਭੇਜੀ ਹੈ ਜਦੋਂ ਉਸ ਬਜ਼ੁਰਗ ਕੋਲੋਂ ਪੈਸੇ ਸਟੇਜ਼ ਵੱਲ ਸੁੱਟਣ ਬਾਰੇ ਪੁੱਛਿਆ ਤਾਂ ਉਸ ਬਜ਼ੁਰਗ ਨੇ ਉੱਤਰ ਦਿੱਤਾ ਕਿ ਤੁਹਾਡੀ ਇੱਕ ਬਹੁਤ ਵੱਡੀ ਪ੍ਰਾਪਤੀ ਹੈ ਕਿ ਤੁਸੀਂ ਘਰ-ਘਰ ਨਸ਼ੇ ਪਹੁੰਚਾ ਦਿੱਤੇ ਹਨ ਸਾਡੇ ਮੁੰਡਿਆਂ ਨੂੰ ਹੁਣ ਨਸ਼ੇ ਲੈਣ ਲਈ ਬਾਹਰ ਨਹੀਂ ਜਾਣਾ ਪੈਂਦਾ ਕਿਰਪਾ ਕਰੋ ਇਸ 10 ਹਜ਼ਾਰ ਰੁਪਏ ਨਾਲ ਇੱਕ ਸ਼ਮਸ਼ਾਨਘਾਟ ਹੋਰ ਬਣਾ ਦਿਓ ਕਿਉਂਕਿ ਇੱਕ ਸ਼ਮਸ਼ਾਨਘਾਟ ਨਾਲ ਸਾਡਾ ਨਹੀਂ ਸਰਦਾ ਸਾਡੇ ਨੌਜਵਾਨ ਮੁੰਡੇ ਸਾਡੀਆਂ ਨਜ਼ਰਾਂ ਸਾਹਮਣੇ ਹੀ ਨਸ਼ੇ ਕਰਕੇ ਤੜਫ-ਤੜਫ ਕੇ ਮਰ ਰਹੇ ਹਨ।

ਹੁਣ ਪੰਜਾਬ ਸਕਰਾਰ ਨੂੰ ਕੀ ਸਮਝਾਉਣ ਦੀ ਲੋੜ ਹੈ ਜਿਸ ਦੇ ਆਪਣੇ ਹੀ ਕਿਰਦਾਰ ਤੋਂ ਲੋਕ ਸਮਝ ਰਹੇ ਹਨ। ਸਿਰਫ ਤੇ ਸਿਰਫ਼

ਸਰਕਾਰ ਦੀ ਨਸ਼ਿਆਂ ਬਾਰੇ ਇੱਕੋ ਪ੍ਰਾਪਤੀ ਦੀ ਗੱਲ ਕਰਦੇ ਹਾਂ ਉਹ ਹੈ ਤੰਬਾਕੂ ਵਸਤਾਂ ਉੱਪਰ ਵੈਟ ਦੇ ਮੁੱਦੇ ਦੀ ਪੰਜਾਬ ਸਰਕਾਰ ਨੇ ਇਨ੍ਹਾਂ ਵਸਤਾਂ ਉੱਪਰ ਪਹਿਲਾਂ 22% ਵੈਟ ਲਗਾਇਆ ਸੀ ਤੇ ਸਰਕਾਰ ਨੂੰ ਆਮਦਨ ਵੀ ਚੋਖੀ ਹੁੰਦੀ ਸੀ ਤੇ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵੀ ਚੋਖੀ ਵਧ ਰਹੀ ਸੀ। ਸਰਕਾਰ ਨਸ਼ਿਆਂ ਦੇ ਪਸਾਰੇ ਤੋਂ ਤਾਂ ਫਿਕਰਮੰਦ ਨਹੀਂ ਹੋਈ ਪਰ ਕੈਂਸਰ ਦੇ ਪਸਾਰੇ ਤੋਂ ਫਿਕਰਮੰਦ ਜ਼ਰੂਰ ਹੋਈ, ਵੈਸੇ ਵੀ ਮੁੱਖ ਮੰਤਰੀ ਸਾਹਿਬ ਦੀ ਧਰਮ ਪਤਨੀ ਵੀ ਇਸੇ ਬਿਮਾਰੀ ਦਾ ਸ਼ਿਕਾਰ ਹੋ ਕੇ ਰੱਬ ਨੂੰ ਪਿਆਰੀ ਹੋ ਗਈ ਸੀ। ਸਰਕਾਰ ਨੇ ਤੰਬਾਕੂ ਵਸਤਾਂ ਦੇ ਵੈਟ 22% ਤੋਂ ਵਧਾਕੇ 59% ਕੀਤੀ ਸੀ ਤਾਂ ਇਨ੍ਹਾਂ ਉਤਪਾਦਾਂ ਤੋਂ ਸਰਕਾਰ ਦੀ ਆਮਦਨ ਘਟ ਗਈ ਅਫ਼ਸਰਸ਼ਾਹੀ ਨੇ ਆਮਦਨ ਘਟਣ ਦਾ ਕਾਰਨ ਵੈਟ 59% ਕਰਨ ਦਾ ਦੱਸਿਆ। ਸਰਕਾਰ ਨੇ ਤੁਰੰਤ ਆਪਣੀ ਆਮਦਨ ਵਿੱਚ ਵਾਧਾ ਕਰਨ ਲਈ ਤੰਬਾਕੂ ਉਤਪਾਦਾਂ ਉੱਪਰ ਡੈਟ ਫਿਰ ਘਟਾ ਦਿੱਤਾ ਦਲੀਲ ਜਿਹੜੀ ਦਿੱਤੀ ਉਹ ਇਹ ਹੈ ਕਿ ਇਨ੍ਹਾਂ ਉਤਪਾਦਾਂ ਦੀ ਵਿਕਰੀ ਤੋਂ ਕੈਂਸਰ ਦੇ ਮਰੀਜ਼ਾਂ ਦੀ ਆਰਥਿਕ ਮੱਦਦ ਕੀਤੀ ਜਾਵੇਗੀ ? ਹੁਣ ਪਾਠਕ ਹੀ ਨਤੀਜਾ ਕੱਢਣ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਕਾਰੋਬਾਰ ਤੋਂ ਕੈਂਸਰ ਦੀ ਬਿਮਾਰੀ ਹਟਾਉਣਾਂ ਚਾਹੁੰਦਾ ਹੈ ਤੇ ਸ਼ਰਾਬ ਦੀ ਬੋਤਲ ਉੱਪਰ ਸਿੱਖਿਆ ਸੈਸ ਲਾ ਕੇ ਸਰਕਾਰ ਬੱਚੇ ਪੜ੍ਹਾਉਣ ਚਾਹੁੰਦੀ ਹੈ। ਸਰਕਾਰ ਦੀ ਤੁਗਲਕੀ ਨੀਤੀ ਕਿ ਪਹਿਲਾਂ ਨਸ਼ਿਆਂ ਉੱਪਰ ਵੈਟ ਘਟਾਕੇ ਨਸ਼ੇ ਸਸਤੇ ਕਰਕੇ ਨਸ਼ਿਆਂ ਦਾ ਖੂਬ ਪਸਾਰ ਕਰੋ ਜਦੋਂ ਇਸ ਪਸਾਰ ਦੀ ਗ੍ਰਿਫਤ ਵਿੱਚ ਜਵਾਨੀ ਫਸ ਕੇ ਕੈਂਸਰ ਦਾ ਸ਼ਿਕਾਰ ਹੋਵੇ ਤਾਂ ਇਸੇ ਨਸ਼ੇ ਦੇ ਪਸਾਰੇ ਦੀ ਆਮਦਨ ਨਾਲ ਕੈਂਸਰ ਦੇ ਮਰੀਜ਼ਾਂ ਨੂੰ ਇਲਾਜ਼ ਲਈ ਆਰਥਿਕ ਸਹਾਇਤਾ ਦਿੱਤੀ ਜਾਵੇਗੀ। ਸਰਕਾਰ ਜੀ ਪੰਜਾਬ ਵਿੱਚੋਂ ਨਸ਼ਿਆਂ ਦਾ ਪਸਾਰਾ ਰੋਕੋ ਨਸ਼ੇ ਦੇ ਕਾਰੋਬਾਰ ਕਰਨ ਵਾਲੇ ਛੋਟੇ ਬਿੱਲਿਆਂ ਦੀ ਬਲੀ ਨਾ ਲਓ ਵੱਡੇ ਬਘਿਆੜਾਂ ਦੀ ਬਲੀ ਲਵੋ।

98768-82028

# ਵਰਿੰਦਰ ਦਿਵਾਨਾ ਤੇ ਮਨਪ੍ਰੀਤ ਕੌਰ ਨੇ ਧਾਰਮਿਕ ਸਮਾਜਿਕ ਰਸਮਾਂ ਨੂੰ ਦਰਕਿਨਾਰ ਕਰਕੇ ਕਰਵਾਇਆ ਆਦਰਸ਼ ਵਿਆਹ

ਅਗਾਂਹਵਧੂ ਨੌਜਵਾਨ ਵਰਿੰਦਰ ਦਿਵਾਨਾਂ ਨੇ ਬਿਨਾਂ ਦਾਜ਼ ਦਹੇਜ਼ ,ਬਿਨਾਂ ਕਿਸੇ ਧਾਰਮਿਕ ,ਸਮਾਜਿਕ ਰਸਮ ਦੇ ਆਦਰਸ਼ ਵਿਆਹ ਕਰਵਾ ਕੇ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਮਿਸਾਲ ਪੈਦਾ ਕਰ ਦਿੱਤੀ ਹੈ।



ਵਰਿੰਦਰ ਦਿਵਾਨਾਂ ਤੇ ਉਸਦਾ ਦਾਦਾ ਸ਼੍ਰੀ ਗਿਰਧਾਰੀ ਲਾਲ, ਭੈਣ ਤੇ ਭਣਵੱਈਆ ਕਾਰ ਲੈ ਕੇ ਰਾਮਪੁਰੇ ਗਏ ਅਤੇ ਦੋ ਘੰਟਿਆਂ ਵਿੱਚ ਹੀ ਸੁਰੇਸ਼ ਕੁਮਾਰ ਦੀ ਲੜਕੀ ਮਨਪ੍ਰੀਤ ਕੌਰ ਨੂੰ ਵਿਆਹ ਕੇ ਘਰ ਲੈ ਆਏ। ਵਿਆਹ ਵਾਲੇ ਘਰ ਵਿੱਚ ਨਾ ਕੋਈ ਡੀ. ਜੇ, ਨਾ ਗਿੱਧਾ-ਭੰਗੜਾ, ਨਾ ਕੋਈ ਬਰਾਤ ਭਾਵ ਕੁੱਝ ਵੀ ਉਚੇਚ ਨਹੀਂ ਸੀ ਪਰ ਚਿਹਰਿਆਂ 'ਤੇ ਖ਼ੁਸ਼ੀ ਦਾ ਖੇੜਾ ਜ਼ਰੂਰ ਸੀ। ਉਧਰ ਕੁੜੀ ਵਾਲਿਆਂ ਦੇ ਘਰ ਵੀ ਸਿਰਫ ਘਰਦੇ ਘਰਦੇ ਬੰਦੇ ਹੀ ਸਨ। ਉਹਨਾਂ ਨੇ ਕੋਈ ਵੀ ਹਲਵਾਈ ਵਗੈਰਾ ਨਹੀਂ ਬਿਠਾਇਆ ਨਾ ਹੀ ਕੋਈ ਧਾਰਮਿਕ, ਸਮਾਜਿਕ ਰਸਮ ਕੀਤੀ। ਨਾ ਹੀ ਲੜਕੀ ਨੇ ਬਿਊਟੀ ਪਾਰਲਰ ਜਾ ਕੇ ਵਿਸ਼ੇਸ ਹਾਰ ਸ਼ਿੰਗਾਰ ਕੀਤਾ। ਸਿਰਫ ਫੁੱਲਾਂ ਦੇ ਹਾਰ ਪਾ ਕੇ ਅਤੇ ਵੱਡਿਆਂ ਦੇ ਅਸ਼ੀਰਵਾਦ ਨਾਲ ਹੀ ਵਰਿੰਦਰ ਤੇ ਮਨਪ੍ਰੀਤ ਵਿਆਹ ਦੇ ਬੰਦਨ ਵਿੱਚ ਬੱਝ ਗਏ।

ਨਵੀਂ ਪੀੜ੍ਹੀ ਦਾ ਪ੍ਰੇਰਨਾਸਰੋਤ ਬਣੇ ਵਰਿੰਦਰ ਦਿਵਾਨਾਂ ਬੀ. ਟੈਕ ਤੇ ਐਮ. ਬੀ. ਏ ਡਿਗਰੀ ਪਾਸ ਹੈ ਅਤੇ ਜਗਰਾਉਂ ਵਿਖੇ ਸਹਾਇਕ ਨਿਰੀਖਕ ਦੇ ਅਹੁਦੇ ਉੱਪਰ ਨਿਯੁਕਤ ਹੈ। ਲੜਕੀ ਮਨਪ੍ਰੀਤ ਕੌਰ ਐਮ. ਐਸ. ਸੀ (ਮੈਥ) ਬੀ. ਐੱਡ ਹੈ ਅਤੇ ਪ੍ਰਾਈਵੇਟ ਅਧਿਆਪਕਾ ਲੱਗੀ ਹੋਈ ਹੈ। ਮਨਪ੍ਰੀਤ ਦਾ ਪਿਤਾ ਸੁਰੇਸ਼ ਕੁਮਾਰ ਦੁਕਾਨਦਾਰ ਹਨ ਅਤੇ ਰਾਮਪੁਰਾ ਪਰਿਵਾਰ ਚਾਵਾਂ ਨਾਲ ਪਾਲ਼ੀ ਤੇ ਉੱਚ ਸਿੱਖਿਆ ਪ੍ਰਾਪਤ ਲੜਕੀ ਦਾ ਵਿਆਹ ਧੂਮ ਧੜੱਕੇ ਨਾਲ ਕਰਨਾ ਚਾਹੁੰਦੇ ਸਨ।

ਵਰਿੰਦਰ ਦਿਵਾਨਾਂ ਦਾ ਪਿਤਾ ਪਰਮਜੀਤ ਦਿਵਾਨਾਂ ਲੰਬੇ ਸਮੇਂ ਤੋਂ ਪੰਜਾਬੀ ਮਾਂ ਬੋਲੀ ਤੇ ਸਾਹਿਤ ਦੀ ਸੇਵਾ ਪੁਸਤਕ ਪ੍ਰਦਰਸ਼ਨੀਆਂ ਲਗਾਕੇ ਕਰਦੇ ਹਨ। ਜਿਸ ਨੇ ਹਮੇਸ਼ਾ ਮਿਆਰੀ ਸਾਹਿਤ ਹੀ ਵੇਚਿਆ ਹੈ ਪੈਸੇ ਦੀ ਪੂਰਨ ਹਵਸ ਲਈ ਸਮਝੌਤਾ ਨਹੀਂ ਕੀਤਾ। ਸਾਰੀ ਉਮਰ ਕਾਮਰੇਡੀ ਦੀ ਕੋਧਰੇ ਦੀ ਰੋਟੀ ਖਾ ਕੇ ਸੰਤੁਸ਼ਟੀ ਪ੍ਰਾਪਤ ਕੀਤੀ ਹੈ। ਪਰਮਜੀਤ ਦਿਵਾਨਾਂ ਪੱਕਾ ਤਰਕਸ਼ੀਲ ਹੈ ਅਤੇ ਤਰਕਸ਼ੀਲ ਜਥੇਬੰਦੀ ਦਾ ਆਗੂ ਵੀ ਹੈ।

ਵਰਿੰਦਰ ਨੇ ਆਪਣੇ ਸਿਧਾਂਤਕ ਸੂਝ ਵਾਲੇ ਪਿਤਾ ਤੋਂ ਪ੍ਰੇਰਣਾਂ ਤੇ ਪ੍ਰਭਾਵ ਲੈ ਕੇ ਭਗਤ ਸਿੰਘ, ਗਦਰੀ ਬਾਬੇ, ਮਾਰਕਸ, ਮੈਕਸਿਮ ਗੋਰਕੀ, ਗੁਰਬਖਸ਼ ਸਿੰਘ ਪ੍ਰੀਤਲੜੀ, ਪਾਸ਼, ਲੈਨਿਨ, ਤੇ ਹੋਰ ਖੱਬੇ ਪੱਖੀ ਲਹਿਰਾਂ ਬਾਰੇ ਪੜ੍ਹਿਆ ਅਤੇ ਅਗਾਂਹਵਧੂ ਸੋਚ ਬਣਾ ਕੇ ਮਨੁੱਖਵਾਦੀ ਸੋਚ ਨੂੰ ਦੂਰ ਤੱਕ ਫੈਲਾਇਆ ਹੈ। ਕਾਲਜ ਪੜ੍ਹਾਈ ਦੌਰਾਨ ਪਵੇਲ ਕੁੱਸਾ ਦੀ ਅਗਵਾਈ 'ਚ ਵਿਦਿਆਰਥੀ ਲਹਿਰਾਂ ਵਿੱਚ ਖਾਸ ਯੋਗਦਾਨ ਪਾਇਆ ।

ਵਰਿੰਦਰ ਦਿਵਾਨਾਂ ਦੀ ਮੰਗਣੀ ਵੀ ਆਮ ਲੋਕਾਂ ਵਾਗੂੰ ਅਣਜਾਣ ਕੁੜੀ ਨਾਲ ਹੋਈ ਸੀ ਪਰ ਉਸ ਨੇ ਆਪਣੀ ਸੋਚ 'ਤੇ ਪਹਿਰਾ ਦੇਣ ਲਈ ਮੰਗਣੇ ਤੋਂ ਸਾਲ ਕੁ ਦੇ ਅਰਸੇ ਵਿੱਚ ਹੀ ਮਨਪ੍ਰੀਤ ਨੂੰ ਵੀ ਪੁਸਤਕ ਸੱਭਿਆਚਾਰ ਨਾਲ ਜੋੜ ਲਿਆ ਅਤੇ ਅਗਾਂਹਵਧੂ ਸਾਹਿਤ ਪੜ੍ਹਾਉਣਾ ਸ਼ੁਰੂ ਕੀਤਾ। ਸਾਹਿਤਕ ਲਗਨ ਨਾਲ ਮਨਪ੍ਰੀਤ ਵੀ ਪ੍ਰਪੱਕ ਸੋਚ ਵਾਲੀ ਮੁਟਿਆਰ ਬਣ ਗਈ। ਜਿਸ ਬਦੌਲਤ ਮਨਪ੍ਰੀਤ ਨੇ ਆਪਣੇ ਮਾਪਿਆਂ ਨੂੰ ਫੋਕੇ ਰੀਤੀ ਰਿਵਾਜਾਂ, ਥੋਥੀਆਂ ਰਸਮਾਂ, ਅੰਧ ਵਿਸ਼ਵਾਸ 'ਚੋਂ ਨਿਕਲਣ ਲਈ ਤਿਆਰ ਕੀਤਾ। ਮਾਪਿਆਂ ਤੋਂ ਆਦਰਸ਼ ਵਿਆਹ ਕਰਵਾਉਣ ਲਈ ਇਸ ਜੋੜੇ ਨੂੰ ਬਹੁਤ ਮਿਹਨਤ ਕਰਨੀ ਪਈ। ਅਤੇ ਵਿਗਿਆਨਕ ਸੋਚ ਦਾ ਹਾਣੀ ਬਣਾਉਣ 'ਚ ਸਫਲਤਾ ਹਾਸਲ ਕੀਤੀ।

ਬੇਸ਼ੱਕ ਇਸ ਨਵੇਂ ਵਿਆਹੇ ਜੋੜੇ ਨੂੰ ਵਿਆਹ ਵਿੱਚ ਕੱਠ ਬੱਠ ਨਾ ਕਰਨ ਕਰਕੇ ਆਪਣੇ ਪਿਆਰਿਆਂ, ਰਿਸ਼ਤੇਦਾਰਾਂ ਦੇ ਰੋਸੇ ਵੀ ਝੱਲਣੇ ਪਏ। ਪਰ ਹੁਣ ਸਾਰੇ ਹੀ ਖੁਸ਼ ਹਨ। ਕਿ ਇਹਨਾਂ ਨੇ ਬੜਾ ਸੋਹਣਾ ਫੈਸਲਾ ਲਿਆ ਹੈ ਜੋ ਸਮੇਂ ਦੀ ਲੋੜ ਵੀ ਹੈ। ਅੱਤ ਦੀ ਮਹਿੰਗਾਈ, ਰਿਸ਼ਤਿਆਂ ਵਿੱਚ ਨੀਰਸਤਾ ਤੇ ਅੰਧ ਵਿਸ਼ਵਾਸ ਦੇ ਦੌਰ ਵਿੱਚ ਇਹ ਆਦਰਸ਼ ਵਿਆਹ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣ ਗਿਆ ਹੈ। ਕਿਉਂਕਿ ਸਾਦਾ ਵਿਆਹ ਜ਼ਿਆਦਾਤਰ ਕਹਿਣ ਦੀਆਂ ਗੱਲਾਂ ਹੀ ਹਨ। ਖੱਬੇ ਪੱਖੀ ਵਿਚਾਰਧਾਰਾ ਵਾਲੇ ਦਿਵਾਨਾਂ ਪਰਿਵਾਰ ਦੇ ਆਦਰਸ਼ ਵਿਆਹ ਦੀ ਇਲਾਕੇ ਤੇ ਨੇੜੇ ਤੇੜੇ ਚਰਚਾ ਵਿੱਚ ਹੈ।

ਪ੍ਰਸਿੱਧ ਤਰਕਸ਼ੀਲ ਆਗੂ ਮੇਘ ਰਾਜ ਮਿੱਤਰ, ਅਮਿੱਤ ਮਿੱਤਰ, ਹੇਮ ਰਾਜ, ਮਨਦੀਪ ਸੱਦੋਵਾਲ ਆਦਿ ਜਥੇਬੰਦਕ ਆਗੂ ਇਸ ਜੋੜੀ ਨੂੰ ਮੁਬਾਰਕਬਾਦ ਦੇਣ ਵੀ ਆਏ ਪਰ ਵਰਿੰਦਰ ਨੇ ਸ਼ਗਨ ਲੈਣ ਦੀ ਬਜਾਏ ਇਨ੍ਹਾਂ ਜਥੇਬੰਦੀਆਂ ਲਈ ਫੰਡ ਦੇ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਇਨ੍ਹਾਂ ਆਗੂਆਂ ਨੇ ਅਜੋਕੇ ਨੌਜਵਾਨਾਂ ਨੂੰ ਇਸ ਨਵੀਂ ਵਿਆਹੀ ਜੋੜੀ ਤੋਂ ਅਗਵਾਈ ਲੈਣ ਲਈ ਕਿਹਾ ਹੈ। ਇਨ੍ਹਾਂ ਦੀ ਸੋਚ ਦੇ ਹਾਣੀ ਬਣ ਕੇ ਪੰਜਾਬ ਦਾ ਤੇ ਆਪਣਾ ਭਲਾ ਹੋ ਸਕਦਾ ਹੈ।

ਨਵੀਂ ਵਿਆਹੀ ਜੋੜੀ ਵਰਿੰਦਰ ਦਿਵਾਨਾਂ ਤੇ ਮਨਪ੍ਰੀਤ ਕੌਰ ਜੋੜੀ ਨੇ ਅਖੌਤੀ ਤੇ ਫੁਕਰੇ ਸੱਭਿਆਚਾਰ ਤੋਂ ਬਚਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅਜੋਕਾ ਮੀਡੀਆ ਫਿਲਮਾਂ, ਨੈਟ ਆਦਿ ਰਾਹੀਂ ਫਾਸ਼ੀ ਤਾਕਤਾਂ ਨੌਜਵਾਨਾਂ ਦੀ ਸੋਚ, ਆਤਮਬਲ ਤੇ ਲੱਜ ਸ਼ਰਮ ਨੂੰ ਲੀਰੋ ਲੀਰ ਕਰਨ 'ਤੇ ਤੁਲੀਆਂ ਹੋਈਆਂ ਹਨ। ਨਵ ਵਿਆਹੀ ਜੋੜੀ ਵਰਿੰਦਰ ਦਿਵਾਨਾਂ ਤੇ ਮਨਪ੍ਰੀਤ ਕੌਰ ਨੇ ਨੌਜਵਾਨਾਂ ਨੂੰ ਵਿਗਿਆਨਕ ਸੋਚ ਬਣਾਉਣ ਸਮੇਂ ਦੇ ਹਾਣੀ ਹੋਣ ਲਈ ਉਸਾਰੂ ਮਿਆਰੀ ਤਰਕਸ਼ੀਲ ਸਾਹਿਤ ਪੜ੍ਹਨ ਅਤੇ ਚੰਗਾ, ਬਰਾਬਰਤਾ ਵਾਲਾ ਸਮਾਜ ਸਿਰਜਣ ਵਿੱਚ ਅੱਗੇ ਆਉਣ ਲਈ ਕਿਹਾ।

**- ਰਾਜਵਿੰਦਰ ਰੌਂਤਾ,**

ਪਿੰਡ ਰੌਂਤਾ, ਜਿਲਾ ਮੋਗਾ 098764-86187

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 20.00

...ਤੇ ਦੇਵ ਪੁਰਸ਼ ਹਾਰ ਗਏ 50.00

ਦੇਵ ਦੈਂਤ ਤੇ ਰੂਹਾਂ 50.00

ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00

ਔਰਤਾਂ ਅਤੇ ਮਾਨਸਿਕ ਰੋਗ 30.00



ਮਨੁੱਖ ਦੀ ਉਤਪਤੀ 100.00

ਜੀਵ ਜੰਤੂਆਂ ਦੀ ਅਦਭੁੱਤ ਦੁਨੀਆਂ 80.00

ਨਸ਼ੇ ਕਿਵੇਂ ਛੱਡੀਏ 70.00

ਕਸਰਾਂ ਕਿਉਂ ਹੁੰਦੀਆਂ ਹਨ 40.00

ਮਨੋ ਵਿਸ਼ਲੇਸ਼ਣ 80.00

## ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 100.00

ਬਾਲ ਮਨਾਂ ਵਿੱਚ ਝਾਤ 120.00

ਸਾਡੇ ਬੱਚੇ ਸਾਡੇ ਚਿਰਾਗ਼ 60.00

ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 100.00



ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 120.00

ਸ਼ੂਗਰ ਰੋਗ 20.00

ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 20.00

ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 80.00

## ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



ਮਨੁੱਖ ਮਹਾਂਬਲੀ ਕਿਵੇਂ ਬਣਿਆ 100.00

ਪ੍ਰਸਿੱਧ ਵਿਗਿਆਨਕ ਖੋਜਾਂ 50.00

ਮਹਾਨ ਵਿਗਿਆਨੀ 70.00

ਵਿਗਿਆਨ ਦੀ ਅਦਭੁੱਤ ਦੁਨੀਆਂ 80.00

ਮਨੁੱਖੀ ਹੋਂਦ ਲਈ ਖ਼ਤਰਾ ਪ੍ਰਦੂਸ਼ਣ 80.00



ਵਿਗਿਆਨ ਦੇ ਚਮਤਕਾਰ 70.00

ਸਾਡਾ ਦੋਸਤ ਵਿਗਿਆਨ 80.00

ਫੈਲ ਰਹੀ ਮਹਾਂਮਾਰੀ ਏਡਜ਼ 40.00

ਪੁਲਾੜ ਯਾਤਰਾ 90.00

ਮਨੁੱਖੀ ਸਰੀਰ ਦੇ ਰਹੱਸ 80.00



ਤੰਦਰੁਸਤ ਕਿਵੇਂ ਰਹੀਏ 40.00

ਡਾਕਟਰ ਦੀ ਸਲਾਹ 40.00

ਰਿਸ਼ਤਿਆਂ ਦਾ ਕਾਤਲ 40.00

ਸ਼ਹੀਦਾਂ ਦੀ ਵਿਰਾਸਤ 60.00



ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/-

ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/-

ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



ਸ਼ਹੀਦ ਭਗਤ ਸਿੰਘ 60.00

ਸ਼ਹੀਦਾਂ ਦੇ ਅੰਗ ਸੰਗ 60.00

ਅਮਰ ਸ਼ਹੀਦਾਂ ਦੀਆਂ ਯਾਦਾਂ 50.00

ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ 80.00

ਇਨਕਲਾਬ 80.00

ਪਾਸ਼ ਦੀ ਚੋਣਵੀਂ ਕਵਿਤਾ 50.00

ਦਿਲ ਦੀ ਵਿਗੜ ਰਹੀ ਸਿਹਤ 60.00

ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 40.00

**ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:**

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
ਈਮੇਲ: tarksheel@gmail.com, Website: www.thepunjabi.com


ਜਨਰਲ ਨਾਲਿਜ
60.00


ਪੰਜਾਬ ਵਸੀਕਾ ਨਵੀਸੀ
250.00


ਕਚਹਿਰੀ ਸ਼ਬਦ-ਕੋਸ਼
150.00


ਸੂਚਨਾ ਦਾ ਅਧਿਕਾਰ ਕਾਨੂੰਨ 2005
30.00


ਆਓ ਕੰਪਿਊਟਰ ਸਿੱਖੀਏ
50.00


ਹਿਪਨੋਟਿਜ਼ਮ ਤੁਹਾਡੇ ਲਈ
25.00


ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ
60.00


ਹਿਪਨੋਟਿਜ਼ਮ ਕਿਵੇਂ ਸਿੱਖੀਏ
40.00


ਜੀਵਨ ਦੀਆਂ ਗਣਿਤਕ ਉਲਝਣਾਂ
70.00


ਤਰਕਸ਼ੀਲ ਦਿਮਾਗੀ ਕਸਰਤਾਂ
40.00


ਦਿਮਾਗੀ ਵਿਕਾਸ ਕਿਵੇਂ ਕਰੀਏ
40.00


ਅੰਕਾਂ ਦਾ ਜਾਦੂ
40.00


ਵਿਗਿਆਨਕ ਜਾਦੂਗਰ
30.00


ਤਰਕਸ਼ੀਲ ਜਾਦੂਗਰ
40.00


ਸਟੇਜ ਦੇ ਜਾਦੂ
40.00


ਚਮਤਕਾਰਾਂ ਦੇ ਰਹੱਸ
150.00


ਵਸਤੂ ਸ਼ਾਸਤਰ ਕੋਰਾ ਝੂਠ
40.00


ਰਜਨੀਸ਼ ਬੇਨਕਾਬ
30.00


ਸ਼ੰਕਾ ਨਵਿਰਤੀ
50.00


ਕਣ ਕਣ ਵਿੱਚ ਵਿਗਿਆਨ
20.00

## ਨਵੀਆਂ ਪ੍ਰਕਾਸ਼ਿਤ ਕਿਤਾਬਾਂ


ਜੀਵਨੀ ਸ਼ਹੀਦ ਭਗਤ ਸਿੰਘ/ਪ੍ਰੋ. ਵੜੈਚ
80.00


ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ
80.00


ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ
80.00


ਜਿਓਤਿਸ਼ ਦਾ ਐਕਸਰੇ /ਸੁਰੀਜਤ ਦੌਧਰ
80.00



## ਭਾਰਤੀ ਸਾਹਿਤ ਦੇ ਨਿਰਮਾਤਾ ਹਰਿਸ਼ੰਕਰ ਪਰਸਾਈ ਦੇ ਪ੍ਰਸਿੱਧ ਵਿਅੰਗਆਤਮਕ ਲੇਖ

**ਸੰਪਾਦਕ ਤੇ ਅਨੁਵਾਦਕ: ਡਾ. ਕਰਾਂਤੀ ਪਾਲ, ਮੁੱਲ : 100/-**



## ਜ਼ਮੀਨ ਦੀ ਪੈਮਾਇਸ਼ ਅਤੇ ਫੁਟਕਲ ਜਾਣਕਾਰੀ

**ਆਰ. ਕੇ. ਭਾਰਦਵਾਜ਼, ਮੁੱਲ : 150/-**



ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।



## ਪ੍ਰਸਿੱਧ ਕੁਟੇਸ਼ਨਾਂ

**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 120/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ

**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 80/-**



ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ਼ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।



## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ

**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 80/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਣਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?

**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**



ਸੁੰਦਰ, ਮਜ਼ਬੂਤ ਅਤੇ ਭੂਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

# ਅਤਿ ਦੀ ਗਰੀਬੀ ਹੁੰਦੀ ਹੈ ਦੇਸ਼ (ਕੌਮ) ਪ੍ਰਤੀ ਗੌਰਵ ਦੀ ਭਾਵਨਾ ਨਾ ਹੋਣਾ

ਬੱਚਾ ਜਿਵੇਂ-ਜਿਵੇਂ-ਸੁਰਤ ਸੰਭਾਲਦਾ ਹੈ ਤਿਵੇਂ ਤਿਵੇਂ ਹੀ ਮਾਂ-ਬਾਪ ਉਸਨੂੰ ਘਰ ਦੇ ਕਾਇਦੇ-ਕਨੂੰਨ ਬਾਰੇ, ਖਾਣ-ਪੀਣ ਬਾਰੇ ਅਤੇ ਘਰ ਦੀ ਹੱਦ ਬੰਦੀ (ਚਾਰ ਦੀਵਾਰੀ) ਬਾਰੇ ਚੰਗੀ ਤਰਾਂ ਗਿਆਨ ਕਰਾਉਂਦੇ ਹਨ। ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖਣ ਤੱਕ ਉਸਨੂੰ ਘਰ ਦੇ ਸੰਵਿਧਾਨ ਅਨੁਸਾਰ ਘਰ ਦਾ ਆਰਥਿਕ ਸੰਤੁਲਨ ਬਰਕਰਾਰ ਰੱਖਣ ਲਈ ਅਤੇ ਘਰ ਦੀ ਇੱਜਤ ਅਣਖ ਕਿਵੇਂ ਬਰਕਰਾਰ ਰੱਖਣੀ ਹੈ ਚੰਗੀ ਤਰਾਂ ਸਮਝਾਇਆ ਜਾਂਦਾ ਹੈ। ਜੇ ਉਹ ਫੇਰ ਵੀ ਘਰ ਦੇ ਸੰਵਿਧਾਨ



ਅਨੁਸਾਰ ਨਹੀ ਚਲਦਾ, ਆਪਣੇ ਘਰ ਤੇ ਉਸਨੂੰ ਕੋਈ ਮਾਣ (ਗੌਰਵ) ਨਹੀ ਹੈ ਤੇ ਉਸ ਵਿੱਚ ਬਿਗਾਨੇਪਨ ਦੀ ਭਾਵਨਾ ਪੈਦਾ ਹੋ ਗਈ ਹੈ ਤਾਂ ਸਕੇ ਸੰਬੰਧੀ ਬੁਲਾਕੇ ਉਸਨੂੰ ਘਰ ਦੇ ਸੰਵਿਧਾਨ ਅਨੁਸਾਰ ਚੱਲਣ ਲਈ ਸਮਝਾਇਆ ਜਾਂਦਾ ਹੈ। ਜੇਕਰ ਕਿਸੇ ਪ੍ਰੀਵਾਰ ਦਾ ਮੈਂਬਰ ਇਸ ਤਰਾਂ ਉਲਟ ਸੋਚ ਦਾ ਧਾਰਨੀ ਬਣ ਜਾਂਦਾ ਹੈ ਤਾਂ ਸਾਰਾ ਪ੍ਰੀਵਾਰ ਹੀ ਸ਼ਰਮ ਮਹਿਸੂਸ ਕਰਦਾ ਹੈ ਤੇ ਚਿੰਤਾ ਵੱਢ ਵੱਢ ਖਾਂਦੀ ਹੈ। ਉਹ ਪ੍ਰੀਵਾਰ ਦੂਜਿਆਂ ਦੇ ਮੁਕਾਬਲੇ ਨੀਵਾਪਨ ਮਹਿਸੂਸ ਕਰਦਾ ਹੈ।

ਪ੍ਰੰਤੂ ਸਾਡੇ ਭਾਰਤ ਵਰਸ਼ ਜਿਹੇ ਮਹਾਨ ਪ੍ਰੀਵਾਰ ਵਿੱਚ ਇਸਦੇ ਬਿਲਕੁਲ ਉਲਟ ਹੋ ਰਿਹਾ ਹੈ। ਇਥੇ ਤਾਂ "ਨੌਂ ਪੂਰਬੀਏ ਉਨਤਾਲ਼ੀ ਚਲੇ" ਵਾਲੀ ਗੱਲ ਬਣੀ ਹੋਈ ਹੈ। ਨਾ ਹੀ ਇਸ ਪ੍ਰੀਵਾਰ (ਦੇਸ਼) ਦੇ ਵਾਰਿਸਾਂ ਨੂੰ ਫ਼ਿਕਰ ਹੈ ਅਤੇ ਨਾ ਹੀ ਇਸਦੇ ਬਹੁਗਿਣਤੀ ਨਿਰਮਾਤਾਵਾਂ ਨੂੰ। ਇਹਨਾਂ ਬਾਰੇ ਤਾਂ ਇਉਂ ਲਗਦਾ ਹੈ ਕਿ ਜਿਵੇਂ ਇਹਨਾਂ ਨੂੰ ਆਪਣੇ ਫਰਜਾਂ ਬਾਰੇ ਬਿਲਕੁਲ ਵੀ ਪਤਾ ਨਹੀ ਸਿਰਫ ਹੱਕਾਂ ਬਾਰੇ ਹੀ ਪਤਾ ਹੈ। ਸਾਡੇ ਵਿਸ਼ਾਲ ਘਰ ਭਾਰਤ ਮਹਾਨ ਦੇ ਸੰਵਿਧਾਨ ਦੀ ਪਾਲਣਾ ਕਰਨਾ ਸਿਖਾਉਣ ਲਈ ਢੁਕਵੀਆਂ ਸੰਸਥਾਵਾਂ ਸਕੂਲ (ਵਿਦਿਅਕ ਸੰਸਥਾਵਾਂ) ਹੀ ਹਨ। ਸਾਡੇ ਅਧਿਆਪਕ ਇਸ ਵਿਸ਼ਾਲ ਕੌਮ (ਦੇਸ਼) ਨਿਰਮਾਤਾ ਤੇ ਉਸਰੱਈਏ ਹਨ ਅਤੇ ਸਾਡੇ ਹਾਕਮ ਇਸ ਦੇਸ਼ ਦੇ ਵਾਰਿਸ ਹਨ। ਕੀ ਇਹਨਾਂ ਨੇ ਕਦੇ ਸੋਚਿਆ ਹੈ ਕਿ ਬੀਤ ਚੁੱਕੇ ਦਹਾਕੇ ਵਿੱਚ ਸਮੁੱਚੇ ਪੰਜਾਬੀਆ ਨੇ ਸਿਵਿਆਂ ਦੀ ਅੱਗ ਸੇਕੀ ਸੀ। ਉਦੋਂ ਜਿਹੜੇ ਸਿਵਿਆਂ ਵਿੱਚ ਮੱਚੇ ਸਨ ਉਹ ਵੀ ਅਤੇ ਜਿਨ੍ਹਾ ਸਿਵੇ ਮਚਾਏ ਸਨ ਉਹ ਵੀ ਇਸੇ ਅਧਿਆਪਕ ਵਰਗ ਦੇ ਵਿਦਿਆਰਥੀ ਸਨ। ਕੀ ਉਹਨਾਂ ਨੂੰ ਭਾਰਤੀ ਸੰਵਿਧਾਨ ਅਤੇ ਦੇਸ਼ ਤੇ ਮਾਣ ਕਰਨਾ ਕਿਸੇ ਨੇ ਸਿਖਾਇਆ ਸੀ? ਕੀ ਕੋਈ ਸਬੰਧਿਤ ਧਿਰ ਇਸ ਸਬੰਧੀ ਫਿਕਰਮੰਦ ਹੈ? ਮਾਲਟਾ ਕਿਸ਼ਤੀ ਕਾਂਡ 'ਚ ਮਰਨ ਵਾਲਿਆਂ ਦੇ ਮਨ ਵਿੱਚ ਬੇਰੁਜਗਾਰੀ ਅਤੇ ਕਾਣੀ ਵੰਡ ਵਰਗੀਆਂ ਲਾਹਣਤਾਂ ਨੇ ਬੇਗਾਨੇਪਣ ਦੀ ਭਾਵਨਾ ਕੁੱਟ-ਕੁੱਟ ਕੇ ਭਰ ਦਿੱਤੀ ਸੀ। ਸਾਡੇ ਅਧਿਆਪਕ ਵਰਗ ਦਾ ਪੜ੍ਹਾਇਆ ਹੋਇਆ ਸਾਬਕਾ ਮੰਤਰੀ ਸੁਖਰਾਮ ਵੀ ਸੀ ਜਿਸਦੇ ਬਿਸਤਰੇ ਵਿਚੋਂ ਉਠ ਦੇ ਲੱਦੇ ਜਿਨੇ ਕਾਲੀ ਕਮਾਈ ਦੇ ਨੋਟ ਵੀ ਨਿਕਲੇ ਸਨ। ਇੱਕ ਰਾਜੇ ਨਾਂ ਦਾ ਮੰਤਰੀ ਵੀ ਹੋਇਆ ਹੈ ਜਿਸਨੇ ਅਰਬਾਂ ਦੇ ਘੁਟਾਲੇ ਕੀਤੇ ਹਨ। ਹੁਣ ਤਾਂ ਇਹਨਾਂ ਨਾਲ ਬਿੰਦੀਆਂ ਵਧਦੀਆਂ ਜਾ ਰਹੀਆਂ ਹਨ। ਇੱਕ ਗੱਲ ਹੋਰ ਜਿਹੜੀ ਚੇਤੇ ਦੀ ਚੰਗੇਰ ਚੋਂ ਕੱਢਿਆ ਵੀ ਨਹੀ ਨਿਕਲਦੀ ਉਹ ਇਹ ਹੈ ਕਿ ਪਿਛਲੇ ਸਮੇਂ ਵਿੱਚ ਰਿਕਸ਼ੇ 'ਤੇ ਬੈਠਣ ਜੋਗੇ ਆਦਮੀ ਜਹਾਜ 'ਚ ਬੈਠਿਆਂ ਨੂੰ ਯਰਗਮਾਲ ਬਣਾਕੇ ਕੰਧਾਰ ਲੈ ਗਏ ਸਨ। ਕੀ ਉਹਨਾਂ ਇੱਕ ਸੌ ਅੱਸੀ ਆਦਮੀਆਂ ਨੇ ਭਾਰਤ ਦੇ ਗੌਰਵਮਈ ਇਤਿਹਾਸ ਅਤੇ ਦੇਸ਼ ਲਈ ਜਾਨਾਂ ਵਾਰਨ ਵਾਲੇ ਵਿਰਸੇ ਨੂੰ ਨਹੀਂ ਪੜ੍ਹਿਆ ਸੀ? ਜੇ ਉਹਨਾਂ ਨੂੰ ਭਾਰਤ 'ਤੇ ਮਾਣ ਹੁੰਦਾ ਤਾਂ ਉਹ ਇੱਕ ਸੌ ਅੱਸੀ ਆਦਮੀ ਇਕ ਅਰਬ ਲੋਕਾਂ ਵਾਸਤੇ ਮਰ ਮਿਟਦੇ ਤਾਂ ਭਾਰਤ ਵਰਸ਼ ਨੂੰ ਏਨੀ ਨਮੋਸ਼ੀ ਨਾ ਸਹਿਣੀ ਪੈਂਦੀ ਸਗੋਂ ਉਹਨਾਂ ਦਾ ਅਤੇ ਭਾਰਤ ਵਰਸ਼ ਦਾ ਨਾਮ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਂਦਾ। ਫਿਰ ਤਹਿਲਕਾ ਕਾਂਡ ਨੇ ਭਾਰਤ ਦੇ ਜੋ ਝੰਡੇ ਝੁਲਾਏ ਸਨ ਉਹ ਵੀ ਕਿਸੇ ਤੋਂ ਲੁਕੇ ਛੁਪੇ ਨਹੀਂ। ਉਸ ਕਾਂਡ 'ਚ ਸ਼ਾਮਿਲ ਲੋਕਾਂ (ਨੇਤਾਵਾਂ) ਨੂੰ ਕਿਸੇ ਵੀ ਕੌਮ ਦੇ ਨਿਰਮਾਤਾ ਨੇ ਮਨੁੱਖੀ ਫਰਜਾਂ ਪ੍ਰਤੀ ਸੁਚੇਤ ਨਹੀਂ ਕੀਤਾ ਸੀ ਅਖੀਰ 'ਚ ਇਹ ਕਹਿਣਾ ਵਾਜਬ ਹੈ ਕਿ ਸਾਡਾ ਵਿਦਿਅਕ ਢਾਂਚਾ ਸਿਰਫ ਅਫਸਰ ਤੇ ਕਲਰਕ ਬਣਾਉਣ ਦੀ ਫੈਕਟਰੀ ਹੀ ਹੈ। ਇਸ ਤੋਂ ਬਿਨਾਂ ਵਿਆਖਿਆ ਤਾਂ ਹੋਰ ਵੀ ਕਰ ਸਕਦੇ ਹਾਂ ਪਰ ਹੁਣ ਸੋਚਣਾ ਬਣਦਾ ਹੈ ਕਿ ਇਹਨਾਂ ਸਾਰੇ ਨਾਂਹ ਪੱਖੀ ਵਰਤਾਰਿਆਂ ਦਾ ਕਾਰਨ ਕੀ ਹੈ? ਕਾਰਨ ਸਪੱਸ਼ਟ ਹੈ ਕਿ ਉਪਰੋਕਤ ਕਾਂਡਾ ਵਿੱਚ ਸ਼ਾਮਿਲ ਲੋਕਾਂ ਨੂੰ ਭਾਰਤ ਪ੍ਰਤੀ ਅਤੇ ਭਾਰਤ ਦੇ ਸੰਵਿਧਾਨ ਪ੍ਰਤੀ ਭੋਰਾ ਵੀ ਮਾਣ ਜਾਂ ਗੌਰਵ ਨਹੀ ਸੀ। ਸਿੱਖਿਆ ਸੰਸਥਾਵਾਂ ਨੇ ਇਹਨਾਂ ਲੋਕਾਂ ਨੂੰ ਆਪਣੇ ਹੱਕਾਂ ਦੀ ਖਾਤਿਰ ਹੀ ਸੁਚੇਤ ਕੀਤਾ ਨਾ ਕਿ ਫਰਜਾਂ ਦੀ ਖਾਤਿਰ। ਇਹਨਾਂ ਨੂੰ ਤਾਂ 'ਚਾਰ ਦੂਣੀ ਅੱਠ' ਮੰਨ ਲਓ ਮੂਲਧਨ ਸੌ ਅਤੇ ਲਾਭਹਾਨੀ ਦੇ ਸਵਾਲ ਹੀ ਸਮਝਾਏ ਸਨ। ਫਿਰ ਅਸੀਂ ਇਹਨਾਂ ਤੋਂ ਉਮੀਦ ਵੀ ਕੀ ਰੱਖ ਸਕਦੇ ਸਾਂ। ਉਹਨਾਂ ਵਿੱਚ ਬੇਗਾਨੇਪਣ ਦੀ ਭਾਵਨਾ ਅਤੇ ਖੁਦਗਰਜ਼ੀ ਹੱਦੋ ਵੱਧ ਸੀ।

ਭਾਰਤ ਅਤੇ ਭਾਰਤੀ ਸੰਵਿਧਾਨ ਪ੍ਰਤੀ ਗੌਰਵ ਦੀ ਭਾਵਨਾ ਦਾ ਓ ਅ ਸਿੱਖਣ ਲਈ ਸਭ ਤੋਂ ਪਹਿਲਾ ਸਕੂਲਾਂ ਵਿੱਚ ਸਵੇਰ ਦੀ ਸਭਾ ਹੀ ਹੈ। ਅਫਸੋਸ ਹੈ ਕਿ ਸਵੇਰ ਦੀ ਸਭਾ ਤਾਂ ਕੋਈ ਕਹਿੰਦਾ ਹੀ ਨਹੀਂ ਸਮੇਤ (ਥੋੜ੍ਹੇ ਕੁ ਛੱਡ ਕੇ) ਵਿਗਿਆਨਕ ਸੋਚ ਦੇ ਧਾਰਨੀ ਹੋਣ ਦੇ ਦਆਵੇਦਾਰ ਅਧਿਆਪਕਾਂ ਦੇ ਇਸ ਨੂੰ ਪ੍ਰਾਥਨਾ ਜਾਂ ਪ੍ਰੇਅਰ ਕਿਹਾ ਜਾਂਦਾ ਹੈ। ਭਾਰਤੀ ਸੰਵਿਧਾਨ ਅਨੁਸਾਰ ਸਕੂਲਾਂ ਵਿੱਚ ਸਵੇਰ ਦੀ ਸਭਾ ਵੇਲੇ ਸਿਰਫ਼ ਕੌਮੀ ਗੀਤ ਹੀ ਗਾਉਣ ਦੀ ਹਦਾਇਤ ਹੈ। ਇਸ ਵਿੱਚ ਕੋਈ ਸ਼ੱਕ ਨਹੀ– ਜਿਥੋ ਤੱਕ ਭਾਰਤੀ ਸੰਵਿਧਾਨ ਲਾਗੂ ਹੁੰਦਾ ਹੈ ਉਥੋਂ ਤੱਕ ਹੀ ਭਾਰਤ ਹੈ। ਸਵੇਰ ਦੀ ਸਭਾ ਵੇਲੇ ਲਗਭਗ ਸਾਰੇ ਸਕੂਲਾਂ ਵਿੱਚ ਹੀ ਅਧਿਆਪਕ ਆਪ ਵੀ ਹੱਥ ਜੋੜ ਡੰਡੌਤ ਬੰਧਨਾ ਦੀ ਮੁਦਰਾ ਵਿੱਚ ਖੜ੍ਹੇ ਹੁੰਦੇ ਹਨ ਅਤੇ ਵਿਦਿਆਰਥੀ ਵੀ ਮਚਕੂਰਾਂ ਵਾਂਗ ਲਾਇਨਾਂ ਵਿੱਚ ਹੱਥ ਜੋੜ ਕੇ ਖੜ੍ਹੇ ਹੁੰਦੇ ਹਨ। ਉਥੇ ਸਕੂਲ ਦਾ ਨਹੀ ਸਗੋਂ ਕਿਸੇ ਧਾਰਮਿਕ ਸਥਾਨ ਦਾ ਭੁਲੇਖਾ ਪੈਂਦਾ ਹੈ ਜਾਂ ਗੁਲਾਮਦਾਰੀ ਯੁੱਗ ਦੀ ਯਾਦ ਆਉਂਦੀ ਹੈ। ਸੰਬੰਧਿਤ ਧਿਰਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਹ ਕੰਮ ਤਾਂ ਵਿਦਿਆਰਥੀਆਂ ਦੇ ਭੋਲੇ ਭਾਲੇ ਅਤੇ ਅਨਪੜ੍ਹ ਮਾਪੇ

ਲੱਖਾਂ ਸਾਲਾਂ ਤੋਂ ਕਰਦੇ ਆ ਰਹੇ ਹਨ ਅਤੇ ਉਹਨਾਂ ਨੇ ਆਪਣੀ ਦਸਾਂ ਨਹੁੰਆਂ ਦੀ ਕਿਰਤ ਚੋਂ ਆਪਣੀ ਔਲਾਦ ਦੇ ਭਲੇ ਲਈ ਪੂਜਾ ਅਰਚਨਾ ਅਤੇ ਅਰਦਾਸਾਂ ਕਰਨ ਵਾਸਤੇ ਅਨੇਕਾਂ ਹੀ ਧਾਰਮਿਕ ਅਸਥਾਨ ਉਸਾਰੇ ਹੋਏ ਹਨ। ਪੂਜਾ ਅਰਚਨਾ ਤੇ ਅਰਦਾਸਾਂ ਨੇ ਉਹਨਾਂ ਦੀ ਕੋਈ ਆਸ਼ਾ ਪੂਰੀ ਨਹੀ ਕੀਤੀ ਤਾਂ ਹੀ ਉਹਨਾਂ ਨੇ ਆਪਣੇ ਪਿਆਰੇ ਬੱਚਿਆਂ ਦੀ ਭਲਾਈ ਲਈ ਸਕੂਲਾਂ ਦਾ ਆਸਰਾ ਲਿਆ ਹੈ। ਉਪਰੋਕਤ ਵਰਤਾਰਿਆਂ ਨੂੰ ਵੇਖਕੇ ਵਿਗਿਆਨਕ ਸੋਚ ਅਤੇ ਦੇਸ਼ ਦੇ ਭਲੇ ਲਈ ਚੇਤੰਨ ਮਨੁੱਖ ਦੇ ਮਨ ਵਿੱਚ ਸਵਾਲ ਉਠਦਾ ਹੈ ਕਿ ਕੌਮ ਦੇ ਨਿਰਮਾਤਾ ਹੁਣ ਕਿਹੋ ਜਿਹੀ ਕੌਮ ਦਾ ਨਿਰਮਾਣ ਕਰ ਰਹੇ ਹਨ। ਭਾਰਤ ਵਿੱਚ ਜੇ ਸਕੂਲ ਸਿੱਖ ਅਬਾਦੀ ਵਿੱਚ ਹੈ ਤਾਂ ਉਥੇ ਗੁਰਬਾਣੀ ਦੇ ਸ਼ਬਦ ਗਾਏ ਜਾਂਦੇ ਹਨ। ਜੇਕਰ ਹਿੰਦੂ ਜਾਂ ਕਿਸੇ ਹੋਰ ਫਿਰਕੇ ਨਾਲ ਸੰਬੰਧਿਤ ਅਬਾਦੀ ਹੈ ਤਾਂ ਉਥੇ ਸਰਸਵਤੀ ਵੰਦਨਾ, ਭਜਨ ਜਾਂ ਪ੍ਰਾਰਥਨਾ ਕਰਵਾਈ ਜਾਂਦੀ ਹੈ। ਇਸ ਤੋਂ ਇਲਾਵਾ ਅਧਿਆਪਕ ਆਪਣੇ ਅਧਿਆਤਮਵਾਦੀ ਵਿਚਾਰਾਂ ਅਨੁਸਾਰ ਵਿਦਿਆਰਥੀਆਂ ਕੋਲੋ ਆਪਣੀ ਮਰਜੀ ਨਾਲ ਗਾਇਨ ਕਰਵਾਉਂਦੇ ਹਨ। ਜਿਹੜੀਆਂ ਸੰਸਥਾਵਾਂ ਵਿੱਚ ਅਧਿਆਪਕਾਂ ਨੂੰ ਪੜਾਇਆ ਜਾਂਦਾ ਹੈ ਜਾਂ ਉਹਨਾਂ ਦਾ ਰੀਫੈਸ਼ਰ ਕੋਰਸ ਕਰਵਾਇਆ ਜਾਂਦਾ ਹੈ (ਇਨ ਸਰਵਿਸ ਟ੍ਰੇਨਿੰਗ ਸੈਂਟਰ, ਡਾਇਟ) ਉਥੇ ਵੀ ਸਭ ਤੋਂ ਪਹਿਲਾ ਬਾ-ਹੁਕਮ ਹੱਥ ਜੋੜਕੇ "ਐ ਮਾਲਕ ਤੇਰੇ ਬੰਦ ਹਮ" ਦਾ ਗਾਇਨ ਕਰਵਾਇਆ ਜਾਂਦਾ ਹੈ। ਕਿਤੇ ਅਖੀਰ ਵਿੱਚ ਜਾ ਕੇ ਮਤਰੇਏ ਪੁੱਤਰ ਵਾਂਗ ਕੌਮੀ ਗੀਤ ਦੀ ਵਾਰੀ ਆਉਂਦੀ ਹੈ।

ਅਸੀਂ ਚਿਰਾਂ ਤੋਂ ਪੜ੍ਹਦੇ ਅਤੇ ਪੜ੍ਹਾਉਂਦੇ ਆ ਰਹੇ ਹਾਂ ਕਿ ਅਯੋਕਾ ਮਨੁੱਖ ਅਨੇਕਾਂ ਸਾਲਾਂ 'ਚ ਨਿਰੰਤਰ ਵਿਕਾਸ ਰਾਹੀਂ ਮਾਦੇ ਤੋਂ ਮਨੁੱਖ ਤੱਕ ਪਹੁੰਚਿਆ ਹੈ। ਪ੍ਰੰਤੂ ਜਦੋਂ 'ਐ ਮਾਲਿਕ ਤੇਰੇ ਬੰਦੇ ਹਮ" ਦਾ ਗਾਇਨ ਕਰਦੇ ਹਾਂ ਤਾਂ ਉਦੋਂ ਅਸੀਂ ਮਨੁੱਖ ਨੂੰ ਜਨਮ ਦੇਣ ਵਾਲੀ ਅਦਿੱਖ ਗੈਬੀ ਸ਼ਕਤੀ ਦਾ ਧੰਨਵਾਦ ਕਰਦੇ ਹਾਂ। ਕੀ ਉਸ ਵਕਤ ਤੰਦਰੁਸਤ ਸੋਚ ਵਾਲੇ ਤੇ ਸੰਵੇਦਸ਼ੀਲ ਵਿਦਿਆਰਥੀਆਂ ਨੂੰ ਅਧਿਆਪਕ ਦੀ ਕਹਿਣੀ ਤੇ ਕਰਨੀ 'ਤੇ ਸ਼ੱਕ ਨਹੀ ਹੋਵੇਗਾ ? ਇਹ ਵਿਸ਼ਾ ਹੀ ਵੱਖਰਾ ਹੈ ਕਿ ਕੌਮੀ ਗੀਤ ਕਿਉਂ ਤੇ ਕਿਵੇਂ ਲਿਖਿਆ ਗਿਆ, ਅਤੇ ਗੁਰਬਾਣੀ ਦੇ ਸ਼ਬਦ ਬਹੁਤ ਹੀ ਸੇਧਮਈ ਹਨ। ਇਸ ਵਿੱਚ ਕੋਈ ਸ਼ੱਕ ਨਹੀ ਹਰ ਇੱਕ ਕੌਮ (ਦੇਸ਼) ਦੀ ਮੁਖ ਧਾਰਾਂ ਵਿੱਚ ਰਹਿਣ ਲਈ ਅਤਿ ਜ਼ਰੂਰੀ ਹੁੰਦਾ ਹੈ ਕਿ ਉਸ ਦੇਸ਼ ਦੇ ਸੰਵਿਧਾਨ ਅਤੇ ਕਾਨੂੰਨ ਦੀ ਤਾਮੀਲ ਕੀਤੀ ਜਾਵੇ ਅਤੇ ਨਵੀ ਕੌਮ ਨੂੰ ਤਾਮੀਲ ਕਰਨੀ ਸਿਖਾਈ ਜਾਵੇ। ਜੇ ਅਸੀਂ ਭਾਰਤ ਦੇ ਸਿਰ ਧਰਮ-ਨਿਰਪੱਖਤਾ ਦੀ ਕਲਗੀ ਸਜਾਉਣੀ ਹੈ ਤਾਂ 'ਜਿੰਨੇ ਮੂੰਹ ਉਨੀਆਂ ਗੱਲਾਂ' ਬੰਦ ਕਰਨੀਆਂ ਪੈਣਗੀਆਂ। ਜ਼ਾਬਤੇ ਬਿਨਾਂ ਆਦਮੀ ਬੇਮੁਹਾਰਾ ਹੁੰਦਾ ਹੈ।

ਕੌਮ ਦੇ ਨਿਰਮਾਤਾਵਾਂ (ਅਧਿਆਪਕ ਵਰਗ) ਦਾ ਫਰਜ਼ ਬਣਦਾ ਹੈ ਕਿ ਉਹ ਅੰਧ ਵਿਸ਼ਵਾਸ ਅਤੇ ਅਖੌਤੀ ਧਰਮਾਂ ਦੀ ਦਲਦਲ ਵਿੱਚੋਂ ਨਿਕਲ ਕੇ ਕੌਮ ਨੂੰ ਮਚਕੂਰ ਬਨਾਉਣ ਵਾਲੀ ਹੱਥ ਜੋੜਕੇ ਬੰਦਨਾ ਕਰਨ ਵਾਲੀ ਰੀਤ ਖਤਮ ਕਰਨ ਅਤੇ ਬਾਲ ਕੌਮ ਨੂੰ ਦੇਸ਼ ਪ੍ਰਤੀ ਗੌਰਵ ਅਤੇ ਮਾਣ ਦਾ ਅਹਿਸਾਸ ਕਰਵਾਉਣ। ਸਕੂਲਾਂ ਵਿੱਚ ਸਵੇਰ ਦੀ ਸਭਾ ਵੇਲੇ ਸਭ ਤੋਂ ਪਹਿਲਾਂ ਕੌਮੀ ਗੀਤ ਗਾਉਣ ਨਾਲ ਸਾਰੇ ਦੇਸ਼ ਦੇ ਵਿਦਿਆਰਥੀ ਇੱਕ ਲੜੀ ਵਿੱਚ ਪਰੋਏ ਜਾਣਗੇ ਅਤੇ ਉਹਨਾਂ ਵਿੱਚੋ ਦੇਸ਼ ਦੀ ਏਕਤਾ ਤੇ ਆਖੰਡਤਾ ਪ੍ਰਤੀ ਹਾਂ ਪੱਖੀ ਭਾਵਨਾ ਉਜਾਗਰ ਹੋਵੇਗੀ। ਇਹ ਸਭ ਨੂੰ ਪਤਾ ਹੀ ਹੈ ਕਿ ਇਹ ਕੰਮ ਨਾ ਹਾਕਮ ਸਰਕਾਰਾਂ ਨੇ ਕੀਤਾ ਹੈ ਤੇ ਨਾ ਹੀ ਕਰਨਾ ਹੈ ਕਿਉਂਕਿ ਉਹਨਾਂ ਦਾ ਇਸੇ ਤਰਾਂ ਹੀ ਭਲਾ ਹੁੰਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀ ਕਿ ਸਿਰਫ਼ ਕੌਮੀ ਗੀਤ ਗਾਉਣ ਨਾਲ ਹੀ ਸਾਡੇ ਦੇਸ਼ ਦੀ ਉਲਝੀ ਤਾਣੀ ਠੀਕ ਨਹੀ ਹੋਣੀ, ਪਰ ਤਾਂ ਵੀ ਸ਼ੁਰੂਆਤ ਕਰਨ ਲਈ ਪਹਿਲਾ ਕਦਮ ਇਥੋਂ ਹੀ ਚੁੱਕਣਾ ਪਵੇਗਾ। ਜੇ ਇਵੇਂ ਹੀ 'ਜਿੰਨੇ ਮੂੰਹ ਉਨੀਆਂ ਗੱਲਾਂ' ਚਲਦੀਆਂ ਰਹੀਆਂ ਤਾਂ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਖਿਆਲ ਕਿਸ ਭੜੂਏ ਨੇ ਕਰਨਾ ਹੈ ? ਭਾਰਤ ਮਹਾਨ ਭੂੰਡਾਂ ਦੇ ਖੱਖਰ ਵਾਂਗ ਨਿੱਖੜ ਜਾਵੇਗਾ। ਦੇਸ਼ ਪ੍ਰਤੀ ਗੌਰਵ ਕਰਨ ਵਾਲੇ ਪ੍ਰਸ਼ਾਸ਼ਕਾਂ ਨੂੰ ਬੇਨਤੀ ਹੈ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਇਸ ਪੱਖ ਤੋਂ ਕਾਨੂੰਨੀ ਤੌਰ 'ਤੇ ਸ਼ਖਤੀ ਵਰਤੀ ਜਾਵੇ ਕਿਸੇ ਵੀ ਰਸਮ, ਰਿਵਾਜ ਜਾਂ ਕਾਨੂੰਨ ਨੂੰ ਬਦਲਣ ਲਈ ਸਾਨੂੰ ਤਰਕਮਈ ਸੰਘਰਸ਼ ਕਰਨ ਦੀ ਲੋੜ ਹੈ। ਕੌਮੀ ਗੀਤ ਦੇ ਅਲੋਚਕਾਂ (ਨੁਕਤਾ-ਚੀਨੀਏ) ਨੂੰ ਬੇਨਤੀ ਹੈ ਕਿ ਉਹ ਦੇਸ਼ ਦੇ ਕਾਨੂੰਨ ਦੀ ਤਾਮੀਲ ਕਰਦਿਆਂ ਤਰਕਮਈ ਤਰੀਕੇ ਨਾਲ ਸੰਘਰਸ਼ ਕਰਨ ਤੇ ਵਿਚਾਰ ਪੇਸ਼ ਕਰਨ। ਨਾ ਕਿ ਬਾਲ ਮਨਾਂ ਵਿੱਚ ਬੇਗਾਨਾਪਨ ਪੈਦਾ ਕਰਨ। ਫਿਰ ਤਹਿਲਕਾ ਅਤੇ ਮਾਲਟਾ ਕਿਸ਼ਤੀ ਕਾਂਡ ਵਰਗੇ ਕਾਂਡ ਦੂਹਰਾਏ ਨਹੀ ਜਾਣਗੇ ਨਾ ਹੀ ਅਸੀ ਅਖੌਤੀ ਧਾਰਮਿਕ ਮੂਲਵਾਦੀਆਂ ਨੂੰ ਸਿਵੇ ਬਾਲਣ ਦੀ ਇਜਾਜਤ ਦੇਵਾਂਗੇ। ਫਿਰ ਭਾਰਤ ਦਾ ਹਰ ਬਸਿੰਦਾ ਖੁਸ਼ਹਾਲੀ ਨਾਲ ਵਸੇਗਾ ਅਤੇ ਭਾਰਤ ਮਹਾਨ ਬੁਲੰਦੀਆਂ ਤੇ ਪਹੁੰਚੇਗਾ।

**– ਸੁਖਚੈਨ ਥਾਂਦੇਵਾਲਾ**
ਚੂੰਗੀ ਨੰ: 7 ਵਾਲੀ ਗਲੀ,
ਗੁਰੂ ਅਰਜਨ ਦੇਵ ਨਗਰ, ਫਰੀਦਕੋਟ।
ਮੋਬਾ: 94639-80326

**ਆਪਣੇ ਬੱਚਿਆਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਡਾ. ਜਤਿੰਦਰਪਾਲ ਦੁਆਰਾ ਲਿਖੀਆਂ ਹੇਠ ਲਿਖੀਆਂ ਕਿਤਾਬਾਂ ਜ਼ਰੂਰ ਪੜ੍ਹਾਓ**




ਘਰ ਬੈਠੇ ਪੂਰਾ ਸੈਟ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744

ਮੇਰੇ ਬੱਚੇ ਦਾ ਚਿੜਚਿੜਾ ਜੇਕਰ ਮਿਜ਼ਾਜ਼ ਹੈ।

ਗੁੰਬਦ 'ਚੋਂ ਆ ਰਹੀ ਇਹ ਮੇਰੀ ਹੀ ਆਵਾਜ਼ ਹੈ। ਕਹਿੰਦੇ ਹਨ ਕਿ ਜ਼ੁਰਮ ਸਮਾਜ ਤਿਆਰ ਕਰਦਾ ਹੈ। ਮੁਜ਼ਰਿਮ ਤਾਂ ਉਸ ਨੂੰ ਬੱਸ ਅੰਜ਼ਾਮ (ਸਿਰੇ ਲਾਉਂਦਾ) ਦਿੰਦਾ ਹੈ। ਕੁਝ ਦਿਨ ਪਹਿਲਾਂ ਅਖਬਾਰਾਂ ਵਿੱਚ ਖਬਰ ਛਪੀ ਕਿ ਇਸ ਇਲਾਕੇ ਦੇ ਇੱਕ ਨੌਜਵਾਲ ਮੁੰਡੇ ਅਤੇ ਉਸ ਦੇ ਸਾਲੇ ਤੋਂ ਦਰਜਨ ਦੇ ਕਰੀਬ ਚੋਰੀ ਦੀਆਂ ਕਾਰਾਂ ਅਤੇ ਮੋਟਰ ਸਾਈਕਲ ਫੜ੍ਹੇ ਗਏ। ਕਹਿੰਦੇ ਪਿਛਲੇ 5-6 ਸਾਲ ਤੋਂ ਉਹ ਇਹ ਕਾਲਾ ਧੰਦਾ ਕਰ ਰਹੇ ਸਨ। ਮੁੰਡੇ ਦਾ ਪਿਓ ਅੰਮ੍ਰਿਤਧਾਰੀ ਖਾਲਸਾ ਨਿੱਤਨੇਮ ਨਾਲ ਗੁਰਦੁਆਰੇ ਜਾਣ ਵਾਲਾ। ਖੇਤ ਗੇੜਾ ਮਾਰਨ ਵੀ ਹੀਰੋ ਹਾਂਡਾ ਮੋਟਰ ਸਾਈਕਲ 'ਤੇ ਜਾਂਦਾ। ਪਿੰਡ ਦਾ ਗੁਰਦੇਵ ਸਿੰਘ ਉਰਫ ਕਾਲੂ ਕਿਸੇ ਦੀ ਢੱਕੀ ਢਕਾਈ ਨਹੀਂ ਰਹਿਣ ਦਿੰਦਾ। ਪਿੰਡ ਦੀ ਸੱਥ (ਪਰ੍ਹੇ) ਵਿੱਚ ਆਉਣ ਸਾਰ ਕਹਿਣ ਲੱਗਾ। ਬਈ ਲੋਕੋ ਪਿੰਡ ਦੀਆਂ ਬੁੜ੍ਹੀਆਂ (ਔਰਤਾਂ) ਗੱਲਾਂ ਕਰਦੀਆਂ ਸੁਣ ਕੇ ਆਇਆ ਹਾਂ, ਕਹਿੰਦੀਆਂ ਆਹ, ਖਾਲਸਾ ਗੁਰਦੁਆਰੇ ਇਉਂ ਚੌਕੜੀ ਮਾਰ ਕੇ ਬਹਿ ਜਾਂਦਾ ਸੀ ਜਿਵੇਂ ਮੁਰਗੀ ਆਂਡਿਆਂ 'ਤੇ ਬਹਿੰਦੀ ਹੈ ਅਤੇ ਕਿੰਨਾ ਕਿੰਨਾ ਚਿਰ ਮਾਲਾ ਫੇਰੀ ਜਾਂਦਾ। ਆਹ ਦੇਖ ਲਓ ਹੁਣ ਸਾਰੇ ਪੰਜਾਬ ਦਾ ਚੋਰੀ ਦਾ ਲੋਹਾ ਉਸ ਦੇ ਘਰੋਂ ਨਿਕਲੀ ਜਾਂਦਾ। ਕੋਈ ਹੋਰ ਆਦਮੀ ਕਹਿੰਦਾ ਦੇਬਿਆ ਉਹ ਮੱਥਾ ਟੇਕਣ ਵੇਲੇ 10 ਮਿੰਟ ਬੁੱਲ੍ਹ ਜਿਹੇ ਹਿਲਾ ਕੇ ਕੀ ਕਹਿੰਦਾ ਹੁੰਦਾ ਸੀ। ਤਾਂ ਦੇਬਾ ਕਹਿਣ ਲੱਗਿਆ, ਕਹਿਣਾ ਕੀ ਸੀ, ਉਹ ਕਹਿੰਦਾ ਸੀ ਹੇ ! ਮਹਾਰਾਜ ਮੇਰੀ ਚੋਰੀ ਦੀ ਟਾਟਾ ਸਫਾਰੀ ਵਿਕ ਜੇ, ਕਾਰ, ਮੋਟਰ, ਸਾਈਕਲ, ਟਰੈਕਟਰ ਵਿਕ ਜੇ ਤਾਂ ਫਿਰ ਤੇਰਾ ਅਖੰਡ ਪਾਠ ਕਰਵਾਊਂ। ਹੋਰ ਉਹ ਪਿੰਡ ਦੀ ਕੋਈ ਸੁੱਖ ਥੋੜ੍ਹਾ ਮੰਗਦਾ ਸੀ। ਇੱਕ ਹੋਰ ਬੰਦਾ ਕਹਿੰਦਾ ਦੇਬਿਆ ਯਾਰ ਤੇਰੇ ਮੁੰਡੇ ਬਹੁਤ ਸ਼ਰੀਫ ਹੈ ਕਦੇ ਕੋਈ ਉਲਾਭਾਂ ਨਹੀਂ ਸੁਣਿਆ। ਦੇਬਾ ਕਹਿਣ ਲੱਗਿਆ ਉਨ੍ਹਾਂ ਦੀ ਵੀ ਸੁਣ ਲਓ ਗੱਲ, 10 ਸਾਲ ਪਹਿਲਾਂ ਖੇਤੋਂ ਘਰ ਦੀ ਸ਼ਰਾਬ ਕੱਢ ਕੇ ਕੈਨੀ ਭਰ ਕੇ ਘਰੇ ਲੈ ਆਏ। ਆਥਣੇ ਕਹਿੰਦੇ ਬਾਪੂ ਲਾ ਲਾ ਪੈੱਗ ਤੂੰ ਵੀ, ਤਾਂ ਮੈਂ ਸਾਰੇ ਅਗਵਾੜ ਦੇ ਬੰਦੇ ਇਕੱਠੇ ਕਰ ਲਏ। ਉਨ੍ਹਾਂ ਨੂੰ ਆਖਿਆ ਕਿ ਜਾਂ ਤਾਂ ਮੇਰੇ ਮੁੰਡੇ ਇਹ ਘਰ ਦੀ ਸ਼ਰਾਬ ਹੁਣੇ ਨਾਲੀ 'ਚ ਡੋਲ੍ਹ ਦੇਣ ਨਹੀਂ ਫਿਰ ਮੈਂ ਇਸ ਘਰ 'ਚ ਨਹੀਂ ਰਹਿਣਾ। ਮੁੰਡਿਆਂ ਨੇ ਸ਼ਰਾਬ ਡੋਲ੍ਹ ਦਿੱਤੀ ਅਤੇ ਅੱਜ ਤੱਕ ਉਸ ਪਾਸੇ ਨਹੀਂ ਝਾਕੇ। ਜੇ ਬਾਈ ਮੈਂ ਵੀ ਉਦੋਂ ਪੈੱਗ ਦਾ ਲਾਲਚ ਕਰ ਜਾਂਦਾ ਤਾਂ ਮੇਰੇ ਮੁੰਡਿਆਂ ਨੇ ਵੀ ਖਾਲਸੇ ਦੇ ਮੁੰਡੇ ਵਾਂਗੂ ਪੁੱਠੇ ਕੰਮ ਹੀ ਕਰਨੇ ਸਨ। ਉਹ ਫਿਰ ਕਹਿਣ ਲੱਗਿਆ ਆਪਣੇ ਪਿੰਡ ਵਿੱਚ ਜਿੰਨੇ ਅਫੀਮ ਖਾਂਦੇ ਐ, ਇਹ ਸਭ ਘੋਚੂ ਸਮਗਲਰ ਦੇ ਲਾਏ ਹੋਏ ਹਨ। ਉਹ ਇਨ੍ਹਾਂ ਦੇ ਘਰੀਂ ਅਫੀਮ ਰੱਖ ਜਾਂਦਾ ਸੀ। ਇਹ ਲੋਕ ਨਾਲੇ ਆਪ ਅਫੀਮ ਖਾ ਲੈਂਦੇ ਨਾਲੇ ਬੱਚਿਆਂ ਨੂੰ ਖੁਆ ਦਿੰਦੇ। ਹੁਣ ਦੇਖ ਲਾ ਕਿਵੇਂ ਸਾਰੇ ਪੱਖੇ ਵਾਂਗੂ ਡੋਲਦੇ ਫਿਰਦੇ ਐ। ਸੌ ਹੱਥ ਰੱਸਾ ਸਿਰੇ 'ਤੇ ਗੰਢ ਮਾਪੇ ਹੀ ਬੱਚਿਆਂ ਨੂੰ ਪੁੱਠੇ ਰਸਤੇ ਲਾਉਣ ਲਈ ਜਿੰਮੇਵਾਰ ਹੁੰਦੇ ਹਨ।

--



# ਬੱਚਿਆਂ ਨੂੰ ਜ਼ੁਰਾਇਮ ਪੇਸ਼ਾ ਬਣਾਉਣ ਵਿੱਚ ਮਾਪੇ ਵੀ ਜ਼ਿੰਮੇਵਾਰ

## ਜੇਕਰ ਰੁੱਖ ਹੋਣਗੇ ਤਾਂ ਮਨੁੱਖ ਹੋਣਗੇ



ਅਮਰਜੀਤ ਢਿੱਲੋਂ
ਦਬੜ੍ਹੀਖਾਨਾ

ਘਣਫਲ ਦੇ ਹਿਸਾਬ ਨਾਲ ਮਨੁੱਖੀ ਸਰੀਰ ਦੇ ਅੰਦਰ 96 ਪ੍ਰਤੀਸ਼ਤ ਕਾਰਬਨ, ਆਕਸੀਜਨ, ਹਾਈਡਰੋਜਨ ਅਤੇ ਨਾਈਟਰੋਜਨ ਹੁੰਦੀਆਂ ਹਨ ਤਿਨ ਪ੍ਰਤੀਸ਼ਤ ਕੈਲਸ਼ੀਅਮ, ਫਾਸਫੋਰਸ,ਪੋਟਾਸ਼ੀਅਮ ਅਤੇ ਗੰਧਕ (ਸਲਫਰ) ਹੁੰਦੀ ਹੈ ਇੱਕ ਪ੍ਰਤੀਸ਼ਤ ਤੋਂ ਘੱਟ ਆਇਰਨ (ਲੋਹਾ),ਸੋਡੀਅਮ,ਕਲੋਰੀਨ ਅਤੇ 001 ਪ੍ਰਤੀਸ਼ਤ ਆਇਓਡੀਨ, ਮੈਗਨੀਸ਼ੀਅਮ, ਕਾਪਰ, ਮੈਂਗਨੀਜ, ਕੋਬਾਲਟ, ਜਿੰਕ ਅਤੇ ਹੋਰ ਮਾਈਕਰੋ ਤੱਤ ਹੁੰਦੇ ਹਨ। ਇਹ ਸਾਰੇ ਤੱਤ ਅਨੁਪਾਤ ਵਿੱਚ ਕੁੱਝ-ਕੁੱਝ ਵਿਸ਼ੇਸ਼ ਤਬਦੀਲੀ ਨਾਲ ਸਜੀਵ ਵਸਤੂ ਦੇ ਸੈਲਾਂ ਦੀ ਬਣਤਰ ਨਿਰਧਾਰਤ ਕਰਦੇ ਹਨ।

ਮਨੁੱਖ ਵਾਂਗ ਰੁੱਖ ਵੀ ਸਾਹ ਲੈਂਦੇ ਹਨ ਅਤੇ ਉਹਨਾਂ ਨੂੰ ਵੀ ਲੱਗਭੱਗ ਮਨੁੱਖ ਵਾਲੇ ਤੱਤਾਂ ਦੀ ਜ਼ਰੂਰਤ ਹੈ। ਅਸਲ 'ਚ ਬਨਸਪਤੀ ਪੈਦਾ ਹੋਣ ਤੋਂ ਬਾਅਦ ਵਾਯੂਮੰਡਲ 'ਚ ਆਕਸੀਜਨ ਦੀ ਬਹੁਤਾਤ ਹੋਈ ਤਾਂ ਇਸ ਧਰਤੀ ਤੇ ਜੀਵਨ ਸੰਭਵ ਹੋ ਸਕਿਆ। ਜਿਹਨਾਂ ਗ੍ਰਹਿਆਂ ਉੱਪਰ ਬਨਸਪਤੀ ਨਹੀਂ, ਉੱਥੇ ਜੀਵਨ ਵੀ ਨਹੀਂ ਹੋ ਸਕਦਾ। ਰੁੱਖਾਂ ਦੇ ਪੱਤਿਆਂ ਥੱਲੇ ਬਹੁਤ ਬਰੀਕ-ਬਰੀਕ ਛੇਕ ਹੁੰਦੇ ਹਨ, ਜੋ ਖੁੱਲਦੇ ਅਤੇ ਬੰਦ ਹੁੰਦੇ ਰਹਿੰਦੇ ਹਨ। ਇਹਨਾਂ ਛੇਕਾਂ ਰਾਹੀਂ ਪੌਦਾ ਸਾਹ ਲੈਂਦਾ ਹੈ। ਜਦੋਂ ਇਹਨਾਂ ਛੇਕਾਂ ਰਾਹੀਂ ਹਵਾ ਅੰਦਰ ਜਾਂਦੀ ਹੈ ਤਾਂ ਇਸ 'ਚੋਂ ਕਾਰਬਨ ਡਾਈਆਕਸਾਈਡ ਚੂਸ ਲਈ ਜਾਂਦੀ ਹੈ ਅਤੇ ਬਾਕੀ ਨਾਈਟਰੋਜਨ ਅਤੇ ਆਕਸੀਜਨ ਬਾਹਰ ਨਿਕਲ ਜਾਂਦੀ ਹੈ। ਇਸ ਤਰ੍ਹਾਂ ਹਵਾ 'ਚ ਆਕਸੀਜਨ ਦਾ ਵਾਧਾ ਹੁੰਦਾ ਹੈ। ਇਹ ਕ੍ਰਿਆ ਪੌਦੇ ਧੁੱਪ ਵਿੱਚ ਪ੍ਰਕਾਸ਼ ਸੰਸਲੇਸ਼ਣ ਕ੍ਰਿਆ ਰਾਹੀਂ ਕਰਦੇ ਹਨਪਰ ਰਾਤ ਨੂੰ ਇਹ ਕ੍ਰਿਆ ਉਲਟ ਹੋ ਜਾਂਦੀ ਹੈ। ਰਾਤ ਨੂੰ ਇਹ ਆਕਸੀਜਨ ਚੂਸਦੇ ਹਨ ਅਤੇ ਕਾਰਬਨ ਡਾਈਆਕਸਾਈਡ ਅਤੇ ਨਾਈਟਰੋਜਨ ਬਾਹਰ ਕੱਢਦੇ ਹਨ। ਬਾਗਾਂ, ਜੰਗਲਾਂ ਅਤੇ ਰੁੱਖਾਂ ਹੇਠ ਰਾਤ ਨੂੰ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਧ ਜਾਂਦੀ ਹੈ ਅਤੇ ਸਾਹ ਘੁਟਣ ਦਾ ਡਰ ਬਣਿਆ ਰਹਿੰਦਾ ਹੈ। ਇਸੇ ਲਈ ਬੱਚਿਆਂ ਨੂੰ ਕਿਹਾ ਜਾਂਦਾ ਹੈ ਕਿ ਰਾਤ ਨੂੰ ਰੁੱਖਾਂ ਉੱਤੇ ਭੂਤ ਰਹਿੰਦੇ



ਹਨ। ਪ੍ਰਕਾਸ਼ ਕਿਰਨਾਂ ਰਾਹੀਂ ਪੱਤੇ ਇੱਕ ਅਦਭੁੱਤ ਰਸਾਇਣਕ ਪਰਿਵਰਤਣ ਕਰਦੇ ਹਨ। ਪੱਤਿਆਂ 'ਚ ਹਰੇ ਰੰਗ ਨੂੰ ਕਲੋਰੋਫਿਲ ਕਹਿੰਦੇ ਹਨ। ਇਹ ਕਲੋਰੋਫਿਲ ਸੂਰਜ ਦੀਆਂ ਕਿਰਨਾਂ ਦੀ ਸ਼ਕਤੀ ਨਾਲ ਸਟਾਰਚ,ਖੰਡ ਅਤੇ ਪੌਦਿਆਂ 'ਚ ਮਿਲਦੇ ਹੋਰ ਅਨੇਕ ਪਦਾਰਥ ਤਿਆਰ ਕਰਦੇ ਹਨ।

ਮਨੁੱਖਾਂ ਵਾਂਗ ਹੀ ਰੁੱਖਾਂ ਲਈ ਕਾਰਬਨ, ਹਾਈਡਰੋਜਨ, ਆਕਸੀਜਨ, ਨਾਈਟਰੋਜਨ, ਸਲਫਰ (ਗੰਧਕ), ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਲੋਹਾ ਆਦਿ ਜ਼ਰੂਰੀ ਤੱਤ ਚਾਹੀਦੇ ਹਨ ਇਹਨਾਂ ਬਿਨਾਂ ਪੌਦਾ ਉੱਗ ਹੀ ਨਹੀਂ ਸਕਦਾ ਕੁੱਝ ਤੱਤ ਜਿਵੇਂ ਸੋਡੀਅਮ, ਕਲੋਰੀਨ ਅਤੇ ਸਿਲੀਕਾਨ ਜ਼ਰੂਰੀ ਤਾਂ ਹਨ ਪਰ ਇਹਨਾਂ ਬਗੈਰ ਪੌਦਾ ਉੱਗ ਸਕਦਾ ਹੈ। ਇਹਨਾਂ ਤੋਂ ਬਿਨ੍ਹਾਂ ਜਿਸਤ ਅਤੇ ਤਾਂਬਾ (ਕਾਪਰ) ਵੀ ਕਿਸੇ-ਕਿਸੇ ਰੁੱਖ 'ਚ ਮਿਲਦੇ ਹਨ। ਪੌਦੇ ਕਾਰਬਨ ਅਤੇ ਆਕਸੀਜਨ ਦੀ ਸਾਰੀ ਲੋੜ ਹਵਾ ਵਿੱਚੋਂ ਪੂਰੀ ਕਰਦੇ ਹਨ। ਇਹਨਾਂ ਗੈਸਾਂ ਨੂੰ ਉਹ ਆਪਣੇ ਪੌਦਿਆਂ ਦੇ ਨਿੱਕੇ-ਨਿੱਕੇ ਛੇਕਾਂ ਰਾਹੀਂ ਅੰਦਰ ਚੂਸਕੇ ਹਰੇ ਰੰਗ (ਕਲੋਰੋਫਿਲ) ਅਤੇ ਸੂਰਜ ਦੀਆਂ ਕਿਰਨਾਂ ਦੀ ਸ਼ਕਤੀ ਨਾਲ ਸਟਾਰਚ, ਖੰਡ ਅਤੇ ਹੋਰ ਖੁਰਾਕ ਬਣਾਉਂਦੇ ਹਨ। ਨਾਈਟਰੋਜਨ ਪੌਦੇ ਦੀ ਵੱਡੀ ਲੋੜ ਹੈ ਅਤੇ ਹਵਾ 'ਚ ਪੰਜਾਂ 'ਚੋਂ ਚਾਰ ਹਿੱਸੇ ਹੈ ਪਰ ਇਹ ਪੌਦੇ ਦੇ ਕੰਮ ਨਹੀਂ ਆਉਂਦੀ। ਨਾਈਟਰੋਜਨ ਪੌਦਾ ਧਰਤੀ 'ਚੋਂ ਜੜ੍ਹਾਂ ਰਾਹੀਂ ਨਾਈਟ੍ਰੇਟਸ ਦੇ ਰੂਪ ਵਿੱਚ ਗ੍ਰਹਿਣ ਕਰਦਾ ਹੈ। ਇਹ ਨਾਈਟ੍ਰੇਟਸ ਧਰਤੀ 'ਚ ਤਿੰਨ ਤਰ੍ਹਾਂ ਪਹਿਲੇ ਗਲੀ-ਸੜੀ ਖਾਦ, ਦੋ ਕੀਟਾਣੂਆਂ ਰਾਹੀਂ ਅਮੋਨੀਆ ਤੋਂ ਨਾਈਟ੍ਰੇਟਸ, ਕੁੱਝ ਕੀਟਾਣੂ ਹਵਾ ਦੀ ਨਾਈਟਰੋਜਨ ਰਾਹੀਂ ਵੀ ਨਾਈਟ੍ਰੇਟਸ ਬਣਾਉਂਦੇ ਹਨ। ਇਹ ਤਿੰਨੇ ਤਰੀਕੇ ਰਲਕੇ ਵੀ ਪੌਦੇ ਦੀ ਨਾਈਟਰੋਜਨ ਦੀ ਲੋੜ ਪੂਰੀ ਨਹੀਂ ਕਰਦੇ। ਇਸ ਲਈ ਪੌਦੇ ਨੂੰ ਨਾਈਟਰੋਜਨ ਵਾਲੀ ਰਸਾਇਣਕ ਖਾਦ ਪਾਉਣੀ ਪੈਂਦੀ ਹੈ। ਬਾਕੀ ਤੱਤ ਪੋਟਾਸ਼ੀਅਮ,ਨਾਈਟਰੇਟ,ਪੋਟਾਸ਼ੀਅਮ ਫਾਸਫੇਟ, ਮੈਗਨੀਸ਼ੀਅਮ ਸਲਫੇਟ, ਕੈਲਸ਼ੀਅਮ ਨਾਈਟਰੇਟ ਅਤੇ ਫੈਰਿਕ ਕਲੋਰਾਈਡ ਆਦਿ ਵੀ ਰਸਾਇਣਕ ਖਾਦਾਂ ਤੋਂ ਪੂਰੇ ਕੀਤੇ ਜਾਂਦੇ ਹਨ। ਪੋਟਾਸ਼ੀਅਮ ਅਤੇ ਕੈਲਸ਼ੀਅਮ ਦੀ ਘਾਟ ਨਾਲ ਜਿਵੇਂ ਮਨੁੱਖ ਦੀਆਂ ਹੱਡੀਆਂ ਮਜਬੂਤ ਨਹੀਂ ਬਣਦੀਆਂ, ਇਸੇ ਤਰ੍ਹਾਂ ਪੌਦਾ ਵੀ ਪਤਲਾ ਅਤੇ ਕਮਜੋਰ ਪੈ ਜਾਂਦਾ ਹੈ। ਪਾਣੀ 'ਤੇ ਤਰਦਾ ਹਰਾ ਬੂਰ ਅਤੇ ਤਿਲਕਵਾਂ ਜਾਲਾ ਵੀ ਨੀਵੀਂ ਕਿਸਮ ਦੇ ਪੌਦੇ ਹਨ। ਸਮੁੰਦਰ ਦੀਆਂ ਜੜ੍ਹੀਆਂ-ਬੂਟੀਆਂ ਵੀ ਇਸੇ ਪ੍ਰਕਾਰ ਦੇ ਪੌਦੇ ਹਨ। ਸਮੁੰਦਰ 'ਚ ਸੂਰਜ ਦੀਆਂ ਕਿਰਨਾਂ ਨਹੀਂ ਪਹੁੰਚ ਸਕਦੀਆਂ, ਇਸ ਲਈ ਇਹਨਾਂ ਦਾ ਰੰਗ ਹਰਾ ਨਹੀਂ ਹੁੰਦਾ। ਇਹ ਪੀਲਾ, ਭੂਰਾ ਜਾਂ ਲਾਲ ਹੁੰਦਾ ਹੈ। ਇਹਨਾਂ ਨੂੰ ਅੰਗਰੇਜ਼ੀ 'ਚ ਐਲਜੀ ਕਹਿੰਦੇ ਹਨ। ਇਹਨਾਂ 'ਚੋਂ ਆਇਓਡੀਨ ਪੈਦਾ ਹੁੰਦੀ ਹੈ। ਆਚਾਰ-ਮੁਰੱਬਿਆਂ ਤੇ ਲੱਗੀ ਉੱਲੀ ਵੀ ਪੌਦਿਆਂ ਦਾ ਹੀ ਰੂਪ ਹੈ,ਜੋ ਬਿਮਾਰੀਆਂ ਪੈਦਾ ਕਰਦੀ ਹੈ। ਪਰ ਗਲੀ ਸੜੀ ਰੂੜੀ 'ਤੇ ਪੈਦਾ ਹੋਣ ਵਾਲੀ ਉੱਲੀ (ਖੁੰਬਾਂ), ਪਹਾੜਾਂ ਤੇ ਜੰਗਲਾਂ 'ਚ ਉੱਲੀ ਦੇ ਰੂਪ 'ਚ ਉੱਗਦੀ ਗੁੱਛੀ ਅਤੇ ਢਿੰਗਰੀ ਸਾਡੇ ਲਈ ਖਾਣ ਵਾਲੇ ਸਿਹਤ ਵਰਧਕ ਸੁਆਦਲੇ ਪੌਦੇ ਹਨ। ਇਹ ਬਣਾਉਟੀ ਉੱਲੀ ਤਿਆਰ ਕਰਕੇ ਹੁਣ ਲੋਕ ਆਪ ਵੀ ਉਗਾ ਰਹੇ ਹਨ। ਪੈਨਸਲੀਨ ਵਰਗੀ ਲਾਭਦਾਇਕ ਦਵਾਈ ਵੀ ਉੱਲੀ ਤੋਂ ਹੀ ਤਿਆਰ ਕੀਤੀ ਜਾਂਦੀ ਹੈ। ਪੱਤਿਆਂ 'ਚ ਬਣੀ ਖੁਰਾਕ ਪਾਣੀ ਰਾਹੀਂ ਪੌਦੇ ਦੇ ਸਾਰੇ ਸਰੀਰ ਵਿੱਚ ਪਹੁੰਚਦੀ ਹੈ। ਮਨੁੱਖ ਅਤੇ ਜਾਨਵਰਾਂ ਵਾਂਗ ਹੀ ਪਹਾੜਾਂ, ਰੇਗਿਸਤਾਨਾਂ ਅਤੇ ਸਮੁੰਦਰਾਂ ਕਿਨਾਰੇ ਉੱਗੇ ਪੌਦਿਆਂ ਨੇ ਆਪਣੇ ਆਪ ਨੂੰ ਢਾਲ ਲਿਆ ਹੈ। ਇਸ ਧਰਤੀ ਉੱਤੇ 33 ਪ੍ਰਤੀਸ਼ਤ ਰੁੱਖ ਹੋਣੇ ਅਤਿ ਜਰੂਰੀ ਹਨ,ਫੇਰ ਹੀ ਵਾਤਾਵਰਣ ਦਾ ਸੰਤੁਲਨ ਕਾਇਮ ਰਹਿ ਸਕਦਾ ਹੈ।

ਇਸ ਲਈ ਬਹੁਤ ਜਰੂਰੀ ਹੈ ਜੇ ਰੁੱਖ ਹੋਣਗੇ ਤਾਂ ਮਨੁੱਖ ਹੋਣਗੇ। ਬਿਨ੍ਹਾਂ ਰੁੱਖਾਂ ਤੋਂ ਪਰਿੰਦੇ ਕਿੱਥੇ ਚਹਿਚਹਾਉਣਗੇ।



**ਗਜ਼ਲ**

# ਮੈਂ ਵੀ ਨ੍ਹੇਰ ਹੰਢਾ ਲੈਣਾ ਸੀ

ਘਿਸੀਆਂ ਪਿਟੀਆਂ ਬੋਦੀਆਂ ਰਸਮਾਂ ਨੇ ਮੈਨੂੰ ਵਰਚਾ ਲੈਣਾ ਸੀ,
ਜੇ ਮੱਥੇ ਚਾਨਣ ਨਾ ਉੱਗਦਾ ਮੈਂ ਵੀ ਨ੍ਹੇਰ ਹੰਢਾ ਲੈਣਾ ਸੀ।
ਉੱਲੂਆਂ ਵਾਂਗ ਗੁਫਾਵਾਂ ਦੇ ਵਿੱਚ ਮੈਂ ਵੀ ਵਕਤ ਬਿਤਾ ਲੈਣਾ ਸੀ,
ਤਾਂਘ ਬਿਨਾਂ ਚਾਨਣ ਦੀ ਖੁਦ ਨੂੰ ਰਾਤਾਂ ਸੰਗ ਪਰਚਾ ਲੈਣਾ ਸੀ।
ਜੇ ਮੈਂ ਕਿਸਮਤਵਾਦੀ ਹੁੰਦਾ ਦੋਸ਼ ਨਛੱਤਰਾਂ ਦੇ ਸਿਰ ਮੜ੍ਹ ਕੇ,
ਕਿਸੇ ਪਖੰਡੀ ਵਿਹਲੜ ਤਾਈਂ ਆਪਣਾ ਗੁਰੂ ਬਣਾ ਲੈਣਾ ਸੀ।
ਪਾਉਂਦਾ ਬਾਹਰ ਫੇਰੇ ਹੁੰਦਾ, ਜੇ ਸੰਤਾਂ ਦੇ ਡੇਰੇ ਹੁੰਦਾ,
ਝੂਠ ਤੇ ਦੰਭ ਦੀ ਸ਼ਰਨੀ ਪੈ ਕੇ ਉੱਚਾ ਰੁਤਬਾ ਪਾ ਲੈਣਾ ਸੀ।
ਬੰਦ ਪਿੰਜਰੇ ਵਿੱਚ ਬੈਠਾ ਤੋਤਾ, ਚੂਰੀ ਖਾਂਦਾ ਅਕਸਰ ਸੋਚੇ,
ਮੈਨੂੰ ਬਾਹਰ ਉੱਡਦੇ ਨੂੰ ਤਾਂ ਬਾਜਾਂ ਨੇ ਹੀ ਖਾ ਲੈਣਾ ਸੀ।
ਜੇ ਮੈਂ ਜਾਣ ਗਿਆ ਨਾ ਹੁੰਦਾ ਚੰਨ ਮਾਰੂਥਲ ਦੀ ਧਰਤੀ ਹੈ,
ਮੈਂ ਵੀ ਇਸ ਨੂੰ ਮਹਿਬੂਬਾ ਦੇ ਚਿਹਰੇ ਨਾਲ ਮਿਲਾ ਲੈਣਾ ਸੀ।
ਮੇਰੀ ਸੋਚ ਵੀ ਜੇ ਲਾਈ ਲੱਗ ਭੀੜ ਦਾ ਹੀ ਇੱਕ ਹਿੱਸਾ ਹੁੰਦੀ,
ਕੋਈ ਜਨੂੰਨੀ ਘਿਰਣਾ ਭਰਿਆ ਨਾਹਰਾ ਮੈਂ ਵੀ ਲਾ ਲੈਣਾ ਸੀ।
ਹੱਥੀਂ ਸਿਰਜੇ ਬੁੱਤਾਂ ਅੱਗੇ ਜੇ ਡੰਡਾਉਤ ਮੈਂ ਕਰਦਾ ਰਹਿੰਦਾ,
ਮਨ ਦਾ ਸੋਚਣ ਵਾਲਾ ਹਿੱਸਾ ਆਪਣੇ ਆਪ ਮਿਟਾ ਲੈਣਾ ਸੀ।
ਭੰਗ, ਸ਼ਰਾਬ ਤੇ ਨਾਮ ਖੁਮਾਰੀ ਇੱਕੋ ਹੀ ਪ੍ਰਕਿਰਿਆ ਸਾਰੀ,
ਮੈਂ ਵੀ ਖੁਦ ਨੂੰ ਧੋਖਾ ਦੇਣ ਲਈ ਨਾਮ ਸ਼ਬਦ ਅਪਨਾ ਲੈਣਾ ਸੀ।
ਜੇ ਬਿਮਾਰ ਜਿਹੇ ਕਵੀਆਂ ਦੀ ਸੰਗਤ ਵਿੱਚੋਂ ਬਾਹਰ ਨਾ ਆਉਂਦਾ,
ਦਰਦੇ ਦਿਲ ਦਾ ਧੋਖਾ ਸਿਰਜ ਕੇ ਝੂਠਾ ਗੀਤ ਹੀ ਗਾ ਲੈਣਾ ਸੀ।
ਮੈਂ ਪਾਖੰਡੀ ਬਾਬਾ ਹੁੰਦਾ ਜਾਂ ਕੋਈ ਨੇਤਾ ਡਾਹਢਾ ਹੁੰਦਾ,
ਸਭ ਕੁਝ ਹਾਸਲ ਹੁੰਦਾ ਐਪਰ ਮੈਂ ਸਵੈਮਾਣ ਗੁਆ ਲੈਣਾ ਸੀ।
ਜੇ ਕਵਿਤਾ ਵਿੱਚ ਪਰਿਕਲਪਨਾ, ਮਨੋਰੋਗ ਤੇ ਝੂਠ ਨਾ ਹੁੰਦਾ,
ਢਿੱਲੋਂ ਕਵੀਆਂ ਨੇ ਵੀ ਇਹ ਨਰੋਆ ਸਮਾਜ ਬਣਾ ਲੈਣਾ ਸੀ।

**– ਅਮਰਜੀਤ ਢਿੱਲੋਂ**

## ਸ਼ੋਕ ਮਤਾ

ਤਰਕਸ਼ੀਲ ਲਹਿਰ ਦੇ ਸਰਗਰਮ ਵਰਕਰ ਹਰਨੇਕ ਸਿੰਘ ਫੌਜੀ ਪਿੰਡ ਨਥੋਹੇੜੀ (ਸੰਗਰੂਰ) ਦੀ ਪਤਨੀ ਸ੍ਰੀਮਤੀ ਚਰਨਜੀਤ ਕੌਰ 27-5-2014 ਨੂੰ ਸਦੀਵੀ ਵਿਛੋੜਾ ਦੇ ਗਏ। ਅਦਾਰਾ ਵਿਗਿਆਨ ਜੋਤ ਪਰਿਵਾਰ ਦੇ ਦੁੱਖ ਚ ਸਰੀਕ ਹੁੰਦਾ ਹੋਇਆ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

# ਧਰਮ ਦੀ ਮਾਰ ਝੱਲਦਾ ਬੇਅਕਲ ਸਮਾਜ

**ਮੂਲ ਲੇਖਕ ਸ਼੍ਰੀ ਪ੍ਰਕਾਸ਼ ਸ਼੍ਰੀ ਵਾਸਤਵ ਅਨੁਵਾਦਕ : ਪਵਨ ਕੁਮਾਰ ਰੱਤੋਂ**

ਧਰਮ ਦੇ ਠੇਕੇਦਾਰਾਂ ਨੇ ਆਪਨੀ ਦੁਕਾਨ ਚਲਾਉਣ ਦੇ ਲਈ ਅਜਿਹੇ ਚਿੰਨ੍ਹਾਂ ਅਤੇ ਨੰਬਰਾਂ ਨੂੰ ਖੋਜਿਆ ਹੈ ਕਿ ਧਰਮਾਂਧ ਲੋਕ ਅੱਜ ਵੱਧ ਚੜ੍ਹ ਕੇ ਬੋਲੀਆਂ ਲਗਾ ਕੇ ਆਪਨੇ ਆਪ ਨੂੰ ਧਾਰਮਿਕ ਹੋਣ ਦੀ ਪਹਿਚਾਨ ਦੇ ਰਹੇ ਹਨ। ਜਦ ਕਿ ਧਾਰਮਿਕ ਨਿਸ਼ਾਨਾਂ ਅਤੇ ਚਿੰਨ੍ਹਾਂ ਦੇ ਪਿੱਛੇ ਪਾਗਲਪਨ ਅਤੇ ਧਾਰਮਿਕ ਮੂਰਖਤਾ ਦੇ ਕਾਰਨ ਹੀ ਅਸੀਂ ਪਿੱਛੇ ਰਹਿ ਗਏ ਹਾਂ।

ਇਸ ਵਿੱਚ ਦੋ ਰਾਵਾਂ ਨਹੀਂ ਕਿ ਬੇਅਕਲ ਜਨਤਾ ਦੇ ਲਈ ਧਰਮ ਸਿਰਫ਼ ਮੰਦਰ ਜਾਂ ਮਸਜਿਦ ਤੱਕ ਸੀਮਤ ਨਹੀਂ ਰਹਿੰਦਾ ਸਗੋਂ ਇਸ ਤੋਂ ਸਾਧਾਰਨ ਚਿੰਨ੍ਹਾਂ ਅਤੇ ਪਛਾਨ ਦੇ ਲਈ ਵੀ ਮਾਰਾਮਾਰੀ ਹੁੰਦੀ ਹੈ। ਹੁਣੇ-ਹੁਣੇ ਬਨਾਰਸ ਵਿੱਚ ਇੱਕ ਹਿੰਦੂ ਪਾਨ ਵੇਚਨ ਵਾਲੇ ਨੂੰ 10 ਰੁਪਏ ਦਾ ਇੱਕ ਨੋਟ ਮਿਲਿਆ। ਉਸ ਨੋਟ ਦਾ ਨੰਬਰ 786 786 ਸੀ। ਫੇਰ ਕੀ ਸੀ, ਉਸਨੇ ਆਪਨਾ ਦਿਮਾਗ਼ ਦੌੜਾਇਆ। ਮੁਸਲਮਾਨਾ ਵਿੱਚ ਉਸਦੀ ਚਰਚਾ ਹੋ ਗਈ।



ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ। ਮਜ਼ੇਦਾਰ ਗੱਲ ਇਹ ਸੀ ਕਿ ਉਸ 10 ਰੁਪਏ ਦੇ ਨੋਟ ਨੂੰ ਲੈਣ ਦੇ ਬਾਕਾਇਦਾ ਬੋਲੀ ਲੱਗਣੀ ਸ਼ੁਰੂ ਹੋ ਗਈ। ਉਸ ਦੀ ਕੀਮਤ ਇੱਕ ਮੁਸਲਮਾਨ ਨੇ 25 ਹਜ਼ਾਰ ਰੁਪਏ ਤੱਕ ਲਗਾਈ ਕਿਉਂਕਿ ਉਨ੍ਹਾਂ ਦੇ ਅਨੁਸਾਰ ਇਹ ਪਵਿੱਤਰ ਨੰਬਰ ਹੈ। ਉਹ ਜਿਸਦੇ ਕੋਲ ਹੋਵੇਗਾ, ਉਸ ਉੱਤੇ ਪੱਕੇ ਤੌਰ 'ਤੇ ਖ਼ੁਦਾ ਦੀ ਕਿਰਪਾ ਵਰਸੂਗੀ। ਇਹ ਕੁੱਝ ਇਸ ਤਰ੍ਹਾਂ ਹੈ। ਜਿਵੇਂ ਮਹਾਂਭਾਰਤ ਵਿੱਚ ਦੁਰਯੋਧਨ ਨੇ ਯਾਦਵ ਸੈਨਾ ਮੰਗੀ ਤਾਂ ਅਰਜਨ ਨੇ ਕ੍ਰਿਸ਼ਨ ਨੂੰ ਮੰਗਿਆ। ਹੁਣ ਜਿਸ ਦੇ ਸਾਹਮਨੇ ਈਸ਼ਵਰ ਹੋਣਗੇ ਉਸਨੂੰ ਭਲਾਂ ਕੌਣ ਹਰਾ ਸਕਦਾ ਹੈ। ਇੰਜ ਹੀ ਉਹ ਮੁਸਲਮਾਨ 10 ਦਾ ਨੋਟ 25 ਹਜ਼ਾਰ ਵਿੱਚ ਲੈਣ ਦੇ ਸਮੇਂ ਸੋਚਦਾ ਹੋਵੇਗਾ? ਇਹ ਗੱਲ ਵੱਖਰੀ ਹੈ ਕਿ ਖ਼ੁਦਾ ਸੱਚਮੁੱਚ ਵਿੱਚ ਕਿਹੜੇ ਦਾ ਸਾਥ ਦੇ ਰਿਹਾ ਹੈ। ਉਸ 10 ਦੇ ਨੋਟ ਦੇ ਮਾਲਕ ਦਾ ਜੋ 10 ਦੇ ਬਦਲੇ 25 ਹਜ਼ਾਰ ਵਿੱਚ ਖਰੀਦ ਕੇ ਆਪਨੀ ਖਾਲੀ ਗੋਲਕ ਭਰ ਰਿਹਾ ਹੈ

ਕੁੱਝ ਸਾਲ ਪਹਿਲਾਂ ਬੈਕਰੀਦ ਦੇ ਮੌਕੇ ਉੱਤੇ ਬੱਕਰੀ ਦੀ ਖਰੀਦ ਵੇਚ ਕਰਦੇ ਸਮੇਂ ਇੱਕ ਅਜਿਹਾ ਬੱਕਰਾ ਵੀ ਵਿਕਣ ਦੇ ਲਈ ਆਇਆ ਜਿਸ ਦੀ ਪਿੱਠ ਉੱਤੇ 'ਅੱਲ੍ਹਾ' ਲਿਖਿਆ ਹੋਇਆ ਸੀ। ਉਸ ਦੀ ਕੀਮਤ 2 ਲੱਖ ਰੁਪਏ ਲਗਾਈ ਗਈ। ਸੋਚਨ ਵਾਲੀ ਗੱਲ ਇਹ ਹੈ ਕਿ ਜੇਕਰ 2 ਲੱਖ ਰੁਪਏ ਵਿੱਚ ਅਜਿਹਾ ਬੱਕਰਾ ਖਰੀਦ ਕੇ ਕੋਈ ਆਪਨੇ ਆਪ ਨੂੰ ਖ਼ੁਦਾ ਦਾ ਸੱਚਾ ਸੇਵਾਦਾਰ ਸਾਬਤ ਕਰਨਾ ਚਾਹੁੰਦਾ ਹੈ ਤਾਂ ਉਹ ਕਿਉਂ ਨਹੀਂ, ਜਿਸ ਦੇ ਪਾਸ ਪਹਿਲਾਂ ਤੋਂ ਇਹ ਬੱਕਰਾ ਮੌਜੂਦ ਹੈ। ਅਜਿਹੇ ਬੱਕਰੇ ਦੀ ਕੁਰਬਾਨੀ ਨਾਲ ਕੋਈ ਸੱਚਾ ਮੁਸਲਮਾਨ ਬਨਦਾ ਹੈ ਤਾਂ ਉਹ ਵਪਾਰੀ ਕਿਉਂ ਨਹੀਂ ਬਨਨਾ ਚਾਹੁੰਦਾ?

ਹਿੰਦੂਆਂ ਵਿੱਚ ਵੀ ਕਦੇ ਪਪੀਤੇ ਵਿੱਚ ਗਨੇਸ਼ ਜੀ ਦੀ ਫੋਟੋ ਦਿੱਸਦੀ ਹੈ ਤਾਂ ਕਦੇ ਕੰਧਾਂ ਉੱਤੇ ਸਾਈਂ ਬਾਬੇ ਦੀ ਤਸਵੀਰ ਉਭਰਦੀ ਹੈ। ਪ੍ਰਚਾਰ ਕਰਨ ਉੱਤੇ ਬਹੁਤ ਭੀੜ ਇਕੱਠੀ ਹੁੰਦੀ ਹੈ। ਭੀੜ ਇਕੱਠੀ ਤਾਂ ਧਰਮ ਦੀ ਦੁਕਾਨਦਾਰੀ ਵੀ ਚਮਕਨ ਲੱਗਦੀ ਹੈ। ਸੱਚਾਈ ਤਾਂ ਇਹ ਹੈ ਕਿ ਗਨੇਸ਼ ਜੀ ਦਿਸਨ ਜਾਂ ਸਾਈਂਬਾਬਾ, ਮੁੱਖ ਉਦੇਸ਼ ਹੈ ਬੇਅਕਲ ਲੋਕਾਂ ਨੂੰ ਚਮਤਕਾਰ ਵਿੱਚ ਉਲਝਾ ਕੇ ਉਨ੍ਹਾਂ ਦਾ ਆਰਥ ਸ਼ੋਸ਼ਨ ਕਰਨਾ ਹੁੰਦਾ ਹੈ। ਇਸ ਵਿੱਚ ਪੰਡੇ ਪੁਜਾਰੀ ਸਫ਼ਲ ਵੀ ਹੁੰਦੇ ਹਨ।

ਹੁਣ ਸਵਾਲ ਇਸ ਗੱਲ ਦਾ ਹੈ ਕਿ ਜੇਕਰ 10 ਰੁਪਏ ਦੇ ਨੋਟ ਵਿੱਚ 786 ਨੰਬਰ ਹੋਵੇ ਜਾਂ ਬੱਕਰੇ ਵਿੱਚ ਅੱਲ੍ਹਾ ਦਾ ਨਾਂ ਉੱਭਰ ਕੇ ਆਉਂਦਾ ਹੈ ਜਾਂ ਫਿਰ ਗਨੇਸ਼ ਦੀ ਫੋਟੋ ਪਪੀਤੇ ਵਿੱਚ ਉਭਰਦੀ ਹੈ ਤਾਂ ਕੀ ਚਮਤਕਾਰ ਹੋਣ ਵਾਲਾ ਹੁੰਦਾ ਹੈ? ਕੀ ਬੇਅਕਲ ਲੋਕ ਇਸ ਬਾਰੇ ਵਿੱਚ ਕੁੱਝ ਦੱਸਨਗੇ? ਮੰਨ ਲਿਆ ਜਾਵੇ ਕਿ 786 ਵਾਲੇ ਨੋਟ ਨੂੰ 25 ਹਜ਼ਾਰ ਰੁਪਏ ਵਿੱਚ ਖਰੀਦ ਵੀ ਲਿਆ ਤਾਂ ਉਸਦੇ ਨਵੇਂ ਮਾਲਕ ਦੀ ਜ਼ਿੰਦਗੀ ਵਿੱਚ ਕੀ ਤਬਦੀਲੀ ਹੋਵੇਗੀ?

ਦਰਅਸਲ, ਵੇਚਣ ਦੀ ਮਾਨਸਿਕਤਾ ਦੇ ਪਿੱਛੇ ਇੱਕ ਹੀ ਤਰਕ ਹੈ, ਕਿਸੇ ਤਰ੍ਹਾਂ ਧਰਮ ਦੇ ਨਾਂ ਉੱਤੇ ਬੇਅਕਲ ਜਨਤਾ ਨੂੰ ਮੂਰਖ ਬਣਾ ਕੇ ਧਨ ਠੱਗਿਆ ਜਾਵੇ। ਠੀਕ ਉਸੇ ਤਰ੍ਹਾਂ, ਜਿਵੇਂ ਜੋਤਸ਼ੀ ਅਤੇ ਪੰਡੇਪੁਜਾਰੀ ਮੰਦਰ ਵਿੱਚ ਬੈਠ ਕੇ ਠੱਗ ਰਹੇ ਹਨ।

ਤੁਹਾਡੀ ਰੋਜ਼ਾਨਾ ਦੇ ਆਉਣ ਵਾਲੇ ਦਿਨ ਭਰ ਦੇ ਕੰਮ ਧੰਦੇ ਦੇ ਬਾਰੇ ਰਾਸ਼ੀ ਦੇ ਆਧਾਰ ਉੱਤੇ ਦੱਸਣ ਵਾਲੇ ਜਾਂ ਫੇਰ ਪਖੰਡੀ ਜਾਂ ਤਾਂਤਰਿਕਾ ਦੀ ਗ੍ਰਿਫਤਾਰੀ ਦੀ ਖ਼ਬਰ ਹਰ ਰੋਜ਼ ਅਖ਼ਬਾਰਾਂ ਜਾਂ ਟੈਲੀਵਿਜਨ ਵਿੱਚ ਦੇਖਦੇ ਸੁਣਦੇ ਰਹਿੰਦੇ ਹਾਂ। ਦੂਜਿਆਂ ਦੇ ਬਾਰੇ ਵਿੱਚ ਭਵਿੱਖਬਾਣੀ ਕਰਨ ਵਾਲੇ ਕੀ ਉਹਨਾਂ ਜੋਤਸ਼ੀਆਂ ਨੂੰ ਨਹੀਂ ਪਤਾ ਸੀ ਕਿ ਅੱਜ ਉਹ ਗ੍ਰਿਫਤਾਰ ਹੋਣ ਵਾਲੇ ਹਨ, ਜਦ ਉਹਨਾਂ ਨੂੰ ਆਪਣੇ ਹੀ ਬਾਰੇ ਵਿੱਚ ਪਤਾ ਨਹੀਂ ਤਾਂ ਉਹ ਦੂਸਰਿਆਂ ਦੇ ਬਾਰੇ ਵਿੱਚ ਕਿਹੋ ਜਿਹੀ ਭਵਿੱਖਬਾਣੀ ਕਰਦੇ ਹੋਣਗੇ?

ਧਰਮ ਦੀ ਦੁਕਾਨਦਾਰੀ : ਧਰਮ ਇੱਕ ਸੰਵੇਦਨਸ਼ੀਲ ਮਾਮਲਾ ਹੈ ਕਿਉਂਕਿ ਇਸ ਨਾਲ ਜੁੜੀ ਸ਼ਰਧਾ ਦਾ ਨਾ ਸਿਰ ਹੁੰਦਾ ਹੈ ਨਾ ਪੈਰ। ਕੁੱਝ ਸਾਲ ਪਹਿਲਾਂ ਰੂਸ ਵਿੱਚ ਗੀਤਾ ਉੱਤੇ ਪਾਬੰਦੀ ਲੱਗੀ, ਬੇਅਕਲ ਲੋਕਾਂ ਵਿੱਚ ਰੋਸ ਫੈਲ ਗਿਆ। ਅੰਮ੍ਰਿਤਸਰ ਮੰਦਰ ਕਿਸੇ ਹੋਰ ਦਾ ਦੱਸ ਦਿੱਤਾ ਗਿਆ, ਸਿੱਖ ਸਮਾਜ ਵਿੱਚ ਵਿਰੋਧ ਸ਼ੁਰੂ ਹੋ ਗਿਆ। ਰੱਬ ਭਾਵੇਂ ਪ੍ਰੇਸ਼ਾਨ ਹੋਵੇ ਨਾ ਹੋਵੇ, ਬੇਅਕਲ ਸਮਾਜ ਜ਼ਰੂਰ ਪ੍ਰੇਸ਼ਾਨ ਹੋ ਜਾਂਦਾ ਹੈ ਕਿਉਂ? ਸਪੱਸ਼ਟ ਹੈ ਉਸਦੇ ਦਿਮਾਗ਼ ਵਿੱਚ ਤੂੜੀ ਭਰੀ ਹੋਈ ਹੈ ਜਾਂ ਫੇਰ ਸੋਚੀ ਸਮਝੀ ਕੁਝ ਚਲਾਕ ਕਿਸਮ ਦੇ ਲੋਕਾਂ ਦੀ ਚਾਲ ਹੈ ਜਿਹੜੇ ਜੜਬੁੱਧੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਅ ਕੇ ਆਪਣਾ ਸਵਾਰਥ ਸਿੱਧ ਕਰਦੀ ਹੈ।

ਕੁੱਝ ਸਾਲ ਪਹਿਲਾਂ ਜਦ ਗਣੇਸ਼ ਦੀਆਂ ਮੂਰਤੀਆਂ ਦੁੱਧ ਪੀ ਰਹੀਆਂ ਸਨ ਤਦ ਅਜਿਹੀ ਹੀ ਮੂਰਖ ਮਾਨਸਿਕਤਾ ਕੰਮ ਕਰ ਰਹੀ

ਸੀ। ਇਨ੍ਹਾਂ ਵਿਗਿਆਨਕ ਕਾਰਨ ਸਮਝੇ ਲੋਕਾਂ ਨੇ ਮੂਰਤੀਆਂ ਨੂੰ ਦੁੱਧ ਪਿਲਾਉਣਾ ਸ਼ੁਰੂ ਕਰ ਦਿੱਤਾ। ਕਈ ਸਾਲ ਪਹਿਲਾਂ ਕਾਸ਼ੀ ਵਿੱਚ ਪੁਰਾਣੇ ਗਿਰਜਾਘਰ ਦੀ ਮੀਨਾਰ (ਉੱਚੀ ਗੋਲ ਇਮਾਰਤ, ਥੰਮ ਲਾਠ, ਬੁਰਜ) ਵਿੱਚੋਂ ਸ਼ਾਮ ਦੇ ਸਮੇਂ ਧੂੰਆਂ ਨਿਕਲਦਾ ਸੀ, ਜਿਸਨੂੰ ਦੇਖਣ ਦੇ ਲਈ ਹਜ਼ਾਰਾਂ ਦੀ ਭੀੜ ਸੜਕ ਉੱਤੇ ਇਕੱਠੀ ਹੋ ਜਾਂਦੀ ਸੀ। ਇਹ ਅਫ਼ਵਾਹ ਫੈਲੀ ਕਿ ਇਹ ਧੂੰਆਂ ਸ਼ੁਭ ਨਹੀਂ ਅਤੇ ਲੋਕਾਂ ਨੇ ਧਾਰਮਿਕ ਗ੍ਰੰਥਾਂ ਦਾ ਹਵਾਲਾ ਦੇ ਕੇ ਅਸ਼ੁੱਭ ਸੰਕੇਤਾਂ ਦੀ ਪੁਸ਼ਟੀ ਦਾ ਦਾਅਵਾ ਕੀਤਾ। ਇਸ ਵਿੱਚ ਕਿੰਨੀ ਸੱਚਾਈ ਸੀ, ਇਹ ਤਾਂ ਉਹੀ ਦੱਸ ਸਕਦੇ ਹਨ। ਹਾਂ, ਇਸ ਘਟਨਾ ਨਾਲ ਜ਼ਰੂਰ ਲੋਕਾਂ ਵਿੱਚ ਡਰ ਫੈਲ ਗਿਆ। ਬਾਅਦ ਵਿੱਚ ਬੀਐਚਯੂ ਦੇ ਵਿਗਿਆਨਕਾਂ ਦੀ ਟੀਮ ਨੇ ਜਾਂਚ ਪੜਤਾਲ ਕਰ ਕੇ ਦੱਸਿਆ ਕਿ ਸ਼ਾਮ ਨੂੰ ਉੱਠਣ ਵਾਲਾ ਇਹ ਧੂੰਆਂ ਨਹੀਂ, ਸਗੋਂ ਕੀਟਪਤੰਗ ਦਾ ਝੁੰਡ ਸੀ, ਜਿਹੜਾ ਦੂਰ ਤੋਂ ਧੂੰਏਂ ਦਾ ਅਹਿਸਾਸ ਕਰਾਉਂਦਾ ਸੀ।

ਚੰਦ ਤਾਰਾ ਹੋਵੇ ਜਾਂ ਓਮ, ਹਰਾ ਰੰਗ ਹੋਵੇ ਜਾਂ ਭਗਵਾਂ, ਇਹਨਾਂ ਚਿੰਨ੍ਹਾਂ ਨਾਲ ਭਾਵੇਂ ਹੀ ਅਸੀਂ ਆਪਣੀ ਵੱਖਰੀ ਪਹਿਚਾਣ ਬਣਾਉਂਦੇ ਹੋਈਏ। ਅਤੇ ਇਹ ਸੋਚਦੇ ਹੋਈਏ ਕਿ ਇਹਨਾਂ ਨੂੰ ਧਾਰਨ ਕਰਨ ਵਾਲਾ ਰੱਬ ਖ਼ੁਸ਼ ਹੁੰਦਾ ਹੈ ਪ੍ਰੰਤੂ ਇਹ ਸਿਰਫ਼ ਅੰਧਵਿਸ਼ਵਾਸ ਹੈ।

ਪਾਕਿਸਤਾਨ ਵਿੱਚ ਥਾਂ ਥਾਂ ਮਸਜਿਦਾਂ ਵਿੱਚ ਅੱਤਵਾਦੀ ਹਮਲੇ ਹੁੰਦੇ ਹਨ, ਉਵੇਂ ਹੀ ਭਾਰਤ ਦੇ ਮੰਦਰਾਂ ਵਿੱਚ ਵੀ ਹੋਏ, ਕੀ ਰੱਬ ਉਹਨਾਂ ਦਾ ਕੁੱਝ ਵਿਗਾੜ ਸਕਿਆ ਹੈ ? ਉਲਟੇ ਅੱਤਵਾਦੀ ਮਜ਼ੇ ਨਾਲ ਸੰਸਾਰਕ ਸੁੱਖਾਂ ਨੂੰ ਭੋਗ ਰਹੇ ਹਨ ਅਤੇ ਉਹ ਜਿਹੜੇ ਇਹਨਾਂ ਧਾਰਮਿਕ ਸਥਾਨਾਂ ਵਿੱਚ ਮਾਰੇ ਗਏ ਉਨ੍ਹਾਂ ਦੇ ਰਿਸ਼ਤੇਦਾਰ ਅੱਜ ਤੱਕ ਕਥਿਤ ਰੱਬ ਤੋਂ ਇਨਸਾਫ਼ ਦੀ ਉਮੀਦ ਕਰ ਰਹੇ ਹਨ। ਅਜਿਹੇ ਰੱਬ ਨੂੰ ਕੀ ਕਿਹਾ ਜਾਵੇ ਜੋ ਆਪਣੇ ਭਗਤਾਂ ਦੇ ਲਈ ਵੀ ਕੰਨ ਵਿੱਚ ਰੂੰਈਂ ਤੁੰਨੀ ਬੈਠਾ ਹੈ। ਬਹੁਤ ਸਾਰੇ ਲੋਕ ਆਪਣੇ ਗਲੇ ਵਿੱਚ ਧਾਰਮਿਕ ਚਿੰਨ੍ਹਾਂ ਨੂੰ ਲਟਕਾਈ ਰੱਖਦੇ ਹਨ। ਇਸ ਦੇ ਬਾਅਦ ਵੀ ਦੁਰਘਟਨਾਵਾਂ ਵਿੱਚ ਮਾਰੇ ਜਾਂਦੇ ਹਨ। ਧਾਰਮਿਕ ਪ੍ਰਤੀਕਾਂ ਅਤੇ ਚਿੰਨ੍ਹਾਂ ਦੇ ਪਿੱਛੇ ਭੱਜਣ ਵਾਲੇ ਸਮਾਜ ਦੇ ਲਈ ਉੱਨਤੀ ਦੇ ਰਸਤੇ ਬੰਦ ਹੁੰਦੇ ਹਨ। ਸਾਡੀ ਦੋ ਹਜ਼ਾਰ ਸਾਲ ਦੀ ਗੁਲਾਮੀ ਦਾ ਕਾਰਨ ਇਹੀ ਧਾਰਮਿਕ ਮੂਰਖਤਾ ਸੀ। ਕੀ ਅਸੀਂ ਇਸ ਤੋਂ ਕਦੇ ਮੁਕਤ ਹੋਵਾਂਗੇ ?

ਇਸ ਮਾਨਸਿਕਤਾ ਨੂੰ ਬਚਾਈ ਰੱਖਣ ਦੇ ਲਈ ਧਰਮ ਦੇ ਦੁਕਾਨਦਾਰ ਮਿਹਨਤ ਕਰਦੇ ਹਨ ਅਤੇ ਝੂਠੇ ਕਿੱਸੇ ਅਤੇ ਕਹਾਣੀਆਂ ਸੁਣਾਉਂਦੇ ਹਨ। ਜਦੋਂ ਕਿ ਉਹਨਾਂ ਦੇ ਕੋਲ ਸਮਾਂ ਹੈ ਫੇਰ ਵੀ ਉਹ ਕੋਈ ਦੂਸਰਾ ਕੰਮ ਨਹੀਂ ਕਰਦੇ, ਧਰਮ ਦੀ ਕਮਾਈ ਖਾਂਦੇ ਹਨ।

## ਕਾਮਾਗਾਟਾ ਮਾਰੂ ਨੂੰ ਸਮਰਪਿਤ ਵਿਸ਼ੇਸ਼ ਸਫਲ ਸੈਮੀਨਾਰ

24 ਮਈ, 2014 ਨੂੰ ਗ਼ਦਰ ਪਾਰਟੀ ਸ਼ਤਾਬਦੀ ਸਮਾਰੋਹ ਕਮੇਟੀ ਵਲੋਂ ਕਾਮਾਗਾਟਾ ਮਾਰੂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਇੱਕ ਖੋਜ ਭਰਭੂਰ ਤੇ ਸਫਲ ਪ੍ਰੋਗਰਾਮ ਪ੍ਰੋਗਰੈਸਿਵ ਕਲਚਰਲ ਸੈਂਟਰ ਵਿੱਚ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਪਰਮਿੰਦਰ ਸਵੈਚ ਨੇ ਗ਼ਦਰ ਪਾਰਟੀ ਸ਼ਤਾਬਦੀ ਸਮਾਰੋਹ ਕਮੇਟੀ ਜਿਹੜੀ ਬਹੁਤ ਸਾਰੀਆਂ ਸੰਸਥਾਵਾਂ ਨੂੰ ਮਿਲਾ ਕੇ ਪਿਛਲੇ ਸਾਲ ਬਣੀ ਸੀ, ਦੀ ਜਾਣ ਪਛਾਣ, ਉਹਦੇ ਪਿਛਲੇ ਕੀਤੇ ਕੰਮਾਂ ਤੇ ਝਾਤ, ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਸ਼ਰਧਾਂਜ਼ਲੀ, ਗ਼ਦਰੀ ਕਰਤਾਰ ਸਰਾਭਾ ਦੇ ਜਨਮ ਦਿਨ ਦੀ ਯਾਦ ਅਤੇ ਆਏ ਮਹਿਮਾਨਾਂ ਦੇ ਸੁਆਗਤ ਨਾਲ ਕੀਤੀ। ਇਸ ਸੈਮੀਨਾਰ ਵਿੱਚ ਲਖਵੀਰ ਖੁਣਖੁਣ ਨੇ ਬਹੁਤ ਹੀ ਜਾਣਕਾਰੀ ਭਰਭੂਰ, ਕਾਮਾਗਾਟਾ ਮਾਰੂ ਦਾ ਇਤਿਹਾਸ, ਨਸਲੀ ਤੇ ਇੰਮੀਗ੍ਰੇਸ਼ਨ ਦੀਆਂ ਲੋਕ ਵਿਰੋਧੀ ਨੀਤੀਆਂ, ਅੱਜ ਦੇ ਸਮੇਂ ਵਿੱਚ ਉਸਦੀ ਸਾਰਥਿਕਤਾ ਅਤੇ ਗੁੰਮਰਾਹਕੁੰਨ ਮਾਫੀਆਂ ਦੇ ਇਤਿਹਾਸ ਤੇ ਇਸ ਦੁਆਲੇ ਘੁੰਮਦੀ ਰਾਜਨੀਤੀ ਦੀ ਪੁਣ ਛਾਣ ਨੂੰ ਬਹੁਤ ਹੀ ਬਰੀਕੀ ਨਾਲ ਸਰੋਤਿਆਂ ਨਾਲ ਸਾਂਝਾ ਕੀਤਾ ਅਤੇ ਇਹ ਪੇਪਰ ਲਿਖਤੀ ਰੂਪ ਵਿੱਚ ਵੀ ਵੰਡਿਆ ਗਿਆ। ਰੇਡਿਓ ਇੰਡੀਆ ਦੇ ਹੋਸਟ ਗੁਰਪ੍ਰੀਤ ਸਿੰਘ ਨੇ ਪੇਪਰ ਦੇ ਨਾਲ ਸਹਿਮਤੀ ਪ੍ਰਗਟਾਉਂਦੇ ਹੋਏ ਅੱਜ ਦੇ ਕਨੇਡਾ ਦੇ ਹਲਾਤਾਂ ਤੇ ਇਥੋਂ ਦੇ ਮੂਲ ਵਾਸੀਆਂ ਨਾਲ ਮੁੱਢ ਤੋਂ ਹੋ ਰਹੇ ਧੱਕੇ ਵਾਰੇ, ਅਵਾਸੀਆਂ ਲਈ ਇੰਮੀਗ੍ਰੇਸ਼ਨ ਕਾਨੂੰਨਾਂ ਜਿਵੇਂ ਸੁਪਰ ਵੀਜ਼ਾ ਜਾਂ ਫੌਰਨ ਵਰਕਰਾਂ ਨੂੰ ਮੰਗਵਾਉਣ ਲਈ ਏਸ਼ੀਆ ਦੇ ਦੇਸ਼ਾਂ ਨਾਲ ਹੋ ਰਹੇ ਵਿਤਕਰੇ ਤੇ ਚਾਨਣਾ ਪਾਇਆ। ਅਮਰਜੀਤ ਸੂਫੀ ਨੇ ਗ਼ਦਰ ਲਹਿਰ ਤੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਸੈਕੂਲਰ ਸੋਚ ਨੂੰ ਅਪਣਾਉਣ ਲਈ ਜੋਰ ਦਿੱਤਾ। ਸਾਧੂ ਬਿਨਿੰਗ ਨੇ ਧਾਰਮਿਕ ਮਖੌਟਿਆਂ ਹੇਠ ਹੋ ਰਹੀ ਰਾਜਨੀਤੀ ਤੋਂ ਸੁਚੇਤ ਹੋ ਕੇ ਨਿਰਪੱਖਤਾ ਦੇ ਸਵਾਲ ਨੂੰ ਮੁੱਖ ਰੱਖ ਕੇ ਲੋਕਾਂ ਨੂੰ ਸ਼ੰਘਰਸ਼ਾਂ ਦੇ ਸਹੀ ਰਾਹ ਤੇ ਇਕੱਠੇ ਹੋਣ ਲਈ ਕਿਹਾ ਅਤੇ ਭਾਰਤ ਵਿੱਚ ਫਿਰਕੂ ਨੀਹਾਂ ਤੇ ਉਸਰੀ ਨਵੀਂ ਬਣੀ ਸਰਕਾਰ ਬਾਰੇ ਵੀ ਆਪਣੀ ਚਿੰਤਾ ਜ਼ਾਹਰ ਕੀਤੀ। ਸੱਚੀਆਂ ਸੱਚੀਆਂ ਸੁਣਾਉਂਦਿਆਂ ਸੇਵਾ ਸਿੰਘ ਬੜਿੰਗ ਨੇ ਦੱਸਿਆ ਕਿ ਜਿਹੜੇ ਲੋਕਾਂ ਨੇ ਭਾਰਤੀਆਂ ਦਾ ਇਤਿਹਾਸਕ ਗੁਰਦਵਾਰਾ ਕੁੱਝ ਡਾਲਰਾਂ ਦਾ ਵੇਚ ਦਿੱਤਾ ਸੀ ਉਹੀ ਅੱਜ ਸਰਕਾਰ ਵਲੋਂ ਲਾਏ ਨਿੱਕੇ ਜਿਹੇ ਪਲੈਕ ਤੇ ਮਨਿਸਟਰਾਂ ਨਾਲ ਖੜ੍ਹ ਖੜ੍ਹ ਕੇ ਫੋਟੋਆਂ ਕਰਵਾ ਰਹੇ ਹਨ। ਉਹਨਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਕਰਮ ਸਿੰਘ ਕਾਮਰੇਡ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਖੱਬੇ ਪੱਖੀ ਸੋਚ ਰੱਖਣ ਵਾਲੀਆਂ ਸਭ ਧਿਰਾਂ ਨੂੰ ਇਕੱਠੇ ਹੋ ਜਾਣਾ ਚਾਹੀਦਾ ਹੈ। ਕੇਸਰ ਸਿੰਘ ਕੂਨਰ (ਬਾਗੀ) ਨੇ ਭਾਰਤੀ ਸਰਕਾਰ ਦੀ ਨੌਕਰੀ ਕਰਦੇ ਸਮੇਂ ਆਪਣੇ ਤਜਰਬੇ ਸਾਂਝੇ ਕੀਤੇ ਕਿ ਕਿਵੇਂ ਉੱਥੋਂ ਦੀ ਸਰਕਾਰ ਭਾਰਤ ਦੇ ਆਦਿ ਵਾਸੀਆਂ ਤੇ ਜ਼ੁਲਮ ਕਰਦੀ ਰਹੀ ਹੈ ਜਿਸ ਸਦਕਾ ਉਹਨਾਂ ਨੂੰ ਅਸਤੀਫਾ ਦੇ ਕੇ ਨੌਕਰੀ ਛੱਡ ਕੇ ਆਉਣਾ ਪਿਆ ਸੀ। ਤ੍ਰਿਲੋਚਨ ਦੂਹੜੇ ਨੇ ਸੱਤਰਵਿਆਂ ਵਿੱਚ ਭਾਰਤੀਆਂ ਤੇ ਹੋ ਰਹੇ ਨਸਲੀ ਹਮਲਿਆਂ ਬਾਰੇ ਦੱਸਿਆ। ਉਦੋਂ 'ਆਪਣੀ ਰਾਖੀ ਆਪ ਕਰੋ' ਦੇ ਨਾਹਰੇ ਥੱਲੇ ਕਮਿਊਨਿਟੀ ਨੇ ਨਸਲਵਾਦ ਦਾ ਸਾਹਮਣਾ ਕੀਤਾ। ਗੁਰਪ੍ਰੀਤ ਭਦੌੜ ਨੇ ਕਿਰਤੀ ਦੀ ਕਿਰਤ ਵਿੱਚ ਰੰਗਿਆ ਬਹੁਤ ਹੀ ਪ੍ਰਭਾਵਸ਼ਾਲੀ ਗੀਤ ਗਾਇਆ। ਰੇਡੀਓ ਰੈੱਡ ਐਫ. ਐਮ ਵਲੋਂ ਮਨਜੀਤ ਕੰਗ ਤੇ ਹਰਪ੍ਰੀਤ ਸਿੰਘ ਨੇ ਮੁਸਾਫਰਾਂ ਨੂੰ ਸ਼ਰਧਾਂਜ਼ਲੀ ਦਿੱਤੀ ਅਤੇ ਹਰਪ੍ਰੀਤ ਨੇ ਕਿਹਾ ਕਿ ਅੱਜ ਕੱਲ ਮੀਡੀਆ ਵੀ ਖ੍ਰੀਦ ਲਿਆ ਜਾਂਦਾ ਹੈ, ਲੋਕਾਂ ਪ੍ਰਤੀ ਆਪਣਾ ਫਰਜ਼ ਪੂਰਾ ਨਹੀਂ ਕਰ ਰਿਹਾ, ਲੋਕਾਂ ਨੂੰ ਇਸ ਤੋਂ ਵੀ ਚੇਤਨ ਹੋਣ ਦੀ ਲੋੜ ਹੈ। ਸੁਖਦੇਵ ਮਾਨ ਤੇ ਮੁਖਤਿਆਰ ਸਿੰਘ ਨੇ ਵੀ ਲੋਕਾਂ ਦੇ ਛੋਟੇ ਤੋਂ ਛੋਟੇ ਮੁੱਦਿਆਂ ਤੇ ਵੀ ਇਕੱਠੇ ਹੋਣ ਤੇ ਜੋਰ ਦਿੱਤਾ। ਸੁਖਵੰਤ ਹੁੰਦਲ, ਗੁਰਵਿੰਦਰ ਧਾਲੀਵਾਲ ਤੇ ਸਰਬਜੀਤ ਚੀਮਾ ਨੇ ਸਾਡੇ ਨੌਜਵਾਨਾਂ ਤੱਕ ਭਾਰਤੀਆਂ ਦੇ ਇਤਿਹਾਸ ਨੂੰ ਪਹੁੰਚਾਉਣ ਲਈ ਜ਼ੋਰ ਦਿੱਤਾ ਕਿ ਇਹੋ ਜਿਹੀਆਂ ਘਟਨਾਵਾਂ ਨੂੰ ਕੱਢ ਕੇ ਕਨੇਡਾ ਦਾ ਇਤਿਹਾਸ ਮੁਕੰਮਲ ਨਹੀਂ ਹੋਵੇਗਾ। ਇਸ ਇਤਿਹਾਸ ਨੂੰ ਉਹਨਾਂ ਦੇ ਸਰੋਕਾਰਾਂ ਨਾਲ ਜੋੜ ਕੇ ਦੇਖਣਾ ਪਵੇਗਾ। ਗੁਰਮੀਤ ਸਿੰਘ ਟਿਵਾਣਾ ਨੇ ਵੀ ਲੋਕਾਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ। ਗੁਰਮੇਲ ਗਿੱਲ ਨੇ ਸੰਸਾਰੀਕਰਣ ਦੀ ਮੰਡੀ ਵਿੱਚ ਰੁਲ਼ ਰਿਹਾ ਆਮ ਮਨੁੱਖ ਦੇ ਬਾਰੇ ਗੱਲਬਾਤ ਕੀਤੀ। ਬਜ਼ੁਰਗ ਬੀਬੀ ਵੀਰਾਂ ਨੇ ਪੂਰੇ ਜੋਸ਼ ਨਾਲ ਔਰਤ ਦੀ ਅਜ਼ਾਦੀ ਬਾਰੇ ਇੱਕ ਲੰਮੀ ਕਵਿਤਾ ਬੋਲੀ। ਸਤਿੰਦਰ ਸਿੱਧੂ ਨੇ ਵੀ ਆਪਣੇ ਵਿਚਾਰ ਰੱਖੇ। ਇਸ ਸਮੇਂ ਕਾਮਾਗਾਟਾ ਮਾਰੂ ਹੈਰੀਟੇਜ਼ ਫਾਉਂਡੇਸ਼ਨ ਦੇ ਹਰਭਜਨ ਗਿੱਲ ਅਤੇ ਕਮਿਊਨਿਟੀ ਦੀਆਂ ਨਾਮਵਰ ਸ਼ਖਸ਼ੀਅਤਾਂ ਹਾਜ਼ਰ ਸਨ। ਅੰਤ ਵਿੱਚ ਕਮੇਟੀ ਦੇ ਮੀਡੀਆ ਸਕੱਤਰ ਅਵਤਾਰ ਗਿੱਲ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਕਿ ਉਹ ਇਸ ਤਿੰਨ ਘੰਟੇ ਦੇ ਪ੍ਰੋਗਰਾਮ ਵਿੱਚ ਬਹੁਤ ਹੀ ਸਿਦਕ ਦਿਲੀ ਨਾਲ ਬੈਠ ਕੇ ਬੁਲਾਰਿਆਂ ਨੂੰ ਸੁਣਦੇ ਰਹੇ।ਇਸ ਸਮੇਂ ਹਾਲ ਦੇ ਵਿੱਚ ਕਾਮਾਗਾਟਾ ਮਾਰੂ ਦੀ ਪ੍ਰਦਰਸ਼ਨੀ ਤੇ ਚਾਹ ਪਾਣੀ ਦਾ ਪ੍ਰਬੰਧ ਦੀ ਜ਼ਿੰਮੇਵਾਰੀ ਇਕਬਾਲ ਪੁਰੇਵਾਲ ਤੇ ਸੰਤੋਖ ਢੇਸੀ ਨੇ ਨਿਭਾਈ।

–ਪਰਮਿੰਦਰ ਸਵੈਚ

# ਅੰਧਵਿਸ਼ਵਾਸ



### ਗਰਿਮਾ ਪੰਕਜ

ਧਰਮ ਦੀ ਓਟ ਵਿੱਚ ਸ਼ਰਧਾ ਨੂੰ ਰਿੜਕਣ ਵਿੱਚ ਬਾਬਿਆਂ ਨੂੰ ਤਾਂ ਮੁਹਾਰਤ ਪ੍ਰਾਪਤ ਹੈ ਪਰ ਲੁੱਟ ਹੁੰਦੀਆਂ ਤਾਂ ਇਸਤਰੀਆਂ ਹੀ ਹਨ ਜਿਹੜੀਆਂ ਅੰਨ੍ਹੀ ਸ਼ਰਧਾ ਵਿੱਚ ਆਪ ਹੀ ਸ਼ੋਸ਼ਣ ਦਾ ਸ਼ਿਕਾਰ ਬਣਦੀਆਂ ਹਨ ਅਤੇ ਘਰ ਵਾਲਿਆਂ ਦੀ ਨਾਰਾਜ਼ਗੀ ਵੀ ਸਹਿੰਦੀਆਂ ਹਨ....।

ਸ਼੍ਰੀਮਤੀ ਮਹਿਤਾ ਜੀ 45 ਸਾਲ ਦੀ ਅਤੇ ਚਾਰ ਬੱਚਿਆਂ ਦੀ ਮਾਂ ਹੈ ਪੂਜਾ ਪਾਠ ਅਤੇ ਧਾਰਮਿਕ ਕੰਮਾਂ ਵਿੱਚ ਵੱਧ ਰੁਚੀ ਰੱਖਦੀ ਹੈ। ਹੁਣੇ ਹੀ ਹਰਿਆਣਾ ਦੇ ਇੱਕ ਬਾਬੇ ਤੋਂ ਪ੍ਰਭਾਵਿਤ ਹੋ ਕੇ ਉਸ ਦੇ ਆਸ਼ਰਮ ਦੀ ਮੈਂਬਰ ਬਣ ਗਈ। ਆਸ਼ਰਮ ਵਿੱਚ ਮਹੀਨੇ ਵਿੱਚ ਦੋ ਦਫਾ ਤਿੰਨ ਚਾਰ ਦਿਨ੍ਹਾਂ ਦੇ ਲਈ ਸਤਿਸੰਗ ਦਾ ਪ੍ਰੋਗਰਾਮ ਹੁੰਦਾ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਇਸਤਰੀਆਂ ਅਤੇ ਆਦਮੀ ਸ਼ਾਮਲ ਹੁੰਦੇ ਹਨ। ਸ਼੍ਰੀਮਤੀ ਮਹਿਤਾ ਜੀ ਇਸ ਪ੍ਰੋਗਰਾਮ ਨੂੰ ਨਹੀਂ ਛੱਡਦੀ। ਇਸ ਦੌਰਾਨ ਰਹਿਣ ਅਤੇ ਖਾਣਪੀਣ ਦਾ ਪ੍ਰਬੰਧ ਆਸ਼ਰਮ ਵੱਲੋਂ ਕੀਤਾ ਜਾਂਦਾ ਹੈ। ਮੈਂਬਰਸ਼ਿਪ ਮੁਫ਼ਤ ਹੈ, ਪਰ ਤੁਸੀਂ ਦਾਨਦੱਛਣਾ ਦੇ ਕੇ ਪੁੰਨ ਕਮਾ ਸਕਦੇ ਹੋ।

ਸ਼੍ਰੀਮਾਨ ਮਹਿਤਾ ਆਪਣੀ ਪਤਨੀ ਦੇ ਇਸ ਨਵੇਂ ਰੁਝਾਨ ਦੇ ਕਾਰਨ ਬਹੁਤ ਪਰੇਸ਼ਾਨ ਰਹਿੰਦੇ ਹਨ। ਉਹ ਆਪਣਾ ਦੁੱਖੜਾ ਰੋਂਦੇ ਹੋਏ ਕਹਿੰਦੇ ਹਨ, "ਮੰਨਿਆਂ, ਆਸ਼ਰਮ ਵਾਲਿਆਂ ਦੇ ਦੁਆਰਾ ਮੈਂਬਰ ਸ਼ਿਪ ਦੀ ਕੋਈ ਫੀਸ ਨਹੀਂ ਲਈ ਜਾਂਦੀ ਅਤੇ ਸਾਰਾ ਪ੍ਰੋਗਰਾਮ ਮੁਫ਼ਤ ਹੁੰਦਾ ਹੈ, ਪਰੰਤੂ ਮੇਰੀ ਪਤਨੀ ਦੇ ਉਥੇ ਆਉਣ ਜਾਣ ਵਿੱਚ ਜਿਹੜਾ ਸਮਾਂ ਅਤੇ ਪੈਸਾ ਲੱਗਦਾ ਹੈ ਅਤੇ ਜੋ ਪਰੇਸ਼ਾਨੀਆਂ ਘਰ ਵਾਲਿਆਂ ਨੂੰ ਹੁੰਦੀਆਂ ਹਨ, ਉਨ੍ਹਾਂ ਦਾ ਕੀ ? ਮੇਰੀ ਪਤਨੀ ਨੂੰ ਛੱਡਣ ਸਾਡਾ ਪੁੱਤਰ ਜਾਂਦਾ ਹੈ। ਆਸ਼ਰਮ ਤੱਕ ਜਾਣ ਵਿੱਚ ਚਾਰ-ਪੰਜ ਘੰਟੇ ਅਤੇ ਫਿਰ ਵਾਪਸ ਆਉਣ ਵਿੱਚ ਵੀ ਉਨਾ ਹੀ ਸਮਾਂ ਬਰਬਾਦ ਹੁੰਦਾ ਹੈ। ਫੇਰ ਕਈ ਵਾਰ ਪਤਨੀ 2-3 ਦਿਨਾਂ ਤੱਕ ਆਸ਼ਰਮ ਵਿੱਚ ਹੀ ਰਹਿੰਦੀ ਹੈ। ਉਸ ਦੌਰਾਨ ਘਰ ਸੰਭਾਲਣ ਦੀ ਪਰੇਸ਼ਾਨੀ ਆਉਂਦੀ ਹੈ। ਬੱਚੇ ਹਾਲੇ ਪੜ੍ਹਾਈ ਕਰ ਰਹੇ ਹਨ। ਉਹਨਾਂ ਦਾ ਸਮਾਂ ਬੇਵਜ੍ਹਾ ਬਰਬਾਦ ਹੁੰਦਾ ਹੈ। ਮੁਕਾਬਲੇਬਾਜ਼ੀ ਦੇ ਇਸ ਦੌਰ ਵਿੱਚ ਉਹਨਾਂ ਦੇ ਲਈ ਪੜ੍ਹਾਈ ਉੱਤੇ ਧਿਆਨ ਦੇਣਾ ਬਹੁਤ ਜ਼ਰੂਰੀ ਹੈ ਪਰ ਮੇਰੀ ਪਤਨੀ ਇਹਨਾਂ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੀ। ਆਪ ਤਾਂ ਜਾਂਦੀ ਹੀ ਹੈ, ਬੱਚਿਆਂ ਨੂੰ ਵੀ ਇਹਨਾਂ ਧਾਰਮਿਕ ਪਖੰਡਾਂ ਵਿੱਚ ਉਲਝਾ ਲੈਂਦੀ ਹੈ। ਮੈਂ ਉਸਨੂੰ ਮੂਰਖ ਨਜ਼ਰ ਆਉਂਦਾ ਹਾਂ, ਕਿਉਂਕਿ ਮੈਂ ਉਸਦੇ ਇਹਨਾਂ ਧਰਮ ਕਰਮ ਦੇ ਕ੍ਰਿਆਕਲਾਪਾਂ ਵਿੱਚ ਰੁਚੀ ਜੋ ਨਹੀਂ ਲੈਂਦਾ ਹਾਂ।"

**ਇਸਤਰੀਆਂ ਦਾ ਹੁੰਦਾ ਹੈ ਸ਼ੋਸ਼ਣ :** ਆਮ ਤੌਰ 'ਤੇ ਇਸਤਰੀਆਂ ਇਹ ਨਹੀਂ ਸਮਝਦੀਆਂ ਕਿ ਘਰ ਦੀਆਂ ਜ਼ੁੰਮੇਵਾਰੀਆਂ ਤੋਂ ਭਗੌੜਾ ਹੋ ਕੇ ਜਿਹੜੇ ਆਸ਼ਰਮਾਂ ਦਾ ਰੁਖ ਕਰ ਰਹੀਆਂ ਹਨ ਜਾਂ ਧਰਮ ਦੇ ਨਾਂ ਉੱਤੇ ਸਵਾਮੀਆਂ ਦੇ ਚੱਕਰ ਲਗਾ ਰਹੀਆਂ ਹਨ ਉਹੀ ਉਹਨਾਂ ਦੇ ਯੌਨ ਸ਼ੋਸ਼ਣ ਦਾ ਕਾਰਨ ਬਣ ਸਕਦੇ ਹਨ।

ਧਰਮ ਦੇ ਨਾਂ ਉੱਤੇ ਇਸਤਰੀਆਂ ਦੇ ਯੌਨ ਸ਼ੋਸ਼ਣ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਹਿੰਦੂ ਧਰਮ ਦੇ ਤਹਿਤ ਜਿੱਥੇ ਮੰਦਰਾਂ ਵਿੱਚ ਦੇਵਦਾਸੀ ਪ੍ਰਥਾ ਦੀ ਰੀਤ ਚੱਲੀ ਉਥੇ ਈਸਾਈ ਧਰਮ ਦੇ ਤਹਿਤ ਚਰਚ ਅਤੇ ਕੌਨਵੈਂਨਸ ਵਿੱਚ ਈਸਾਈ ਸਾਧਵੀਆਂ ਰਹਿਣ ਲੱਗੀਆਂ ਜਿਹਨਾਂ ਨੂੰ ਚਿਰਕੁਆਰੀਆਂ ਕਿਹਾ ਜਾਂਦਾ ਹੈ। ਜੈਨ ਧਰਮ ਵਿੱਚ ਸੰਤਾਂ ਦੇ ਨਾਲ ਸਾਧਵੀਆਂ ਵੀ ਹੁੰਦੀਆਂ ਹਨ। ਭਾਰਤ ਦੇ ਕੁੱਝ ਖੇਤਰਾਂ ਵਿੱਚ ਤਾਂ ਇਸਤਰੀਆਂ ਨੂੰ ਧਰਮ ਅਤੇ ਸ਼ਰਧਾ ਦੇ ਨਾਂ ਉੱਤੇ ਵੇਸ਼ਵਾਵ੍ਰਿਤੀ ਦੀ ਦਲਦਲ ਵਿੱਚ ਧੱਕਿਆ ਜਾਂਦਾ ਹੈ।

ਦੇਵਦਾਸੀ ਪ੍ਰਥਾ ਦੇ ਅੰਤਰਗਤ ਉੱਚੀ ਜਾਤੀ ਦੀਆਂ ਇਸਤਰੀਆਂ ਮੰਦਰ ਵਿੱਚ ਆਪਣੇ ਆਪ ਨੂੰ ਸਮਰਪਤ ਕਰ ਕੇ ਦੇਵਤੇ ਦੀ ਸੇਵਾ ਕਰਦੀਆਂ ਸਨ। ਇਸ ਪ੍ਰਥਾ ਵਿੱਚ ਸ਼ਾਮਲ ਇਸਤਰੀਆਂ ਦੇ ਨਾਲ ਮੰਦਰ ਦੇ ਪੁਜਾਰੀਆਂ ਇਹ ਕਹਿ ਕੇ ਸਰੀਰਕ ਸੰਬੰਧ ਬਣਾਉਣੇ ਸ਼ੁਰੂ ਕਰ ਦਿੱਤੇ ਕਿ ਇਸ ਨਾਲ ਉਹਨਾਂ ਦੇ ਅਤੇ ਰੱਬ ਦੇ ਵਿੱਚ ਸੰਪਰਕ ਕਾਇਮ ਹੁੰਦਾ ਹੈ। ਹੌਲੀ ਹੌਲੀ ਇਹ ਉਹਨਾਂ ਦਾ ਅਧਿਕਾਰ ਬਣ ਗਿਆ ਜਿਸ ਨੂੰ ਸਾਮਾਜਿਕ ਪ੍ਰਵਾਨਗੀ ਵੀ ਮਿਲ ਗਈ।

ਇਸੇ ਤਰ੍ਹਾਂ ਕੈਥੋਲਿਕ ਗਿਰਜਿਆਂ ਵਿੱਚ ਵੀ ਸੈਕਸ ਦੇ ਖੇਲ ਦੇ ਖੁਲਾਸੇ ਹੁੰਦੇ ਰਹੇ ਹਨ। ਕੁੱਝ ਦਿਨ ਪਹਿਲਾਂ ਹੀ ਇੱਕ ਸਾਬਕਾ ਨੰਨ ਨੇ ਪਾਦਰੀਆਂ ਦੇ ਵਿਭਚਾਰ ਦਾ ਖੁਲਾਸਾ ਕਰਦੇ ਹੋਏ ਆਪਣੀ ਆਤਮ-ਕਥਾ ਵਿੱਚ ਲਿਖਿਆ ਹੈ ਕਿ ਪਾਦਰੀ ਈਸਾਈ ਸਾਧਵੀਆਂ ਦੇ ਨਾਲ ਸਰੀਰਕ ਸੰਬੰਧ ਬਣਾਂਦੇ ਹਨ। ਗਰਭਵਤੀ ਹੋਣ ਉੱਤੇ ਬੱਚੇ ਨੂੰ ਗਰਭ ਵਿੱਚ ਖ਼ਤਮ ਕਰਾ ਦੇਂਦੇ ਹਨ। ਨੰਨ ਸਿੱਸਟਰ ਮੈਰੀ ਚਾਂਡੀ ਨੇ ਆਪਣੀ ਆਤਮ ਕਥਾ, 'ਸੱਵਸਿੱਤ' ਵਿੱਚ ਲਿਖਿਆ ਹੈ ਕਿ ਚਰਚ ਦੀ ਜ਼ਿੰਦਗੀ ਅਧਿਆਤਮਿਕਤਾ ਦੀ ਬਜਾਏ ਵਾਸ਼ਨਾ ਨਾਲ ਭਰੀ ਹੋਈ ਹੈ। ਉਸ ਦੇ ਨਾਲ ਵੀ ਇੱਕ ਪਾਦਰੀ ਦੁਆਰਾ ਬਲਾਤਕਾਰ ਦੀ ਕੋਸ਼ਿਸ਼ ਵੀ ਕੀਤੀ ਗਈ ਸੀ। ਇਸੇ ਤਰ੍ਹਾਂ ਨੰਨ ਸਿੱਸਟਰ ਜੇਸੱਮੀ ਨੇ 'ਆਮੇਨ: ਦ ਬਾਇਓਗ੍ਰਾਫ਼ੀ' ਵਿੱਚ ਧਾਰਮਿਕ ਪਖੰਡਾਂ ਦਾ ਖੁਲਾਸਾ ਕੀਤਾ ਹੈ।

ਸਿਰਫ ਭਗਵਾਂ ਚੋਲਾ ਪਾਉਣ ਨਾਲ, ਦਾੜ੍ਹੀ ਵਧਾਉਣ ਨਾਲ ਜਾਂ ਚੰਦਨ ਲਗਾਉਣ ਨਾਲ ਕੋਈ ਯੋਗੀ ਨਹੀਂ ਬਣ ਜਾਂਦਾ। ਜਾਂ ਫੇਰ ਪਾਦਰੀ ਦਾ ਅਹੁੱਦਾ ਪ੍ਰਾਪਤ ਕਰ ਕੇ ਬੰਦਾ ਪਵਿੱਤਰ ਨਹੀਂ ਹੋ ਜਾਂਦਾ ਹੈ। ਇਹਨਾਂ ਦੇ ਆਲੀਸ਼ਾਨ ਆਸ਼ਰਮਾਂ ਅਤੇ ਪਖੰਡਾਂ ਦੀ ਚਕਾਚੌਂਧ ਤੋਂ ਪ੍ਰਭਾਵਿਤ ਹੋ ਕੇ ਇਸਤਰੀਆਂ ਇਹਨਾਂ ਬਾਬਿਆਂ ਦੇ ਪੈਰਾਂ ਵਿੱਚ ਸਿਰ ਝੁਕਾਉਣ ਪਹੁੰਚ ਜਾਂਦੀਆਂ ਹਨ। ਪਰੰਤੂ ਧਰਮ ਦੀ ਆੜ ਵਿੱਚ ਉਨ੍ਹਾਂ ਦੀ ਆਸਥਾ ਨਿਚੋੜਨ ਵਿੱਚ ਇਹਨਾਂ ਬਾਬਿਆਂ ਨੂੰ ਮੁਹਾਰਤ ਪ੍ਰਾਪਤ ਹੈ। ਫੇਰ ਭਾਵੇਂ ਹੀ ਉਹ ਕ੍ਰਿਪਾਲੂ ਮਹਾਰਾਜ ਹੋਵੇ, ਸਵਾਮੀ ਨਿੱਤਿਆਨੰਦ ਹੋਵੇ, ਪ੍ਰਕਾਸ਼ ਆਨੰਦ ਸਰਸਵਤੀ ਹੋਵੇ, ਇੱਛਾਧਾਰੀ ਬਾਬਾ ਹੋਵੇ, ਸੱਤਿਆ ਸਾਈਂ ਬਾਬਾ ਹੋਵੇ, ਓਸ਼ੋ ਰਜਨੀਸ਼ ਹੋਵੇ ਜਾਂ ਫੇਰ ਆਸਾਰਾਮ ਹੋਵੇ। ਯੌਨਸ਼ੋਸ਼ਣ ਦੇ ਆਰੋਪ ਰੋਜ਼ਾਨਾ ਇਹਨਾਂ ਉੱਤੇ ਲੱਗਦੇ ਰਹਿੰਦੇ ਹਨ। ਬਾਬਿਆਂ ਜਾਂ ਸੰਤਾਂ ਦੇ ਪ੍ਰਤੀ ਅੰਨ੍ਹੀ ਸ਼ਰਧਾ ਹੀ ਇਸ ਸ਼ੋਸ਼ਣ ਦਾ ਆਧਾਰ ਬਣਦੀ ਹੈ। ਵੱਡੇ ਵੱਡੇ ਘਰਾਂ ਦੀਆਂ ਇਸਤਰੀਆਂ ਅਤੇ ਇੱਥੋਂ ਤੱਕ ਕਿ ਫ਼ਿਲਮੀ ਐਕਟਰਸਾਂ ਵੀ ਅੰਧਵਿਸ਼ਵਾਸ ਦੀ ਪਕੜ ਵਿੱਚ ਆਉਣ ਤੋਂ ਬਚ ਨਹੀਂ ਸਕੀਆਂ, ਤਦੇ ਤਾਂ ਕਦੇ ਕੈਟਰੀਨਾ ਮਜ਼ਾਰ ਵਿੱਚ ਚਾਦਰ ਚੜ੍ਹਾਉਣ ਜਾਂਦੀ ਹੈ ਤਾਂ ਕਦੇ ਐਸ਼ਵਰਿਆ ਮੰਦਰਾਂ ਦੇ ਚੱਕਰ ਲਗਾਉਂਦੀ ਦਿਸੱਦੀ ਹੈ।

ਜਦ ਇੱਕ ਇਸਤਰੀ ਵਿਆਹ ਕਰਕੇ ਸਹੁਰੇ ਘਰ ਜਾਂਦੀ ਹੈ ਤਾਂ ਆਪਣੇ ਘਰ ਵਾਲਿਆਂ ਅਤੇ ਪਤੀ ਦੇ ਪ੍ਰਤੀ ਉਸ ਦੀਆਂ ਕੁੱਝ ਜ਼ੁੰਮੇਵਾਰੀਆਂ ਹੁੰਦੀਆਂ ਹਨ। ਉਸ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਉਹਨਾਂ ਨੂੰ ਪੂਰਾ ਕਰੇਗੀ। ਪਰ ਕਈ ਵਾਰੀ ਧਰਮ ਅਤੇ ਪੂਜਾਪਾਠ ਦੀ ਓਟ ਵਿੱਚ ਇਸਤਰੀਆਂ ਇਹਨਾਂ ਤੋਂ ਬਚਣ ਦੀ ਕੋਸ਼ਿਸ਼ ਕਰਦੀਆਂ ਹਨ। ਕਹਿਣ ਨੂੰ ਤਾਂ ਉਹ ਮੰਦਰ ਜਾਂ ਆਸ਼ਰਮ ਜਾਂਦੀਆਂ ਹਨ, ਆਪਣੇ ਘਰ ਦੇ ਲਈ ਸੁਖ ਸ਼ਾਂਤੀ ਦੀ ਤਲਾਸ਼ ਵਿੱਚ, ਪਰ ਸਚਾਈ ਵਿੱਚ ਉਹ ਆਪਣੇ ਘਰ ਅਤੇ ਜ਼ੁੰਮੇਵਾਰੀਆਂ ਤੋਂ ਭਗੌੜਾ ਹੁੰਦੀਆਂ ਹਨ।

ਜਦ ਪਤੀ ਨੂੰ ਪਤਨੀ ਦਾ ਸਾਥ ਨਹੀਂ ਮਿਲਦਾ ਤਾਂ ਉਸ ਦੇ ਦਿਮਾਗ ਵਿੱਚ ਇਹ ਅਹਿਸਾਸ ਹੌਲੀ ਹੌਲੀ ਜ਼ੋਰ ਫੜਨ ਲੱਗਦਾ ਹੈ ਕਿ ਪਤਨੀ ਨੂੰ ਉਸਦੀ ਜਾਂ ਘਰ ਦੀ ਪਰਵਾਹ ਨਹੀਂ ਹੈ। ਪਤੀ ਚਿੜਚਿੜੇ ਹੋ ਜਾਂਦੇ ਹਨ ਅਤੇ ਬੱਚੇ ਵੀ ਆਵਾਰਾ ਹੋਣ ਲੱਗਦੇ ਹਨ।

**ਧਾਰਮਕ ਸੱਤਿਸੰਗ ਬਨਾਮ ਕਿੱਟੀ ਪਾਰਟੀ :** ਬਹੁਤ ਸਾਰੀਆਂ ਇਸਤਰੀਆਂ ਦੇ ਲਈ ਆਸ਼ਰਮ ਆਦਿ ਅਜਿਹੇ ਠਿਕਾਣੇ ਬਣ ਜਾਂਦੇ

ਹਨ, ਜਿਥੇ ਉਹ ਬਿਨਾ ਹਿਚਕਿਚਾਹਟ ਦੇ ਆਪਨੇ ਕਪੜਿਆਂ ਅਤੇ ਗਹਿਨਿਆਂ ਦਾ ਵਿਖਾਵਾ ਕਰ ਸਕਦੀਆਂ ਹਨ। ਇਹ ਤਰ੍ਹਾਂ ਦੇ ਧਾਰਮਿਕ ਪ੍ਰੋਗਰਾਮਾ ਵਿੱਚ ਇਸਤਰੀਆਂ ਦੂਸਰੀਆਂ ਇਸਤਰੀਆਂ ਦੇ ਅੱਗੇ ਆਪਨੀ ਡਰੈੱਸ, ਜ਼ੇਵਰ ਅਤੇ ਘਰ ਪਰਿਵਾਰ ਦੀਆਂ ਸਾਨੋਸ਼ੌਕਤਾਂ ਦੀ ਖ਼ੂਬ ਚਰਚਾ ਕਰਦੀਆਂ ਹਨ ਤਾਂ ਧਾਰਮਿਕ ਕ੍ਰਿਆਕਲਾਪਾਂ ਦੇ ਪਰਦੇ ਵਿੱਚ ਕਿੱਟੀ ਪਾਰਟੀ ਦਾ ਆਨੰਦ ਲੈਂਦੀਆਂ ਹਨ। ਅਜਿਹੀ ਕਿੱਟੀ ਪਾਰਟੀ, ਜਿਸ ਦੇ ਲਈ ਨਾ ਤਾਂ ਸੱਸ ਅੱਖਾਂ ਦਿਖਾਏਗੀ, ਨਾ ਬਹੂ ਟੋਕੇਗੀ ਅਤੇ ਨਾ ਹੀ ਪਤੀ ਕੁੱਝ ਕਹਿ ਸਕੇਗਾ। ਸੈਂਕੜੇ ਇਸਤਰੀਆਂ ਦੀ ਭੀੜ ਵਿੱਚੋਂ 20-25 ਇਸਤਰੀਆਂ ਦਾ ਆਪਨਾ ਗਰੁੱਪ ਬਣਾਇਆ ਅਤੇ ਜਮਾ ਲਈ ਮਹਿਫਿਲ। ਫੇਰ ਸ਼ੁਰੂ ਹੋਇਆ ਪੇਟ ਵਿੱਚ ਘੁੰਮਦੀਆਂ ਘੁੰਮਾਉਂਦੀਆਂ ਗੱਲਾਂ, ਸ਼ਿਕਵੇ ਸ਼ਿਕਾਇਤਾਂ ਅਤੇ ਟਿਕਾ ਟਿੱਪਨੀ ਨੂੰ ਚਟਖਾਰੇ ਲੈ ਲੈ ਕੇ ਇੱਕ ਦੂਜੇ ਨੂੰ ਸੁਣਾਉਣ ਦਾ ਦੌਰ। ਸਾਫ਼ ਹੈ, ਭਜਨ ਗਾਉਂਦੇ ਗਾਉਂਦੇ, ਪਿੱਛੇ ਬੈਠ ਕੇ ਖੁਸਰਫੁਸਰ ਕਰਨ ਵਾਲਿਆਂ ਨੂੰ ਤਾਂ ਕੋਈ ਰੋਕ ਨਹੀਂ ਸਕਦਾ।

ਨਿਸ਼ਾਨਾਂ ਬਣਦੀਆਂ ਹਨ ਇਸਤਰੀਆਂ : ਉਂਜ ਆਸ਼ਰਮਾਂ ਵਿੱਚ ਵੀ ਭਗਤਾਂ ਨੂੰ ਮੁਫ਼ਤ ਵਿੱਚ ਖਾਣਾ ਖੁਆਇਆ ਜਾਂਦਾ ਹੈ। ਭਾਵੇਂ ਹੀ ਉਹ ਖਾਣਾ ਤਿਆਰ ਕਰਵਾਉਣ ਦੇ ਲਈ ਪੈਸੇ ਭਗਤਾਂ ਦੀ ਹੀ ਜੇਬ ਤੋਂ ਜਾਂਦੇ ਹੋਣ। ਕਦੇ ਦਾਨ ਦੱਛਣਾ ਦੇ ਨਾਂ ਉੱਤੇ ਤਾਂ ਕਦੇ ਪੂਜਾਪਾਠ ਜਾਂ ਕਿਸੇ ਹੋਰ ਧਾਰਮਕ ਪੂਜਨ ਦੇ ਨਾਂ ਉੱਤੇ ਇਸਤਰੀਆਂ ਵੀ ਪੂਰੀ ਸ਼ਰਧਾ ਦੇ ਨਾਲ ਰੁਪਏ ਲੁਟਾਂਦੀਆਂ ਹਨ। ਉਹ ਦੋ ਹਜ਼ਾਰ ਰੁਪਏ ਦੇ ਕੇ 20 ਰੁਪਏ ਦਾ ਪ੍ਰਸਾਦ ਖਾ ਕੇ ਬਹੁਤ ਸੰਤੁਸ਼ਟੀ ਮਹਿਸੂਸ ਕਰਦੀਆਂ ਹਨ। ਇਹੀ ਵਜ੍ਹਾ ਹੈ ਕਿ ਤਥਾਕਥਿਤ ਸਾਧੂ ਸੰਤਾਂ ਅਤੇ ਬਾਬਿਆਂ ਦਾ ਮੁੱਖ ਨਿਸ਼ਾਨਾ ਇਸਤਰੀਆਂ ਹੀ ਹੁੰਦੀਆਂ ਹਨ ਅਤੇ ਉਹ ਵੀ ਵਿਸ਼ੇਸ਼ ਤੌਰ ਉੱਤੇ ਮੱਧਵਰਗੀ ਇਸਤਰੀਆਂ। ਰੋਟੀ ਦੇ ਲਈ ਤੜਪਦੇ ਵਿਅਕਤੀ ਜਾਂ ਪੁੱਤਰੀ ਦੇ ਵਿਆਹ ਨਾ ਕਰ ਸਕਨ ਵਾਲੇ ਗਰੀਬ ਬਦਹਾਲ ਲੋਕ ਇਹਨਾਂ ਦੇ ਨਿਸ਼ਾਨੇ ਕਦੇ ਨਹੀਂ ਹੁੰਦੇ ਹਨ। ਰੱਬ ਨਾਲ ਮਿਲਾਉਣ ਦਾ ਸ਼ਿਗੂਫਾ (ਚੁਟਕਲਾ) ਲੈ ਕੇ ਚੱਲਨ ਵਾਲੇ ਇਹ ਬਾਬੇ ਆਪਨਾ ਸੁਨਹਿਰਾ ਜਾਲ ਵਿਛਾਂਦੇ ਹਨ ਅਤੇ ਮੱਧਵਰਗੀ ਇਸਤਰੀਆਂ ਉਹਨਾਂ ਵਿੱਚ ਫਸਦੀਆਂ ਹਨ। ਸ਼ੁਰੂ ਤੋਂ ਹੀ ਇਸਤਰੀਆਂ ਵਰਤ ਉਪਵਾਸ ਅਤੇ ਧਰਮ ਦੇ ਹਰ ਪਖੰਡਾ ਵਿੱਚ ਵੱਧ ਦਿਲਚਸਪੀ ਲੈਂਦੀਆਂ ਹਨ। ਕਿਸੇ ਵੀ ਘਰ ਵਿੱਚ ਜਦ ਗੱਲ ਕੀਤੀ ਰਿਵਾਜ਼ਾਂ ਅਤੇ ਧਾਰਮਕ ਪੂਜਨਾਂ ਦੇ ਮਹੱਤਵ ਦੀ ਹੋਵੇ ਤਾਂ ਤਾਂ ਪ੍ਰਮੁੱਖ ਹਿੱਸੇਦਾਰੀ ਇਸਤਰੀਆਂ ਦੀ ਹੀ ਮੰਨੀ ਜਾਂਦੀ ਹੈ। ਇਹੀ ਕਾਰਨ ਹੈ ਕਿ ਧਰਮ ਦਾ ਕਾਰੋਬਾਰ ਚਲਾਉਣ ਵਾਲੇ ਬਾਬਿਆਂ ਦੀਆਂ ਨਜ਼ਰਾਂ ਵੀ ਇਹਨਾਂ ਹੀ ਇਸਤਰੀਆਂ ਉੱਤੇ ਵੱਧ ਰਹਿੰਦੀਆਂ ਹਨ। ਆਸ਼ਰਮ ਰੂਪੀ ਇਹਨਾਂ ਦੀਆਂ ਦੁਕਾਨਾਂ ਇਸਤਰੀਆਂ ਦੇ ਕਾਰਨ ਹੀ ਤਾਂ ਚਲਦੀਆਂ ਹਨ।

ਮੀਡੀਆ ਦੀ ਭੂਮਕਾ : ਇਹਨਾਂ ਸਾਰੇ ਕਾਰਨਾਮਿਆਂ ਨੂੰ ਹੱਲਾਸ਼ੇਰੀ ਦੇਣ ਵਿੱਚ ਮੀਡੀਆ ਦੀ ਭੂਮਕਾ ਵੀ ਘੱਟ ਨਹੀਂ ਹੈ। ਧਰਮ ਅਤੇ ਆਤਮਾ-ਪ੍ਰਮਾਤਮਾ ਦੇ ਨਾਂ ਉੱਤੇ ਜਿਥੇ ਕਈ ਅਖ਼ਬਾਰ ਅੰਧਵਿਸ਼ਵਾਸ ਅਤੇ ਪਖੰਡਾਂ ਨੂੰ ਹੱਲਾਸ਼ੇਰੀ ਦੇਣ ਵਾਲੀ ਸਾਮੱਗਰੀ ਛਾਪਦੇ ਹਨ, ਤਾਂ ਕਈ ਟੀਵੀ ਚੈਨਲਾਂ ਅਤੇ ਨਿਊਜ਼ ਚੈਨਲਾਂ ਉੱਤੇ ਇਹਨਾਂ ਬਾਬਿਆਂ ਨੂੰ ਚੰਗੀ ਖਾਸੀ ਕਬਰੇਜ਼ ਮਿਲਦੀ ਹੈ। ਇਹੀ ਵਜ੍ਹਾ ਹੈ ਕਿ ਉਹਨਾਂ ਦਾ ਹੌਸਲਾ ਵਧਦਾ ਜਾਂਦਾ ਹੈ। ਅਜਿਹੀ ਦਸ਼ਾ ਵਿੱਚ ਜ਼ਰੂਰੀ ਹੈ ਕਿ ਇਸਤਰੀਆਂ ਇਹ ਸਚਾਈ ਸਮਝਣ ਕਿ ਸੱਚੀ ਖ਼ੁਸ਼ੀ ਘਰਪਰਿਵਾਰ ਦੇ ਨਾਲ ਰਹਿਨ ਅਤੇ ਆਪਨੀ ਜ਼ੁੰਮੇਵਾਰੀਆਂ ਨਿਭਾਉਣ ਵਿੱਚ ਹੈ ਨਾ ਕਿ ਉਹਨਾਂ ਤੋਂ ਭਗੌੜਾ ਹੋ ਕੇ ਸਾਧੂਆਂ ਦੇ ਟਿਕਾਨਿਆਂ ਉੱਤੇ ਭਟਕਣ ਵਿੱਚ ਹੈ।

# ਸਵਰਗ ਨਰਕ ਇੱਕ ਕਲਪਨਾ ਹੈ

**ਰਾਕੇਸ਼ ਨਾਥ**

ਸਵਰਗ ਅਤੇ ਨਰਕ ਤਾਂ ਕਿਸੇ ਨੇ ਦੇਖੇ ਨਹੀਂ ਹਨ। ਸਾਡੇ ਰਿਸ਼ੀਆਂ, ਮੁਨੀਆਂ ਅਤੇ ਪੁਰਾਨਕਾਰਾਂ ਨੇ ਰਾਜਿਆਂ ਅਤੇ ਸਭ ਤੋਂ ਉੱਤਮ ਵਰਗ ਦੇ ਵਿਸ਼ਾਲ ਮਹਿਲ ਦੇਖੇ ਸਨ, ਉਹਨਾਂ ਵਿੱਚ ਰਹਿਨ ਵਾਲੇ ਬਹੁਤ ਜ਼ਿਆਦਾ ਸੁਖੀ ਜੀਵਨ ਬਤੀਤ ਕਰਦੇ ਸਨ, ਕਿਵੇਂ ਬਹੁਤ ਸੁਆਦਲਾ ਭੋਜਨ ਕਰਦੇ ਸਨ, ਕਿੰਨੀਆਂ ਹੀ ਸੋਹਨੀਆਂ ਸੁਨੱਖੀਆਂ ਵੇਸ਼ਵਾਵਾਂ ਅਤੇ ਰਖੈਲਾਂ ਰੱਖਦੇ ਸਨ, ਇਹਨਾਂ ਸਭ ਗੱਲਾਂ ਤੋਂ ਉਹ ਜਾਣੂੰ ਸਨ। ਉਹਨਾਂ ਨੇ ਸਵਰਗ ਦੀ ਕਲਪਨਾ ਇਸੇ ਆਧਾਰ ਉੱਤੇ ਕੀਤੀ। ਸਵਰਗ ਵਿੱਚ ਪੁੰਨਆਤਮਾ ਵਧੀਆ ਭੋਜਨ ਕਰਦੇ ਹਨ, ਸੁੰਦਰ ਮੁਟਿਆਰਾਂ ਪਰੀਆਂ ਨਾਲ ਭੋਗਵਿਲਾਸ ਕਰਦੇ ਹਨ, ਜਹਾਜਾਂ ਵਿੱਚ ਉੱਤਮ ਸੰਸਾਰਾਂ ਦੀ ਸੈਰ ਕਰਦੇ ਹਨ। ਇਸੇ ਪ੍ਰਕਾਰ ਉਹਨਾਂ ਨੇ ਜ਼ੇਲ੍ਹ ਵਿਚ ਅਪਰਾਧੀਆਂ ਨੂੰ ਕੁੱਟ ਪੈਂਦੀ ਦੇਖੀ ਸੀ। ਪ੍ਰਾਚੀਨ ਕਾਲ ਵਿੱਚ ਸਾਰੇ ਦੇਸ਼ਾਂ ਵਿੱਚ ਸਖ਼ਤ ਸਜ਼ਾ ਦੇਣ ਦੀ ਪ੍ਰਥਾ ਸੀ। ਚੋਰੀ ਕਰਨ ਉੱਤੇ ਹੱਥ ਵੱਢ ਦਿੱਤੇ ਜਾਂਦੇ ਸਨ। ਸੂਲੀ ਉੱਤੇ ਬਹੁਤ ਦੁੱਖ ਨਾਲ ਪ੍ਰਾਣ ਨਿਕਲਦੇ ਸਨ। ਨਰਕ ਦੀ ਕਲਪਨਾ ਦੇ ਪਿੱਛੇ ਇਹਨਾਂ ਹੀ ਤਜ਼ਰਬਿਆਂ ਦੀ ਪ੍ਰੇਰਨਾ ਹੈ। ਜਮਦੂਤ ਅਤਿਅੰਤ ਖੌਫ਼ਨਾਕ ਹਨ, ਉਹ ਪਾਪੀਆਂ ਨੂੰ ਉੱਬਲਦੇ ਤੇਲ ਵਿੱਚ ਉਬਾਲ ਰਹੇ ਹਨ, ਕਿਧਰੇ ਉਹ ਉਹਨਾਂ ਨੂੰ ਖ਼ੂਨ ਅਤੇ ਚਰਬੀ ਦੇ ਕੁੰਡ ਵਿੱਚ ਡੋਬ ਰਹੇ ਹਨ, ਇਸ ਪ੍ਰਕਾਰ ਦੇ ਵਰਨਣ ਹਰੇਕ ਪੁਰਾਣ ਵਿੱਚ ਮਿਲਦੇ ਹਨ ਅਤੇ ਉਸੇ ਪ੍ਰਕਾਰ ਦੇ ਚਿੱਤਰ ਬਾਜ਼ਾਰਾਂ ਵਿੱਚ ਵਿਕਦੇ ਹਨ। ਜੇਕਰ ਪੁੰਨ ਦਾ ਫਲ ਉਹਨਾਂ ਹੀ ਭੋਗਾਂ ਦੀ ਪ੍ਰਾਪਤੀ ਹੈ ਜੋ ਇੱਥੇ ਮਿਲਦੇ ਹਨ ਤਾਂ ਉਹ ਲੋਕ ਹੀ ਅਕਲਮੰਦ ਹਨ, ਜਿਹੜੇ ਮੌਜਮਸਤੀ ਕਰਦੇ ਹਨ ਅਤੇ ਭਵਿੱਖ ਵਿੱਚ ਮਿਲਨ ਵਾਲੇ ਸ਼ੱਕੀ ਫ਼ਲ ਦੇ ਲਈ ਪ੍ਰਤੱਖ ਨੂੰ ਨਹੀਂ ਠੋਕਰ ਮਾਰਦੇ।

ਸ਼ੁਭ ਕਰਮਾਂ ਦਾ ਫ਼ਲ ਇਹ ਨਹੀਂ ਹੈ ਕਿ ਉਹਨਾਂ ਦੇ ਕਰਨ ਵਾਲੇ ਨੂੰ ਸੁਖ ਭੋਗ ਦੀ ਸਹੂਲਤ ਮਿਲੇ, ਪ੍ਰੰਤੂ ਇਹ ਹੈ ਕਿ ਸਮਾਜ ਅੱਗੇ ਵਧੇ, ਲੋਕਾਂ ਵਿੱਚ ਚੰਗੀ ਭਾਵਨਾ ਦਾ ਸੰਚਾਰ (ਫੈਲਾਅ) ਹੋਵੇ ਅਤੇ ਹੋਰ ਲੋਕਾਂ ਨੂੰ ਚੰਗਾ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਮਿਲੇ। ਹੁਣ ਸਮਾਂ ਬਹੁਤ ਬਦਲ ਗਿਆ ਹੈ। ਹਜ਼ਾਰਾਂ ਸਾਲ ਪੁਰਾਣੀਆਂ ਪ੍ਰਥਾਵਾਂ ਦੀ ਵਰਤੋਂ ਖਤਮ ਹੋ ਚੁੱਕੀ ਹੈ।

ਮੈਂ ਹਾਲ ਹੀ ਵਿੱਚ ਆਪਨੇ ਸਹੁਰੇ ਦੇ ਦਾਹ ਸੰਸਕਾਰ ਵਿੱਚ ਗਿਆ। ਪੰਡਿਆਂ ਨੇ ਉੱਤਰ ਭਾਰਤ ਵਿੱਚ ਇਹ ਭਰਮ ਫੈਲਾਇਆ ਹੋਇਆ ਹੈ ਕਿ ਗੰਗਾ ਦੇ ਕਿਨਾਰੇ ਹੀ ਲਾਸ਼ ਜਲਾਉਣ ਵਿੱਚ ਬਹੁਤ ਪੁੰਨ ਮਿਲਦਾ ਹੈ, ਇਸ ਲਈ ਉਹਨਾਂ ਦੇ ਮ੍ਰਿਤ ਸਰੀਰ ਨੂੰ ਗੜ੍ਹ ਗੰਗਾ ਲੈ ਜਾਇਆ ਗਿਆ। ਉੱਥੇ ਜਿਸ ਪ੍ਰਕਾਰ ਨਾਲ ਲਾਸ਼ ਦਾਹ ਸੰਸਕਾਰ ਹੋਇਆ, ਉਹ ਵਿਅਕਤੀ ਦੇ ਮਾਨ ਦੇ ਕਾਫ਼ੀ ਵਿਰੁੱਧ ਸੀ। ਉੱਥੇ ਅੱਧਜਲੀਆਂ ਲਾਸ਼ਾਂ ਪਾਨੀ ਵਿੱਚ ਵਹਾਈਆਂ ਜਾਂ ਰਹੀਆਂ ਸਨ, ਕਿਉਂਕਿ ਲੱਕੜੀ ਮਹਿੰਗੀ ਹੈ। ਲੱਖਾਂ ਕਿੱਲੋ ਸੁਆਹ, ਫੁੱਲਾਂ, ਲੱਕੜੀਆਂ, ਕੱਪੜੇ ਆਦਿਕ ਗੰਗਾ ਵਿੱਚ ਸੁੱਟੇ ਜਾ ਰਹੇ ਸਨ। ਯਾਨੀ ਗੰਗਾ ਨੂੰ ਦੂਸ਼ਿਤ ਕੀਤਾ ਕਰਨ ਵਿੱਚ ਕੋਈ ਕਮੀ ਨਹੀਂ ਹੋ ਰਹੀ ਸੀ, ਤਾਂ ਕੀ ਉਹਨਾਂ ਲੋਕਾਂ ਦਾ ਕਥਾਕਥਿਤ ਪੁੰਨ ਇਹੀ ਹੈ? ਅੱਜ ਮਨੁੱਖ ਬਹੁਤ ਰੁੱਝਿਆ ਹੋਇਆ ਹੈ ਅਤੇ ਏਨੇ ਗੁੰਝਲਦਾਰ ਕਿਰਿਆ ਕਰਮ ਕਰਨ ਦੀ ਵਿਹਲ ਨਹੀਂ ਹੈ। ਅੰਤਮ ਸੰਸਕਾਰਾਂ ਦਾ ਸਰਲੀਕਰਣ ਅਤੇ ਸੰਖੇਪੀਕਰਣ ਦੋਵੇਂ ਜ਼ਰੂਰੀ ਹਨ। ਦਾਨ ਦਾ ਮਹੱਤਵ ਸੀ, ਅਤੇ ਰਹੇਗਾ, ਪ੍ਰੰਤੂ ਉਹਨਾਂ ਦੀ ਸ਼ਕਲ ਪ੍ਰੰਪਰਾਗਤ ਨਾ ਹੋ ਕੇ ਅਜਿਹਾ ਹੋਵੇ, ਜਿਸ ਨਾਲ ਸਮਾਜ ਦੇ ਨੀਵੇਂ ਹੇਠਲੇ ਵਰਗ ਦਾ ਭਲਾ ਹੋਵੇ ਅਤੇ ਮ੍ਰਿਤ ਬੰਦੇ ਦੀ ਯਾਦ ਵੀ ਬਣੀ ਰਹੀ। ਮ੍ਰਿਤਆਤਮਾਂ ਦੇ ਨਾਂ ਉੱਤੇ ਯੋਗ, ਗਰੀਬ ਵਿਦਿਆਰਥੀਆਂ ਨੂੰ ਵਜ਼ੀਫ਼ਾ, ਹਸਪਤਾਲਾਂ ਵਿੱਚ ਉਹਨਾਂ ਦੇ ਨਾਂ ਉੱਤੇ ਸਾਰੇ ਅੰਤਿਮ ਕੰਮ ਬਿਜਲੀ ਦਾ ਗ੍ਰਹਿ (ਜਲਣ ਘਰ) ਵਿੱਚ ਜਲਾਉਣ ਉੱਤੇ ਪੂਰੇ ਹੋ ਗਏ ਸਨ। ਉਹਨਾਂ ਦੀਆਂ ਹੱਡੀਆਂ ਵੀ ਕਿਸੇ ਨਦੀ ਵਿੱਚ ਵਹਾਈਆਂ ਨਹੀਂ ਗਈਆਂ ਤਾਂ ਜੋ ਨਦੀ ਨੂੰ ਪ੍ਰਦੂਸ਼ਣ ਤੋਂ ਰੋਕਿਆ ਜਾ ਸਕੇ। ਅੱਜ ਜਿਹੜੇ ਵੀ ਕਿਰਿਆਕਰਮ ਕਰਵਾਏ ਜਾਂਦੇ ਹਨ ਉਹ ਸਿਰਫ਼ ਪੰਡੇ ਪੁਜਾਰੀਆਂ ਦੁਆਰਾ ਭਰਮ ਪਾਊ ਕਾਰਨਾਂ ਨਾਲ ਹੈ ਤਾਂ ਜੋ ਉਹਨਾਂ ਦੀ ਹਲਵਾਪੂਰੀ ਜਾਰੀ ਰਹੇ ਅਤੇ ਪਰਿਵਾਰ ਤੋਂ ਦਾਨ ਦੱਛਣਾ ਵਸੂਲ ਕੀਤੀ ਜਾ ਸਕੇ। ਧਰਮ ਦੇ ਪੰਡੇ ਪੁਜਾਰੀਆਂ ਦੀ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਆਮ ਲੋਕਾਂ ਨੂੰ ਡਰਾ ਕੇ ਰੱਖਿਆ ਜਾਵੇ ਤਾਂ ਜੋ ਹੋਰ ਲੋਕਾਂ ਨੂੰ ਭਰਮ ਵਿੱਚ ਫਸਾ ਕੇ ਰੱਖ ਸਕਣ।

# ਇਸਤਰੀ ਮੁਕਤੀ ਦਾ ਗਲਤ ਅਰਥ



ਇਸਤਰੀ ਮੁਕਤੀ ਦੀ ਮੁਹਿੰਮ ਵਿੱਚ ਇਸਤਰੀ ਉਤਪੀੜਨ ਉੱਤੇ ਅੱਗ ਉਗਲਣ ਵਾਲਿਆਂ ਦੀ ਅੱਜ ਇੱਕ ਫੌਜ ਜਿਹੀ ਖੜ੍ਹੀ ਹੋ ਗਈ ਹੈ। ਇਸਤਰੀ ਮੁਕਤੀ ਦੇ ਠੀਕ ਅਰਥ ਸਮਝੇ ਬਿਨਾ ਇਹ ਫੌਜ ਇਸਤਰੀ ਦੇ ਅਸਲੀ ਉਦੇਸ਼ ਤੋਂ ਭਟਕ ਗਈ ਹੈ। ਅਖਬਾਰਾਂ ਮੈਗਜ਼ੀਨਾਂ ਵਿੱਚ ਇਸਤਰੀ ਮੁਕਤੀ ਉੱਤੇ ਅੱਜਕੱਲ੍ਹ ਜੋ ਲਿਖਿਆ ਜਾ ਰਿਹਾ ਹੈ ਅਤੇ ਪ੍ਰਚਾਰਕਾਂ ਦੁਆਰਾ ਜੋ ਕਿਹਾ ਜਾ ਰਿਹਾ ਹੈ ਉਸਨੂੰ ਪੜ੍ਹ ਅਤੇ ਸੁਣ ਕੇ ਲੱਗਦਾ ਹੈ ਜਿਵੇਂ ਇਸਤਰੀ ਨੂੰ ਆਦਮੀ ਨਾਲ ਲੜਣ ਦੇ ਲਈ ਤਿਆਰ ਕੀਤਾ ਜਾ ਰਿਹਾ ਹੋਵੇ। ਇਸਤਰੀ ਸਲਾਹ ਮਸ਼ਵਰਾ ਨਾਂ ਦੀ ਇੱਕ ਨਵੀਂ ਲਿਖਣ ਵਿਧੀ ਵੀ ਪੈਦਾ ਹੋ ਗਈ ਹੈ। ਨਾਵਲ ਅਤੇ ਕਹਾਣੀਆਂ ਛਪ ਰਹੀਆਂ ਹਨ, ਅਖ਼ਬਾਰਾਂ ਮੈਗਜ਼ੀਨਾਂ ਵਿੱਚ ਕਾਲਮ ਛਪ ਰਹੇ ਹਨ। ਇਹਨਾਂ ਵਿੱਚ ਇਸਤਰੀ ਮੁਕਤੀ ਨੂੰ ਸਮਝਣ ਦੀ ਕੋਸ਼ਿਸ਼ ਘੱਟ, ਆਦਮੀ ਉੱਤੇ ਹਮਲਾ ਕਰਨ ਦਾ ਹਠ ਵੱਧ ਹੁੰਦਾ ਹੈ। ਇਸਤਰੀ ਮੁਕਤੀ ਦਾ ਅਰਥ ਆਦਮੀ ਨਾਲ ਟੱਕਰ ਲੈਣ ਦੀ ਤਾਕਤ ਹੁੰਦਾ ਜਾ ਰਿਹਾ ਹੈ। ਇਸ ਨਾਲ ਇਸਤਰੀ ਆਦਮੀ ਇੱਕ ਦੂਜੇ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਅਤੇ ਆਪਣਾ ਵਿਆਹੁਤਾ ਜੀਵਨ ਖ਼ਰਾਬ ਕਰਨ ਉੱਤੇ ਉਤਾਰੂ ਹੋ ਰਹੇ ਹਨ।

ਇਸਤਰੀ ਦੇਹ ਦੇ ਦੁਰਪ੍ਰਯੋਗ ਦਾ ਸਵਾਲ ਵੀ ਵਾਰ ਵਾਰ ਉੱਠ ਰਿਹਾ ਹੈ। ਇਸ ਉਤੇ ਲਿਖਣ ਵਾਲਿਆਂ ਨੂੰ ਲਿਖਣ ਦਾ ਮਸਾਲਾ ਤਾਂ ਮਿਲਦਾ ਹੈ ਪਰ ਗਲਤਫਹਿਮੀਆਂ ਵੀ ਪੈਦਾ ਹੋ ਰਹੀਆਂ ਹਨ। ਜਿਹੜਾ ਬਲਾਤਕਾਰੀ ਹੈ, ਜੋ ਦੇਹ ਵਪਾਰ ਕਰਦਾ ਹੈ, ਉਸ ਦੇ ਖਿਲਾਫ਼ ਰਿਪੋਰਟ ਕਰਨ ਉਤੇ ਉਸਨੂੰ ਸਜ਼ਾ ਦਿੱਤੀ ਜਾਂਦੀ ਹੈ। ਬਹੁਤ ਸਾਰੀਆਂ ਘਟਨਾਵਾਂ ਦੀ ਕੋਈ ਰਿਪੋਰਟ ਦਰਜ ਨਹੀਂ ਹੁੰਦੀ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਸਮਾਜ ਵਿੱਚ ਇਸਤਰੀ ਪੂਰੀ ਤਰ੍ਹਾਂ ਅਸੁੱਰਖਿਅਤ ਅਤੇ ਆਦਮੀ ਦੀ ਨੌਕਰਾਣੀ ਹੈ।

ਸੱਚ ਮੁੱਚ ਤਾਂ ਇਸਤਰੀ ਜਿੰਨੀ ਸੁਰੱਖਿਅਤ ਸਾਡੇ ਪਰਿਵਾਰਾਂ ਵਿੱਚ ਹੈ ਉਤਨੀ ਆਜ਼ਾਦ ਅਤੇ ਸੁਰੱਖਿਅਤ ਕਿਸੇ ਹੋਰ ਦੇਸ਼ ਵਿੱਚ ਨਹੀਂ ਹੈ। ਵਿਆਹ ਹੁੰਦੇ ਸਾਰ ਉਹ ਘਰ ਦੀ ਮਾਲਕਣ ਬਣ ਜਾਂਦੀ ਹੈ, ਅਤੇ ਪ੍ਰਤੀਕ ਦੀ ਭਾਸ਼ਾ ਵਿੱਚ ਬੋਲੀਏ ਤਾਂ ਉਸਨੂੰ ਘਰ ਦੀ ਚਾਬੀ ਵੀ ਦੇ ਦਿੱਤੀ ਜਾਂਦੀ ਹੈ। ਇਸ ਉਤੇ ਕੋਈ ਆਖੇ ਕਿ ਇਹ ਤਾਂ ਆਦਮੀ ਦੀ ਚਲਾਕੀ ਹੈ ਤਾਂ ਇਹ ਤਾਂ ਬਸ ਫਿਰ ਸਮਝ ਦਾ ਭਰਮ ਹੈ।

ਅਸਲੀ ਮੁਕਤੀ : ਅੱਜ ਸਾਨੂੰ ਇਸਤਰੀ ਦੀ ਆਜ਼ਾਦੀ ਦਾ ਮਤਲਬ ਇਹ ਸਮਝਾਇਆ ਜਾ ਰਿਹਾ ਹੈ ਕਿ ਆਦਮੀ ਨਾਲ ਮੁਕਾਬਲਾ ਕਰੋ, ਆਦਮੀ ਵਰਗੀ ਹੋ ਜਾਓ, ਆਦਮੀ ਦੀ ਨੱਕ ਵੱਢੋ ਅਤੇ ਆਦਮੀ ਤੋਂ ਉਹ ਸਾਰੇ ਕੰਮ ਕਰਾਓ ਜੋ ਤੁਸੀਂ ਆਪ ਕਰਦੀਆਂ ਹੋ। ਅੱਜ ਦਾ ਪੜ੍ਹਿਆ ਲਿਖਿਆ ਅਤੇ ਸੰਵੇਦਨਸ਼ੀਲ ਆਦਮੀ ਆਪਣੀ ਪਤਨੀ ਦੇ ਕੰਮ ਵਿੱਚ ਹੁਣ ਕਿੰਨਾ ਹੱਥ ਵੰਡਾਉਣ ਲੱਗਾ ਹੈ, ਇਸ ਤਬਦੀਲੀ ਦੀ ਪੂਰੀ ਤਰ੍ਹਾਂ ਅਨਦੇਖੀ ਕਰ ਦਿੱਤੀ ਜਾਂਦੀ ਹੈ। ਮੁਕਤੀ ਦੇ ਨਾਂ ਉੱਤੇ ਅੱਜ ਇਸਤਰੀ ਨੂੰ ਆਪਣੇ ਕਰਤਬ ਤੋਂ ਭਟਕਾਉਣ ਵਾਲੀਆਂ ਗੱਲਾਂ ਬਹੁਤ ਕੀਤੀਆਂ ਜਾ ਰਹੀਆਂ ਹਨ। ਉਸ ਦੀ ਸਮੱਸਿਆ ਨੂੰ ਠੀਕ ਠੀਕ ਸਮਝਣ ਦੀ ਕੋਸ਼ਿਸ਼ ਬਹੁਤ ਘੱਟ ਹੋ ਰਹੀ ਹੈ। ਉਸ ਦੇ ਅਧਿਕਾਰ ਦੇ ਬਚਾਓ ਦੀ ਕੋਸ਼ਿਸ਼ ਵੀ ਘੱਟ ਹੀ ਹੋ ਰਹੀ ਹੈ। ਮੁਕਤੀ ਦਾ ਸਾਰਾ ਅੰਦੋਲਨ ਇੱਕ ਨਾਅਰਾ ਬਣ ਕੇ ਰਹਿ ਗਿਆ ਹੈ। ਉਸ ਦੇ ਕੁਦਰਤੀ, ਸੁਭਾਵਿਕ ਗੁਣਾਂ ਦੀ ਅਣਦੇਖੀ ਕਰ ਕੇ ਆਦਮੀ ਨਾਲ ਲੋਹਾ ਲੈਣ ਦੀ ਗੱਲ ਕਹੀ ਜਾ ਰਹੀ ਹੈ। ਉਸਨੂੰ ਇਹ ਕਿਉਂ ਨਹੀਂ ਸਮਝਾਇਆ ਜਾ ਰਿਹਾ ਹੈ ਕਿ ਆਰਥਿਕ ਆਜ਼ਾਦੀ ਵਿੱਚ ਹੀ ਉਸ ਦੀ ਅਸਲੀ ਮੁਕਤੀ ਹੈ ਅਤੇ ਉਹ ਇਹ ਚੰਗੀ ਸਿੱਖਿਆ ਨਾਲ ਹੀ ਪ੍ਰਾਪਤ ਕਰ ਸਕਦੀ ਹੈ।

ਅੱਜ ਦੀਆਂ ਜਿਹੜੀਆਂ ਨਾਵਲ ਲੇਖਕਾਵਾਂ ਇਸਤਰੀ ਸੁਤੰਤਰਤਾ ਨੂੰ ਆਪਣਾ ਵਿਸ਼ਾ ਬਣਾ ਕੇ ਲਿਖ ਰਹੀਆਂ ਹਨ, ਉਹ ਉਹਨਾਂ ਦੇ ਨਿੱਜੀ ਅਨੁਭਵ ਉਤੇ ਆਧਾਰਤ ਹੈ। ਇਹ ਲੇਖਕਾਵਾਂ ਤਰਕਾਂ ਦਾ ਜੋ ਪਹਾੜ ਆਦਮੀ ਦੇ ਵਿਰੁੱਧ ਖੜ੍ਹਾ ਕਰਦੀਆਂ ਹਨ ਉਹ ਇਸਤਰੀ ਸੁਤੰਤਰਤਾ ਵਿੱਚ ਰੁਕਾਵਟ ਹੀ ਹੁੰਦਾ ਹੈ।

ਨਾਰੀ ਮੁਕਤੀ ਦੇ ਬਾਰੇ ਵਿੱਚ ਹੁਣੇ ਹੁਣੇ ਇੱਕ ਅੰਕੜਾ ਛਪਿਆ ਸੀ। ਉਸ ਵਿੱਚ ਕਿਹਾ ਗਿਆ ਸੀ ਕਿ ਭਾਰਤ ਦੀ ਲਗਭਗ 93 ਪ੍ਰਤੀਸ਼ਤ ਇਸਤਰੀਆਂ ਮੁਕਤ ਨਹੀਂ ਹਨ। ਉਹਨਾਂ ਨੂੰ ਆਦਮੀ ਦੀ ਸਰਦਾਰੀ ਵਿੱਚ ਜਿਉਣਾ ਪੈਂਦਾ ਹੈ। ਅੰਕੜਾ ਤਿਆਰ ਕਰਨ ਵਾਲਿਆਂ ਨੂੰ ਇਹ ਕਿਵੇਂ ਪਤਾ ਹੈ? ਕੀ ਹਰੇਕ ਇਸਤਰੀ ਸ਼ੋਸ਼ਿਤ, ਪੀੜਤ ਅਤੇ ਆਦਮੀ ਦੀ ਹਵਸ ਦਾ ਸ਼ਿਕਾਰ ਹੈ? ਸੱਚ ਵਿੱਚ ਦੇਖਿਆ ਜਾਵੇ ਤਾਂ ਜੇ ਕੋਈ ਤਕਲੀਫ਼ ਹੈ ਤਾਂ ਇਸਤਰੀ ਪੁਰਸ਼ ਦੋਹਾਂ ਦੀ ਹੈ। ਆਰਥਿਕ ਸੰਕਟ ਹੋਣੇ ਜਾਂ ਕੋਈ ਵੱਡਾ ਰੋਗ, ਉਹ ਦੋਹਾਂ ਦਾ ਹੈ। ਅੱਜਕੱਲ ਇਹ ਕਹਿੰਦੇ ਰਹਿਣ ਦਾ ਇੱਕ ਫ਼ੈਸ਼ਨ ਜਿਹਾ ਚੱਲ ਪਿਆ ਹੈ ਕਿ ਇਸਤਰੀ ਨੂੰ ਅਸੀਂ ਸਿਰਫ਼ ਇੱਕ 'ਦੇਹ' ਮੰਨਦੇ ਹਾਂ। ਇਸ ਲਈ ਉਸ ਦੇ ਲਈ ਸਾੜ੍ਹੀ, ਕਪੜੇ ਅਤੇ ਗਹਿਣੇ ਆਦਿਕ ਖਰੀਦਦੇ ਹਾਂ ਉਸ ਦੇ ਵਿਚਾਰਾਂ, ਭਾਵਨਾਵਾਂ ਅਤੇ ਸੰਵੇਦਨਾਵਾਂ ਦਾ ਧਿਆਨ ਨਹੀਂ ਰੱਖਦੇ ਹਾਂ। ਜਿਹੜੇ ਪਰਿਵਾਰਾਂ ਵਿੱਚ ਇਸਤਰੀ ਦੀ ਕੋਈ ਆਪਣੀ ਆਮਦਨੀ ਨਹੀਂ ਹੈ ਉਹਨਾਂ ਪਰਿਵਾਰਾਂ ਵਿੱਚ ਇਹ ਕੁੱਝ ਹੱਦ ਤੱਕ ਸਹੀ ਹੋ ਸਕਦਾ ਹੈ ਪਰ ਇਸਨੂੰ ਇਸਤਰੀ ਜੀਵਨ ਦੀ ਇੱਕੋ ਅਟੱਲ ਸਚਾਈ ਮੰਨਣਾ ਸਿਰਫ ਇੱਕ ਹਠਧਰਮਤਾ ਹੈ। ਨਾਰੀ ਜਦ ਸ਼ਰਾਬ ਪੀਵੇ, ਸਿਗਰੇਟ ਪੀਵੇ, ਆਦਮੀ ਵਾਂਗ ਟਰੱਕ ਚਲਾਵੇ ਕੀ ਤਦੇ ਉਹ ਆਜ਼ਾਦ ਆਖੀ ਜਾਵੇਗੀ?

ਨਾਰੀ ਦੀ ਮੁਕਤੀ ਦੇ ਲਈ ਲੜਣ ਵਾਲੇ ਜ਼ਿਆਦਾਤਰ ਲੋਕ ਦਰਅਸਲ ਆਪਣਾ ਕੋਈ ਸਾਮਾਜਿਕ, ਰਾਜਨੀਤਕ, ਜਾਂ ਸਾਹਿਤਕ ਹਿਤ ਸਾਧ ਰਹੇ ਹਨ। ਕਿਸੇ ਵਪਾਰਕ ਉਦੇਸ਼ ਦੇ ਲਈ ਵੀ ਉਹ ਇਸ ਵਿਸ਼ੇ ਨੂੰ ਉੱਪਰ ਚੁੱਕ ਰਹੇ ਹਨ। ਇਸ ਮੁਹਿੰਮ ਵਿੱਚ ਇਸਤਰੀਆਂ ਹੀ ਵੱਧ ਹਨ ਅਤੇ ਇਸ ਨੂੰ ਅਫ਼ਸੋਸ ਦਾ ਵਿਸ਼ਾ ਮੰਨਿਆ ਜਾਣਾ ਚਾਹੀਦਾ ਹੈ ਕਿ ਉਹ ਇਸ ਵਿੱਚ ਸਭ ਤੋਂ ਵੱਡੀ ਰੁਕਾਵਟ ਆਦਮੀ ਨੂੰ ਹੀ ਮੰਨਦੀਆਂ ਹਨ। ਜੇਕਰ ਤੁਸੀਂ ਕੰਮਕਾਜੀ ਹੋ ਤਾਂ ਇਸ ਵਿੱਚ ਤੁਹਾਨੂੰ ਆਦਮੀ ਦੀ ਹੱਲਾਸ਼ੇਰੀ ਜ਼ਰੂਰ ਮਿਲਣੀ ਚਾਹੀਦੀ ਹੈ ਅਤੇ ਮਿਲ ਵੀ ਰਹੀ ਹੈ। ਤਦੇ ਤੁਸੀਂ ਕੰਮਕਾਜੀ ਹੋ, ਪਰ ਜੇਕਰ ਪੂਰੀ ਤਰ੍ਹਾਂ ਘਰ ਸੁਆਣੀ ਹੋ ਤਾਂ ਮੁਕਤੀ ਦੇ ਨਾਅਰੇਬਾਜ਼ਾਂ ਦੀ ਚਾਲ ਵਿੱਚ ਪੈ ਕੇ ਘਰ ਗ੍ਰਹਿਸਥੀ ਦੀ ਅਣਦੇਖੀ ਕਰਨਾ ਮੁਕਤੀ ਦਾ ਮਤਲਬ ਬਿਲਕੁਲ ਨਹੀਂ ਹੈ। ਮੁਕਤੀ ਦਾ ਸਹੀ ਅਰਥ ਸਮਝੀਏ ਤਾਂ ਇਸਤਰੀਆਂ ਨੂੰ ਸਿੱਖਿਆ ਅਤੇ ਫ਼ੈਸਲੇ ਲੈਣ ਦਾ ਪੂਰਾ ਅਧਿਕਾਰ ਮਿਲਣਾ ਚਾਹੀਦਾ ਹੈ। ਪ੍ਰੇਮ ਦਾ, ਘੁੰਮਣ ਦਾ, ਵਿਚਾਰ ਪ੍ਰਗਟ ਕਰਨ ਦਾ ਅਤੇ ਨਿਆਂ ਦਾ ਵੀ ਪੂਰਾ ਹੱਕ ਹੋਣਾ ਚਾਹੀਦਾ ਹੈ। ਆਪਣੇ ਢੰਗ ਨਾਲ ਘਰ ਚਲਾਉਣ, ਬੱਚੇ ਪਾਲਣ, ਚਿੱਠੀ ਪੱਤਰ ਕਰਨ, ਪੁੱਤਰ ਪੁੱਤਰੀ ਦੇ ਲਈ ਬਹੂ ਜੁਆਈ ਚੁਣਣ ਵਿੱਚ ਉਹਨਾਂ ਦੀ ਇੱਛਾ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ।

ਇਸਤਰੀਆਂ ਨੂੰ ਉਹਨਾਂ ਪੁਰਾਣੀਆਂ ਪਰੰਪਰਾਵਾਂ ਅਤੇ ਘਟੀਆ ਪੁਰਾਣੇ ਵਿਚਾਰਾਂ ਤੋਂ ਵੀ ਮੁਕਤ ਹੋਣਾ ਹੋਵੇਗਾ ਜਿਹਨਾਂ ਦੀ ਸ਼ਿਕਾਰ ਉਹ ਸਦੀਆਂ ਤੋਂ ਰਹੀਆਂ ਹਨ ਅਤੇ ਜਿਹਨਾਂ ਦੇ ਕਾਰਨ ਉਹਨਾਂ ਦਾ ਸ਼ੋਸ਼ਣ ਹੁੰਦਾ ਹੈ। ਇਸਤਰੀ ਮੁਕਤੀ ਦੇ ਥੋਥੇ ਪ੍ਰਚਾਰ ਤੋਂ ਬਚਦੇ ਹੋਏ ਉਹ ਆਪਣੇ ਚੁੱਲ੍ਹੇ ਚੌਕੇ ਦੇ ਇਲਾਵਾ ਆਧੁਨਿਕ ਜੀਵਨ ਦੇ ਖੁੱਲ੍ਹੇ ਮਾਹੌਲ ਨੂੰ ਵੀ ਦੇਖਣ ਆਪਣਾ ਜੀਵਨ ਸੰਵਾਰਨ ਦੀ ਦਿਸ਼ਾ ਵਿੱਚ ਉਹ ਕੋਈ ਨਵਾਂ, ਸਾਰਥਕ ਕਦਮ ਉਠਾਉਣ। ਉਹ ਪੁਸਤਕਾਂ ਅਤੇ ਅਖ਼ਬਾਰ ਮੈਗਜ਼ੀਨ ਵੀ ਨਿਯਮਤ ਰੂਪ ਤੋਂ ਪੜ੍ਹਦੀਆਂ ਰਹਿਣ ਤਾਂ ਜੋ ਵਿਚਾਰਾਂ ਦੀ ਖਿੜਕੀ ਖੁੱਲ੍ਹੀ ਰਹੇ। ਇਹਨਾਂ ਨਾਲ ਉਹਨਾਂ ਨੂੰ ਵਿਵਹਾਰਕ ਜੀਵਨ ਵਿਚ ਆਉਣ ਵਾਲੀਆਂ ਸਮੱਸਿਆਵਾਂ ਨਾਲ ਜੂਝਣ ਦੇ ਰਸਤੇ ਮਿਲਣਗੇ।

ਜਾਇਦਾਦ ਦੀ ਖਰੀਦ ਅਤੇ ਵੇਚ ਤੋਂ ਲੈ ਕੇ ਆਮਦਨ ਕਰ ਦੇ ਨਿਯਮਾਂ ਨੂੰ ਵੀ ਉਹ ਜਾਣਨ, ਤਾਂ ਇਹ ਵੀ ਮੁਕਤੀ ਦਾ ਇੱਕ ਰਸਤਾ ਹੋਵੇਗਾ। ਇਹ ਦੁੱਖ ਦੀ ਗੱਲ ਹੈ ਕਿ ਉਹਨਾਂ ਨੂੰ ਉਪਭੋਗਤਾ ਅਧਿਕਾਰਾਂ ਅਤੇ ਇਸਤਰੀ ਆਯੋਗਾਂ ਦੀ ਕਾਰਜਪ੍ਰਣਾਲੀ ਦੇ ਬਾਰੇ ਵਿੱਚ ਵੀ ਬਹੁਤ ਘੱਟ ਗਿਆਨ ਹੈ। ਬਹੁਤ ਸਾਰੀਆਂ ਇਸਤਰੀਆਂ ਤਾਂ ਰੇਲ ਜਾਂ ਹਵਾਈ ਟਿਕਟ ਖਰੀਦਣ ਦੇ ਲਈ ਰਿਜਰਵੇਸ਼ਨ ਫ਼ੌਰਮ ਤੱਕ ਨਹੀਂ ਭਰ ਸਕਦੀਆਂ ਹਨ। ਨਿਮਨਵਰਗ ਦੀਆਂ ਇਸਤਰੀਆਂ, ਜੋ ਘੱਟ ਸਿੱਖਿਅਤ ਹਨ ਉਹਨਾਂ ਨੂੰ ਵੀ ਚੈੱਕ ਕੱਟਣਾ, ਡਰਾਫਟ ਬਣਾਉਣਾ, ਮਨੀਆਰਡਰ ਫ਼ੌਰਮ ਭਰਨਾ ਆਦਿ ਆਉਣਾ ਚਾਹੀਦਾ ਹੈ। ਮੁਕਤੀ ਦਾ ਨਾਅਰਾ ਬੁਲੰਦ ਕਰਨ ਵਾਲੀਆਂ ਮੁਕਤੀਵਾਦੀ ਇਸਤਰੀਆਂ ਅਤੇ ਇਸਤਰੀ ਮੁਕਤੀ ਜਾਂ ਨਾਰੀ ਕਲਿਆਣ ਦੇ ਲਈ ਸੰਘਰਸ਼ ਕਰ ਰਹੇ ਲੋਕ ਉਹਨਾਂ ਨੂੰ ਇਹ ਸਭ ਸਿਖਾਉਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ? ਉਹ ਇਹ ਸਭ ਕਰਨ ਤਾਂ ਜ਼ਿਆਦਾ ਬਿਹਤਰ ਹੋਵੇਗਾ।

–ਦਾਮੋਦਰ

# ਤਾਂਤਰਿਕ ਦੇ ਚੋਲੇ ਵਿੱਚ ਲੁਟੇਰੇ

**ਐਮ ਕੇ. ਮਜੂਮਦਾਰ**

ਰਜਨੀ ਆਪਣੇ ਘਰ ਦੇ ਕੰਮ ਵਿੱਚ ਰੁੱਝੀ ਹੋਈ ਸੀ ਉਸੇ ਸਮੇਂ ਘਰ ਦੇ ਮੁੱਖ ਦਰਵਾਜ਼ੇ ਉੱਤੇ ਇੱਕ ਲੰਮੀ ਦਾੜ੍ਹੀ, ਵੱਡੇ-ਵੱਡੇ ਵਾਲਾਂ ਵਾਲੇ ਕਿਸੇ ਅਨਜਾਣ ਬੰਦੇ ਨੇ ਆਵਾਜ਼ ਲਗਾਈ, "ਬੇਟੀ, ਤੂੰ ਬਹੁਤ ਪਰੇਸ਼ਾਨ ਹੈ। ਮੈਂ ਤੇਰੀ ਪਰੇਸ਼ਾਨੀ ਸਮਝ ਸਕਦਾ ਹਾਂ। ਤੇਰਾ ਪਤੀ ਤੈਨੂੰ ਪਿਆਰ ਨਹੀਂ ਕਰਦਾ। ਉਹ ਦੂਜੀ ਚੁੜੇਲ ਦੇ ਚੱਕਰ ਵਿੱਚ ਪੈ ਗਿਆ ਹੈ। ਇਸ ਮੁਸੀਬਤ ਤੋਂ ਤੈਨੂੰ ਮੈਂ ਹੀ ਛੁਟਕਾਰਾ ਦਿਵਾ ਸਕਦਾ ਹਾਂ।"

ਉਸ ਬੰਦੇ ਦੀ ਗੱਲ ਸੁਣਕੇ ਰਜਨੀ ਨੂੰ ਹੈਰਾਨੀ ਹੋਈ ਅਤੇ ਉਸ ਨੇ ਸੋਚਿਆ 'ਇਸਨੂੰ ਕਿਵੇਂ ਪਤਾ ਲੱਗਾ ਕਿ ਮੇਰਾ ਪਤੀ ਮੈਨੂੰ ਪਿਆਰ ਨਹੀਂ ਕਰਦਾ? ਉਹ ਦੂਜੀ ਇਸਤਰੀ ਦੇ ਚੱਕਰ ਵਿੱਚ ਪੈ ਗਿਆ ਹੈ, ਇਹ ਗੱਲ ਵੀ ਇਸਨੂੰ ਮਾਲੂਮ ਹੈ। ਇਸ ਦਾ ਮਤਲਬ ਇਹ ਬਹੁਤ ਪਹੁੰਚਿਆ ਹੋਇਆ ਬਾਬਾ ਹੈ। "ਤੂੰ ਕੀ ਸੋਚ ਰਹੀ ਹੈ? ਇਹੀ ਕਿ ਇਹ ਸਭ ਮੈਨੂੰ ਕਿਵੇਂ ਪਤਾ ਚੱਲਿਆ? ਬੇਟੀ ਅਸੀਂ ਇਸ ਲੋਕ ਦੀ ਕੀ, ਤਿੰਨਾ ਲੋਕਾਂ ਦੀਆਂ ਗੱਲਾਂ ਜਾਣਦੇ ਹਾਂ। ਅਸੀਂ ਗਿਆਨ ਪੁਰਸ਼ ਹਾਂ। ਅਸੀਂ ਤੇਰੀਆਂ ਸਾਰੀਆਂ ਸਮੱਸਿਆਵਾਂ ਦੂਰ ਕਰ ਸਕਦੇ ਹਾਂ।"



ਰਜਨੀ ਨੇ ਬਿਨਾਂ ਕੁੱਝ ਸੋਚੇ ਸਮਝੇ ਗੇਟ ਖੋਲ੍ਹ ਕੇ ਬਾਬੇ ਨੂੰ ਅੰਦਰ ਬੁਲਾ ਲਿਆ ਅਤੇ ਉਸਦੇ ਪੈਰਾਂ ਦੇ ਕੋਲ ਬੈਠ ਕੇ ਆਪਣੀ ਸਾਰੀ ਸਮੱਸਿਆ ਦੱਸ ਦਿੱਤੀ। ਸਾਰੀ ਗੱਲ ਸੁਣਨ ਦੇ ਬਾਅਦ ਬਾਬੇ ਨੇ ਕਿਹਾ, "ਇਹ ਸਭ ਉਸ ਚੁੜੇਲ ਦਾ ਕੀਤਾ ਹੋਇਆ ਹੈ। ਉਸ ਦੀ ਨਜ਼ਰ ਤੈਨੂੰ ਲੱਗ ਗਈ ਹੈ। ਪਹਿਲਾਂ ਉਹ ਤੈਨੂੰ ਤੇਰੇ ਪਤੀ ਤੋਂ ਦੂਰ ਕਰੇਗੀ, ਫੇਰ ਤੈਨੂੰ ਤੜਫਾ ਤੜਫਾ ਕੇ ਮਾਰੇਗੀ। ਇਸ ਸਮੱਸਿਆ ਨੂੰ ਦੂਰ ਕਰਨ ਦੇ ਲਈ ਇੱਕ ਵੱਡੀ ਪੂਜਾ ਕਰਨੀ ਪਵੇਗੀ।" ਰਜਨੀ ਤੁਰੰਤ ਪੂਜਾ ਕਰਾਉਣ ਦੇ ਲਈ ਤਿਆਰ ਹੋ ਗਈ। ਬਾਬੇ ਨੇ ਕਿਹਾ, "ਪੂਜਾ ਦੇ ਲਈ 21 ਤੋਲੇ ਸੋਨਾ ਵੀ ਚਾਹੀਦਾ ਹੈ।" ਰਜਨੀ ਨੇ ਪੂਜਾ ਦੇ ਸਾਮਾਨ ਦੇ ਨਾਲ ਆਪਣੇ ਹੱਥਾਂ ਦੀਆਂ ਅੰਗੂਠੀਆਂ, ਚੈਨ, ਚੂੜੀਆਂ, ਕੰਨਾਂ ਦੀਆਂ ਬਾਲੀਆਂ ਨੱਕ ਦੀ ਲੌਂਗ ਅਤੇ ਮੰਗਲਸੂਤਰ ਵੀ ਉਤਾਰ ਕੇ ਬਾਬੇ ਨੂੰ ਦੇ ਦਿੱਤਾ। ਇਹ ਸਾਰਾ ਸਾਮਾਨ 21 ਤੋਲੇ ਤੋਂ ਵੱਧ ਸੀ। ਇਸ ਉੱਤੇ ਵੀ ਬਾਬਾ ਕਹਿ ਰਿਹਾ ਰਿਹਾ ਸੀ, "ਘਰ ਵਿੱਚ ਹੋਰ ਵੀ ਕੋਈ ਸੋਨੇ ਦੇ ਗਹਿਣੇ ਹੋਣ, ਤਾਂ ਉਹ ਵੀ ਲੈ ਆਓ, ਵਰਨਾ ਉਸ ਚੁੜੇਲ ਦਾ ਕਬਜ਼ਾ ਇਸ ਘਰ ਉੱਤੇ ਹੋ ਜਾਵੇਗਾ।" ਬਾਬੇ ਨੇ ਸੋਨੇ ਦੇ ਸਾਰੇ ਗਹਿਣੇ ਇੱਕ ਕੱਪੜੇ ਵਿੱਚ ਬੰਨ ਕੇ ਪੂਜਾ ਵਾਲੀ ਥਾਂ ਉੱਤੇ ਰੱਖ ਦਿੱਤੇ ਅਤੇ ਪੂਜਾ ਸ਼ੁਰੂ ਕਰ ਦਿੱਤੀ।

ਥੋੜ੍ਹੀ ਦੇਰ ਵਿੱਚ ਕਮਰੇ ਵਿੱਚ ਧੂੰਆ ਹੋ ਗਿਆ। ਪੂਜਾ ਕਰਨ ਦੇ ਬਾਅਦ ਬਾਬੇ ਨੇ ਸੋਨੇ ਦੇ ਗਹਿਣਿਆਂ ਦੀ ਪੋਟਲੀ ਨੂੰ ਤਿੰਨ ਦਿਨ ਤੱਕ ਖੋਲ੍ਹਣ ਤੋਂ ਮਨ੍ਹਾ ਕੀਤਾ ਅਤੇ ਕਿਹਾ, "ਇਹਨਾਂ ਤਿੰਨ ਦਿਨਾਂ ਵਿੱਚ ਤੇਰੇ ਪਤੀ ਦੇ ਉੱਪਰ ਡੋਰੇ ਪਾਉਣ ਵਾਲੀ ਇਸਤਰੀ ਖ਼ੂਨ ਦੀਆਂ ਉਲਟੀਆਂ ਕਰ ਕੇ ਇਸ ਲੋਕ ਤੋਂ ਦੂਜੇ ਲੋਕ ਵਿੱਚ ਪਹੁੰਚ ਜਾਏਗੀ ਅਤੇ ਤੇਰਾ ਪਤੀ ਤੈਨੂੰ ਦੁਬਾਰਾ ਪਿਆਰ ਕਰਨ ਲੱਗੇਗਾ।"

ਜਦ ਤਿੰਨ ਦਿਨ ਬਾਅਦ ਰਜਨੀ ਨੇ ਪੋਟਲੀ ਖੋਲ੍ਹੀ, ਤਾਂ ਆਪਣਾ ਸਿਰ ਪਿਟਣ ਲੱਗੀ। ਉਸ ਪੋਟਲੀ ਵਿੱਚ ਗਹਿਣਿਆਂ ਦੀ ਥਾਂ ਕੰਕਰ ਪੱਥਰ ਰੱਖੇ ਹੋਏ ਸਨ।

ਦਸ਼ਰਥ ਨੂੰ ਇੱਕ ਦਿਨ ਰਸਤੇ ਵਿੱਚ ਇੱਕ ਤਾਂਤਰਿਕ ਮਿਲਿਆ। ਉਸ ਨੇ ਤਾਂਤਰਿਕ ਨੂੰ ਪੈਸਿਆਂ ਦੀ ਕਮੀ ਹੋਣ ਦੀ ਸਮੱਸਿਆ ਦੱਸੀ। ਤਾਂਤਰਿਕ ਨੇ ਉਸਨੂੰ ਭਰੋਸਾ ਦਿਵਾਉਂਦੇ ਹੋਏ ਕਿਹਾ, "ਮੈਨੂੰ ਰੁਪਏ ਨੂੰ ਦੋਗੁਣਾ ਕਰਨ ਦਾ ਗੁਰ ਆਉਂਦਾ ਹੈ।" ਦਸ਼ਰਥ ਨੇ ਸੋਚਿਆ, 'ਇਹ ਤਾਂ ਬਹੁਤ ਵਧੀਆ ਗੱਲ ਹੈ। ਮੇਰੇ ਪਾਸ ਜਿੰਨੇ ਵੀ ਰੁਪਏ ਅਤੇ ਗਹਿਣੇ ਹਨ, ਉਨ੍ਹਾਂ ਨੂੰ ਮੈਂ ਡਬਲ ਕਰਵਾ ਸਕਦਾ ਹਾਂ।' ਦਸਰਥ ਉਸ ਤਾਂਤਰਿਕ ਨੂੰ ਆਪਣੇ ਘਰ ਲੈ ਗਿਆ। ਉਸ ਨੇ ਘਰ ਵਿੱਚ ਰੱਖੇ ਸੋਨੇ ਚਾਂਦੀ ਦੇ ਗਹਿਣੇ ਅਤੇ ਪੰਜਾਹ ਹਜ਼ਾਰ ਰੁਪਏ ਤਾਂਤਰਿਕ ਦੇ ਸਾਹਮਣੇ ਲਿਆ ਕੇ ਰੱਖ ਦਿੱਤੇ। ਪੂਜਾ ਕਰਨ ਦੇ ਬਾਅਦ ਤਾਂਤਰਿਕ ਨੇ ਸਾਰੇ ਗਹਿਣੇ ਅਤੇ ਰੁਪਏ ਨੂੰ ਇੱਕ ਲਾਲ ਰੰਗ ਦੇ ਕੱਪੜੇ ਵਿੱਚ ਬੰਨ੍ਹ ਕੇ ਦੇ ਦਿਤਾ ਅਤੇ ਕਿਹਾ, "ਇਸ ਪੋਟਲੀ ਨੂੰ ਇੱਕ ਹਫ਼ਤੇ ਬਾਅਦ ਖੋਲ੍ਹਣਾ। ਤੱਦ ਤੱਕ ਇਸ ਵਿੱਚ ਰੱਖੀਆਂ ਚੀਜ਼ਾਂ ਡਬਲ ਹੋ ਜਾਣਗੀਆਂ। ਧਿਆਨ ਰੱਖਣਾ ਕਿ ਪੋਟਲੀ ਵਿੱਚ ਵਿਚਾਲੇ ਨਹੀਂ ਖੋਲ੍ਹਣੀ, ਵਰਨਾ ਸੱਭ ਮਿੱਟੀ ਹੋ ਜਾਵੇਗੀ।"

ਦਸ਼ਰਥ ਖ਼ੁਸ਼ੀ ਖ਼ੁਸ਼ੀ ਇੱਕ ਸਪਤਾਹ ਦੇ ਬੀਤਣ ਦੀ ਉਡੀਕ ਕਰਨ ਲੱਗਾ। ਇੱਕ ਹਫ਼ਤੇ ਦੇ ਬਾਅਦ ਜਦ ਉਸ ਨੇ ਪੋਟਲੀ ਖੋਲ੍ਹੀ ਤਾਂ ਉਸ ਵਿੱਚ ਗਹਿਣਿਆਂ ਅਤੇ ਰੁਪਿਆਂ ਦੀ ਬਜਾਏ ਸੁੱਕੇ ਫ਼ਲ ਪੱਤੇ ਰੱਖੇ ਹੋਏ ਸਨ।

ਕੁਮਕੁਮ ਬਾਜ਼ਾਰ ਤੋਂ ਵਾਪਸ ਆ ਰਹੀ ਸੀ। ਉਸਨੂੰ ਰਸਤੇ ਵਿੱਚ ਦੋ ਬਾਬੇ ਮਿਲੇ। ਉਹਨਾਂ ਵਿੱਚ ਇਕ ਨੇ ਕੁਮਕੁਮ ਨੂੰ ਕਿਹਾ, "ਤੇਰੇ ਬਹੁਤ ਬੁਰੇ ਦਿਨ ਆਉਣ ਵਾਲੇ ਹਨ। ਤੇਰੇ ਪਤੀ ਅਤੇ ਸਭ ਤੋਂ ਵੱਡੇ ਬੱਚੇ ਦੀ ਜਾਨ ਖ਼ਤਰੇ ਵਿੱਚ ਹੈ। ਪਤੀ ਦੀ ਇੱਕ ਦੁਰਘਟਨਾ ਵਿੱਚ ਜਾਨ ਜਾ ਸਕਦੀ ਹੈ ਅਤੇ ਬੱਚੇ ਦੀ ਖ਼ਤਰਨਾਕ ਬਿਮਾਰੀ ਨਾਲ ਮੌਤ ਹੋ ਸਕਦੀ ਹੈ।" ਇਹ ਸੁਣ ਕੇ ਕੁਮਕੁਮ ਰੋਣ ਲੱਗੀ।

ਬਾਬੇ ਨੇ ਉਸਨੂੰ ਚੁੱਪ ਕਰਾਂਦੇ ਹੋਏ ਕਿਹਾ, "ਪੁੱਤਰੀ ਸਾਡੇ ਪਾਸ ਇਸ ਸਮੱਸਿਆ ਦਾ ਉਪਾਅ ਹੈ। ਇਸ ਦੇ ਲਈ ਇੱਕ ਛੋਟੀ ਜਿਹੀ ਪੂਜਾ ਕਰਨੀ ਹੋਵੇਗੀ। ਇਸ ਨਾਲ ਇਹ ਸਮੱਸਿਆ ਦੂਰ ਹੋ ਜਾਵੇਗੀ।"

ਉਹ ਪੂਜਾ ਕਰਾਉਣ ਦੇ ਲਈ ਬਾਬਿਆਂ ਨੂੰ ਘਰ ਲੈ ਗਈ। ਉਹਨਾਂ ਬਾਬਿਆਂ ਨੇ ਘਰ ਵਿੱਚ ਵੜਦੇ ਸਾਰ ਕੁਮਕੁਮ ਨੂੰ ਕੁੱਝ ਸੁੰਘਾ ਦਿੱਤਾ, ਜਿਸ ਨਾਲ ਉਹ ਬੇਹੋਸ਼ ਹੋ ਗਈ, ਇਸ ਦੇ ਬਾਅਦ ਬਾਬਿਆਂ ਨੇ ਘਰ ਵਿੱਚ ਰੱਖੇ ਸਾਰੇ ਗਹਿਣੇ ਅਤੇ ਨਕਦੀ ਲੁੱਟ ਲਈ ਅਤੇ ਉਥੋਂ ਫਰਾਰ ਹੋ ਗਏ।

ਤਾਂਤਰਿਕ ਦੇ ਚੋਲੇ ਵਿੱਚ ਘੁੰਮਣ ਵਾਲੇ ਲੁਟੇਰੇ ਦੇਸ਼ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿੱਚ ਮਿਲ ਜਾਣਗੇ। ਇਹ ਭੋਲੇ ਭਾਲੇ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਉਹਨਾਂ ਨੂੰ ਠੱਗ ਲੈਂਦੇ ਹਨ।

ਅੰਧਵਿਸ਼ਵਾਸ ਨਿਵਾਰਣ ਸਮਿਤੀ ਦੇ ਮੈਂਬਰ ਡਾਕਟਰ ਗੌਰੰਗ ਵਿਸ਼ਵਾਸ ਦਾ ਕਹਿਣਾ ਹੈ, "ਤਾਂਤਰਿਕਾਂ ਦੇ ਕੋਲ ਅਜਿਹੀ ਕੋਈ ਤਾਕਤ ਨਹੀਂ ਹੁੰਦੀ, ਜਿਸ ਦੇ ਨਾਲ ਉਹ ਕਿਸੇ ਦਾ ਭਲਾ ਜਾਂ ਬੁਰਾ ਕਰ ਸਕਣ। ਹਾਂ, ਉਹਨਾਂ ਦੇ ਪਾਸ ਮਿਠੀਆਂ ਗੱਲਾਂ ਦੁਆਰਾ ਮੂਰਖ ਬਣਾਉਣ ਦੀ ਸਕਤੀ ਜ਼ਰੂਰ ਹੁੰਦੀ ਹੈ, ਜਿਸ ਦੇ ਝਾਂਸੇ ਵਿੱਚ ਆਕੇ ਲੋਕ ਠੱਗੀ ਦਾ ਸ਼ਿਕਾਰ ਹੋ ਜਾਂਦੇ ਹਨ।"

# ਬੀਮਾਰ ਸਮਾਜ

ਤਰਕਸ਼ੀਲ ਸੁਸਾਇਟੀ ਭਾਰਤ ਵਿੱਚ ਕੰਮ ਕਰਦਿਆਂ ਅੱਜ ਮੈਨੂੰ 17 ਸਾਲ ਹੋ ਗਏ। ਇਹਨਾਂ 17 ਸਾਲਾਂ ਵਿੱਚ ਮੈਂ 30 ਕੁ ਨਾਟਕ, ਮੇਲੇ, 500 ਵਹਿਮਾਂ ਭਰਮਾਂ ਤੇ ਤਕਰੀਬਾਂ 500 ਹੀ ਕੇਸ ਹੱਲ ਕਰ ਚੁੱਕਾ ਹਾਂ ਮੇਘ ਰਾਜ ਰੱਲਾ ਜੀ ਨਾਲ, ਜਦ ਮੈਂ ਪਰਿਵਾਰਕ ਸਾਂਝ ਵਾਂਗ ਗੱਲਾਂ ਬਾਤਾਂ ਕੀਤੀਆਂ ਤਾਂ ਨਵੀਂ ਸੋਚ ਪੈਦਾ ਹੋਈ ਜਿਸ ਨਾਲ ਗੱਲ ਬਾਤ ਕਰਨ ਵਿੱਚ ਸੋਚ ਮਹਿਸੂਸ ਹੋਣ ਲੱਗੀ ਨਹੀਂ ਤਾਂ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਹੀ ਬਹਿਸ ਕਰਨ ਲੱਗ ਜਾਂਦੇ ਸਾਂ। ਜਦੋਂ ਅਸੀਂ ਕੋਈ ਕੇਸ ਨੂੰ ਹੱਲ ਕਰ ਲੈਂਦੇ ਹਾਂ। ਤਾਂ ਬਹੁਤ ਖੁਸ਼ ਹੁੰਦੇ ਹਾਂ, ਅਖ਼ਬਾਰਾਂ ਵਿੱਚ ਖਬਰਾਂ ਲਵਾਉਂਦੇ ਹਾਂ। ਪਰ ਕੁੱਝ ਐਸੇ ਕੇਸ ਜੋ ਸਾਡੇ ਤੋਂ ਹੱਲ ਨਹੀਂ ਹੋਏ ਉਹਨਾਂ ਬਾਰੇ ਅਸੀਂ ਚੁੱਪ ਕਰ ਜਾਂਦੇ ਹਾਂ ਕਿਤੇ ਵੀ ਜਿਕਰ ਨਹੀਂ ਕਰਦੇ ਮੇਰੇ ਮਨ ਵਿੱਚ ਆਇਆ ਕਿ ਉਹ ਕੇਸ ਜੋ ਮੇਰੇ ਤੋਂ ਜਾਂ ਮੇਰੇ ਸਾਥੀਆਂ ਤੋਂ ਹੱਲ ਨਹੀਂ ਹੋਏ ਉਹਨਾਂ ਬਾਰੇ ਦੁਬਾਰਾ ਪੜ-ਤਾਲ ਕੀਤੀ ਜਾਵੇ ਤਾਂ ਕਿ ਸਾਡੇ ਵਿੱਚ ਕੀ ਘਾਟ ਸੀ ਕਿ ਇਹ ਕੇਸ ਹੱਲ ਨਾ ਹੋ ਸਕੇ। ਮੈਂ ਉਹਨਾਂ ਕੇਸਾਂ ਦੀ ਪੜ੍ਹਤਾਲ ਕਰਨ ਲਈ ਉਹਨਾਂ ਦੇ ਘਰ ਪੁੱਜਾ ਜਿਹਨਾਂ ਵਿੱਚ ਬਹੁਤ ਸਾਰੇ ਕੇਸਾਂ ਦੀ ਦੁਬਾਰਾ ਜਾਣਕਾਰੀ ਹਾਸਲ ਕੀਤੀ ਉਹਨਾਂ ਦੱਸਿਆ ਕਿ ਜਦ ਅਸੀਂ ਡਾਕਟਰ ਸਾਹਿਬ ਤੋਂ ਦਵਾਈ ਲੈਂਦੇ ਸਾਂ ਤਾਂ ਅਸੀਂ ਠੀਕ ਰਹਿੰਦੇ ਸੀ ਪਰ ਜਿਉਂ ਹੀ ਦਵਾਈ ਛੱਡ ਦਿੰਦੇ ਹਾਂ ਫਿਰ ਉਸੇ ਤਰ੍ਹਾਂ ਹੀ ਹੋ ਜਾਂਦੇ ਹਾਂ। ਪਰ ਮੈਂ ਉਹਨਾਂ ਨੂੰ ਕਿਹਾ ਕਿ ਤੁਸੀਂ ਦਵਾਈ ਛੱਡਦੇ ਹੀ ਕਿਉਂ ਹੋ ਤਾਂ ਉਹਨਾਂ ਨੇ ਕਿਹਾ ਸਾਨੂੰ ਲੋਕ ਕਹਿੰਦੇ ਹਨ ਤੁਸੀਂ ਦਵਾਈ ਤੇ ਲੱਗ ਜਾਵੋਗੇ। ਫਿਰ ਇਹ ਦਵਾਈ ਤੁਹਾਡੇ ਮਗਰੋ ਨਹੀਂ ਲੈਣੀ ਫਿਰ ਇਹ ਦਵਾਈ ਛੱਡਣ ਲਈ ਤੁਹਾਨੂੰ ਹੋਰ ਦਵਾਈ ਲੈਣੀ ਪਵੇਗੀ। ਮੈਂ ਕਿਹਾ ਕਿ ਇਹ ਗੱਲ ਤੁਹਾਨੂੰ ਕਿਸ ਨੇ ਦੱਸੀ ਤਾਂ ਉਹਨਾਂ ਕਿਹਾ ਕਿ ਸਾਡੇ ਆਂਢ-ਗਵਾਂਢ ਜੋ ਵੀ ਸਾਡਾ ਪਤਾ ਲੈਣ ਆਉਂਦਾ ਸੀ ਤਾਂ ਉਹਨਾਂ ਸਾਰਿਆਂ ਨੇ ਸਾਨੂੰ ਇਹ ਗੱਲ ਕਹੀ ਤਾਂ ਮੈਨੂੰ ਸਮਝ ਲੱਗੀ ਸਾਡਾ ਆਂਢ-ਗਵਾਂਢ ਜੋ ਵੀ ਇਸ ਸਮਾਜ ਵਿੱਚ ਰਹਿੰਦਾ ਹੈ ਇਹ ਹੀ ਰੋਗੀ ਹੈ। ਉਹ ਮਰੀਜ਼ਾ ਨੂੰ ਠੀਕ ਨਹੀਂ ਹੋਣ ਦਿੰਦੇ ਕਿਉਂਕਿ ਇਹ ਖੁਦ ਬਿਮਾਰ ਹਨ। ਇਹਨਾਂ ਦੀ ਬਿਮਾਰੀ ਅਜੇ ਲੁਕੀ ਹੈ ਸਾਹਮਣੇ ਨਹੀਂ ਆਈ ਫਿਰ ਮੈਂ ਉਹਨਾਂ ਨੂੰ ਸਮਝਾਇਆ ਕਿ ਜਦ ਤੁਸੀਂ ਠੀਕ ਹੋ ਜਾਵੋਗੇ (ਖਾਸ ਕਰਕੇ ਮਾਨਸਿਕ ਰੋਗੀਆਂ ਨੂੰ ਜੋ ਆਪਣੇ ਆਪ ਨੂੰ ਰੋਗੀ ਨਹੀਂ ਮੰਨਦੇ) ਤਾਂ ਫਿਰ ਡਾ : ਸਾਹਿਬ ਤੁਹਾਡੀ ਦਵਾਈ ਹੌਲੀ ਹੌਲੀ ਘਟਾਉਣਗੇ। ਇਸ ਤਰ੍ਹਾਂ ਘਟਦੀ-ਘਟਦੀ ਦਵਾਈ ਬੰਦ ਹੋਵੇਗੀ। ਇੱਕ ਦਮ ਬੰਦ ਨਹੀਂ ਸੀ ਕਰਨੀ ਤੁਸੀਂ ਦਵਾਈ ਸ਼ੁਰੂ ਕਰੋ ਉਹਨਾਂ ਦੀ ਦਵਾਈ ਸ਼ੁਰੂ ਕਰਵਾਕੇ ਮੈਂ ਡਾ: ਸਾਹਿਬ ਨਾਲ ਗੱਲ ਕੀਤੀ ਕਿ ਤੁਸੀਂ ਮਰੀਜ਼ਾਂ ਨੂੰ ਇਹ ਗੱਲ ਪਹਿਲੇ ਦਿਨ ਤੋਂ ਹੀ ਸਮਝਾ ਦਿਆ ਕਰੋ ਪਰ ਡਾ : ਸਾਹਿਬ ਬੋਲੇ ਕਿ ਸਾਡੇ ਕੋਲੇ ਇਨ੍ਹਾਂ ਟਾਈਮ ਨਹੀਂ ਹੁੰਦਾ ਮਰੀਜ਼ ਬਹੁਤ ਜ਼ਿਆਦਾ ਹੁੰਦੇ ਹਨ। ਫਿਰ ਮੈਂ ਇਹਨਾਂ ਨੂੰ ਸਮਝਾਉਣ ਦਾ ਜ਼ੁੰਮਾ ਮੈਂ ਆਪਣੇ ਸਿਰ ਲਿਆ ਮਰੀਜ਼ ਠੀਕ ਕਰਾਏ ਪਰ ਇਸ ਸਾਰੇ ਸਮਾਜ ਨੂੰ ਕੌਣ ਸਮਝਾਏ ਜੋ ਹਮੇਸ਼ਾ ਹੀ ਗਲਤ ਸਲਾਹ ਦਿੰਦੇ ਹਨ। ਜਦ ਕੋਈ ਬਿਮਾਰ ਜਾਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੁੰਦਾ ਹੈ ਜਿਸ ਨੂੰ ਜ਼ਿਆਦਾ ਰੇਸਟ ਦੀ ਲੋੜ ਹੁੰਦੀ ਹੈ ਇਹ ਸਮਾਜ ਵਾਲੇ ਡੇਰਿਆਂ ਤੇ ਜਾਣ ਦੀ ਸਲਾਹ ਦਿੰਦੇ ਹਨ ਜਿੱਥੇ ਢੋਲਕੀਆਂ ਖੜਕਦੀਆਂ ਤੇ ਮਰੀਜ਼ ਨੂੰ ਹੋਰ ਜ਼ਿਆਦਾ ਅਪਸੈਟ ਕਰਦੀਆਂ ਹਨ ਜਦ ਕੋਈ ਆਰਥਿਕ ਪੱਖੋਂ ਕਮਜ਼ੋਰ ਹੋ ਜਾਂਦਾ ਹੈ ਉਸ ਨੂੰ ਜਗਰਾਤਾ ਜਾਂ ਪਾਠ, ਕਰਵਾਉਣ ਜਾਂ ਪੁੰਨ ਦਾਨ ਕਰਨ ਦੀ ਸਲਾਹ ਦਿੰਦੇ ਹਨ। ਜਾਨੀ ਮੁਸੀਬਤ ਵਿੱਚ ਮੁਸੀਬਤ ਹੋਰ ਵਧਾਉਂਦੇ ਹਨ। ਆਰਥਕ ਪੱਖੋਂ ਕਮਜ਼ੋਰ ਵਿਅਕਤੀ ਦਾ ਹੋਰ ਖਰਚਾ ਕਰਵਾ ਕੇ ਉਸ ਸਿਰ ਕਰਜਾ ਚੜ੍ਹਾਉਣ ਦੀ ਕੋਸ਼ਿਸ਼ ਕਰਦੇ ਹਨ ਇਹ ਮੁਫ਼ਤ ਦੀ ਸਲਾਹ ਕਾਰਨ ਸਾਡੇ ਆਲੇ ਦੁਆਲੇ ਹੀ ਰਹਿੰਦੇ ਬੀਮਾਰ ਸਮਾਜ ਦੇ ਲੋਕਾਂ ਤੋਂ ਸਾਨੂੰ ਸੁਚੇਤ ਰਹਿਣ ਦੀ ਲੋੜ ਹੈ।

ਦੁਨੀਆਂ ਵਿੱਚ ਸਭ ਤੋਂ ਸਸਤੀ ਸਲਾਹ ਹੈ ਜੋ ਇੱਕ ਤੋਂ ਮੰਗੋ ਤਾਂ ਹਜ਼ਾਰਾਂ ਦੇ ਦਿੰਦੇ ਹਨ।

ਦੁਨੀਆ ਵਿੱਚ ਸਭ ਤੋਂ ਮਹਿੰਗਾ ਸਹਿਯੋਗ ਹੈ ਜੋ ਹਜ਼ਾਰਾ ਤੋਂ ਮੰਗੋ ਤਾਂ ਇੱਕ ਤੋਂ ਮਿਲੇਗਾ।

**ਕੇਸ ਰਿਪੋਰਟ:** ਤਰਕਸ਼ੀਲ ਸੁਸਾਇਟੀ ਭਾਰਤ ਇਕਾਈ ਫਰੀਦਕੋਟ ਦੇ ਵਿੱਚ ਕੰਮ ਕਰਦਿਆ ਕੇਸ ਤਾਂ ਬਹੁਤ ਹੱਲ ਕੀਤੇ ਪਰ ਕੁੱਝ ਕੇਸ ਨਵੇਕਲੇ ਕਿਸਮ ਦੇ ਹੋਣ ਕਰਕੇ ਆਪਣੇ ਵਿਗਿਆਨ ਜੋਤ ਮੈਗਜ਼ੀਨ ਦੇ ਪਾਠਕਾਂ ਨਾਲ ਸਾਂਝੇ ਕਰਨ ਨੂੰ ਜੀ ਕਰਦਾ ਹੈ। ਇਸੇ ਤਰ੍ਹਾਂ ਕੋਟਕਪੂਰਾ ਤੋਂ ਮੇਰੇ ਪਾਸ ਇੱਕ ਕੇਸ ਆਇਆ ਕਿ ਇੱਕ ਨੌਜਵਾਨ ਜਿਸਦੀ ਉਮਰ 24-25 ਸਾਲ ਹੈ ਉਹ ਹਮੇਸ਼ਾ ਘਰ ਵਿੱਚ ਕਲੇਸ਼ ਪਾਈ ਰੱਖਦਾ ਹੈ ਉਸ ਨੂੰ ਨਾ ਤਾਂ ਰਾਤ ਨੂੰ ਨੀਂਦ ਆਉਂਦੀ ਹੈ ਨਾ ਦਿਨੇ ਚੈਨ ਆਉਂਦਾ ਹੈ। ਨਾ ਹੀ ਉਹ ਆਪਣੇ ਸਰੀਰ ਦੀ ਸਾਫ ਸਫਾਈ ਕਰਦਾ ਹੈ ਬੱਸ ਪਾਗਲਾਂ ਵਾਂਗ ਬੋਲੀ ਜਾਂਦਾ ਹੈ। ਚੁੱਪ ਨਹੀਂ ਸੀ ਕਰਦਾ ਉਸਦੇ ਬਾਪ ਨੇ ਦੱਸਿਆ ਕਿ ਸਾਨੂੰ ਇਹ ਪਾਗਲ ਹੋ ਗਿਆ ਲੱਗਦਾ ਹੈ ਅਸੀਂ ਇਸਦਾ ਇਲਾਜ਼ ਬਹੁਤ ਸਾਰੇ ਬਾਬਿਆਂ ਤੋਂ ਕਰਵਾ ਚੁੱਕੇ ਹਾਂ ਪਰ ਕੋਈ ਫਰਕ ਨਹੀਂ ਪਿਆ। ਹੁਣ ਸਾਨੂੰ ਤੁਹਾਡੀ ਦੱਸ ਪਈ ਹੈ ਸਾਡਾ ਮਸਲਾ ਹੱਲ ਕਰੋ। ਮੈਂ ਸਭ ਤੋਂ ਪਹਿਲਾਂ ਉਸਦੇ ਬਾਪ ਨੂੰ ਇਕੱਲਿਆਂ ਅੰਦਰ ਬੁਲਾਇਆ ਤੇ ਆਪਣੀ ਗੱਲ ਬਾਤ ਸ਼ੁਰੂ ਕੀਤੀ ਕਿ ਇਹ ਸਮੱਸਿਆ ਇਸ ਨੂੰ ਕਦੋਂ ਕੁ ਦੀ ਹੈ ਉਸ ਨੇ ਕਿਹਾ ਕਿ ਪਹਿਲਾਂ ਅਸੀਂ ਧਿਆਨ ਨਹੀਂ ਦਿੱਤਾ ਹੁਣ ਇਹ ਜ਼ਿਆਦਾ ਹੋ ਗਿਆ ਮੇਰੇ ਭਰਾ ਦੇ ਬੱਚਿਆਂ ਨੇ ਇਸ ਨੂੰ ਕੁੱਟਿਆ ਮੈਂ ਪੁੱਛਿਆ ਕਿ ਕੁੱਟਿਆ ਕਿਉਂ ਤਾਂ ਉਸ ਨੇ ਕਿਹਾ ਕਿ ਇਹ ਜਦ ਵੀ ਕੋਈ ਆਦਮੀ ਮੇਰੇ ਭਰਾ ਦੇ ਘਰ ਆਉਂਦਾ ਹੈ ਤਾਂ ਇਹ ਉਸ ਤੇ ਸ਼ੱਕ ਕਰਦਾ ਹੈ ਇਹ ਕਹਿੰਦਾ ਹੈ ਇਹ ਕੀ ਲੈਣ ਆਇਆ ਸੀ ਇਹ ਪਹਿਲਾਂ ਤਾਂ ਕਦੇ ਇਹਨਾਂ ਦੇ ਘਰ ਨਹੀਂ ਆਇਆ ਹੁਣ ਕਿਉਂ ਆਇਆ ਹੈ। ਮੈਂ ਉਸਨੂੰ ਪੁੱਛਿਆ ਕਿ ਤੁਹਾਡਾ ਭਰਾ ਕੀ ਕੰਮ ਕਰਦਾ ਹੈ ਤਾਂ ਉਸਨੇ ਕਿਹਾ ਕਿ ਉਹ ਫੌਜ ਵਿੱਚੋਂ ਰਿਟਾਇਰ ਹੈ ਘਰ ਹੀ ਰਹਿੰਦਾ ਹੈ ਮੇਰਾ ਭਰਾ ਤੇ ਉਸ ਦੇ ਬੱਚੇ ਇਸ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਤੋਂ ਕਾਫੀ ਨਰਾਜ ਹਨ ਕਿ ਇਹ ਹਮੇਸ਼ਾ ਸਾਡੇ ਬਾਰ ਦੇ ਮੂਹਰੇ ਬੈਠਾ ਰਹਿੰਦਾ ਹੈ ਹਰ ਇੱਕ ਘਰ ਆਉਣ ਦਾ ਕਾਰਨ ਪੁੱਛਦਾ ਹੈ ਫਿਰ ਉਸ ਨਾਲ ਲੜਾਈ ਝਗੜਾ ਕਰਦਾ ਹੈ। ਕਈ ਵਾਰ ਨੌਬਿਤ ਮਾਰ ਕੁਟਾਈ ਤੇ ਵੀ ਆ ਜਾਂਦੀ ਹੈ। ਇਸ ਦੇ ਲੜਾਈ ਝਗੜੇ ਕਾਰਨ ਮੈਂ ਤੇ ਮੇਰਾ ਪ੍ਰੀਵਾਰ, ਮੇਰਾ ਭਰਾ ਤੇ ਉਸਦਾ ਪ੍ਰੀਵਾਰ ਸਾਡੇ ਆਂਢ-ਗੁਆਂਢ ਕਾਫੀ ਪ੍ਰੇਸ਼ਾਨ ਹਨ। ਜੇ ਤੁਸੀਂ ਇਸ ਨੂੰ ਸਮਝਾ ਸਕੋ ਫਿਰ ਮੈਂ ਉਸ ਮੁੰਡੇ ਨਾਲ ਗੱਲ ਕੀਤੀ ਕਿ ਤੈਨੂੰ ਕੀ ਤਕਲੀਫ ਹੈ ਤਾਂ ਉਸ ਨੇ ਦੱਸਿਆ ਕਿ ਮੇਰੇ ਚਾਚੇ ਦੇ ਘਰ ਜੋ ਵੀ ਆਦਮੀ ਆਉਂਦਾ ਹੈ ਉਹ ਮੇਰੀ ਚਾਚੀ ਕਰਕੇ ਆਉਂਦਾ ਹੈ ਉਸ ਨੂੰ ਦੇਖਣ ਲਈ ਆਉਂਦਾ ਹੈ ਮੈਂ ਇਹਨਾਂ ਦਾ ਖਿਆਲ ਰੱਖਦਾ ਹਾਂ ਮੈਂ ਪੁੱਛਿਆ ਤੇਰੇ ਚਾਚਾ ਤੇ ਤੇਰੇ ਚਾਚੇ ਦੇ ਮੁੰਡੇ ਵੀ ਤਾਂ ਤੇਰੀ ਚਾਚੀ ਦਾ ਖਿਆਲ ਰੱਖ ਸਕਦੇ ਹਨ। ਤੂੰ ਕਿਉਂ ਉਹਨਾਂ ਦੇ ਬਾਰ ਮੂਹਰੇ ਬੈਠਾ ਰਹਿੰਦਾ ਹੈ। ਉਹ ਕਹਿੰਦਾ ਮੇਰਾ ਚਾਚਾ ਤਾਂ ਸਰੀਫ ਆਦਮੀ ਹੈ ਉਹਨਾਂ ਨੂੰ ਕੁੱਝ ਨਹੀਂ ਪਤਾ ਸਗੋਂ ਉਹ ਮੇਰੇ ਨਾਲ ਝਗੜਨ ਲੱਗਦੇ ਹਨ ਫਿਰ ਕਾਫੀ ਸਾਰੇ ਸਵਾਲ ਮੈਂ ਪੁੱਛੇ ਉਹ ਦੱਸਦਾ ਗਿਆ ਕਈ ਸਵਾਲਾ ਦਾ ਜਵਾਬ ਦੇਣ ਤੋਂ ਲੱਗਿਆ ਉਹ ਝਿਜਕ ਮਹਿਸੂਸ ਕਰਦਾ ਹੈ ਜਿਸ ਕਰਕੇ ਮੈਨੂੰ ਇਹ ਸ਼ੱਕ ਸੀ ਕਿ ਇਹ ਸਹੀ ਗੱਲ ਨਹੀਂ ਦੱਸ ਰਿਹਾ ਜਦ ਮੈਂ ਸੱਚ ਦੱਸਣ ਲਈ ਜ਼ਿਆਦਾ ਦਬਾਅ ਪਾਇਆ ਤਾਂ ਉਹ ਕਹਿੰਦਾ ਕਿ ਤੁਸੀਂ ਕਿਸੇ ਕੋਲ ਗੱਲ ਨਹੀਂ ਕਰਨੀ ਦਰਅਸਲ ਗੱਲ ਇਹ ਹੈ ਕਿ ਮੇਰੇ ਤੇ ਚਾਚੀ ਦੇ ਵਿਚਕਾਰ ਸੰਬੰਧ ਰਹੇ ਨੇ ਹੁਣ ਚਾਚਾ ਫੌਜ ਵਿਚੋਂ ਘਰ ਆ ਗਿਆ ਹੈ ਹੁਣ ਚਾਚੀ ਮੇਰੇ ਨਾਲ ਗੱਲ ਨਹੀਂ ਕਰਦੀ ਮੈਨੂੰ ਲੱਗਦਾ ਹੈ ਕਿ ਚਾਚੀ ਨੇ ਕਿਸੇ ਹੋਰ ਆਦਮੀ ਨਾਲ ਸੰਬੰਧ ਬਣਾ ਲਏ ਨੇ ਮੈਂ ਉਸ ਆਦਮੀ ਦੀ ਭਾਲ ਵਿੱਚ ਹਾਂ ਕਿ ਉਹ ਆਦਮੀ ਕਿਹੜਾ ਹੈ ਇਸ ਲਈ ਜਿਹੜਾ ਵਾਰ ਵਾਰ ਆਉਂਦਾ ਹੈ ਮੈਨੂੰ ਸ਼ੱਕ ਹੁੰਦਾ ਹੈ ਕਿ ਇਹੀ ਆਦਮੀ ਹੈ ਮੈਂ ਉਸ ਨੂੰ ਸਮਝਾਇਆ ਕਿ ਤੇਰੀ ਇਹ ਕੋਈ ਡਿਊਟੀ ਨਹੀਂ ਕਿ ਇਹਨਾਂ ਦੇ ਘਰ ਦਾ ਖਿਆਲ ਰੱਖੇ ਇਹ ਜ਼ੁੰਮੇਵਾਰੀ ਮੈਂ ਤੇਰੇ ਚਾਚੇ ਦੀ ਤੇ ਉਸ ਦੇ ਮੁੰਡਿਆ ਦੀ ਲਗਾ ਦੇਵਾਂਗਾ ਉਹ ਆਪੇ ਲੱਭ ਲੈਣਗੇ ਕੀ ਗੱਲ ਹੈ ਤੂੰ ਆਪਣੇ ਘਰ ਦਾ ਖਿਆਲ ਰੱਖ ਤੇਰੇ ਘਰ ਦੇ ਤੇਰੇ ਵਤੀਰੇ ਤੋਂ ਕਾਫੀ ਪ੍ਰੇਸ਼ਾਨ ਹਨ ਮੇਰੇ ਹੋਰ ਸਮਝਾਉਣ ਤੇ ਉਹ ਸਮਝ ਗਿਆ ਮੈਂ ਕਿਹਾ ਕਿ ਤੂੰ ਰੋਜ਼ਾਨਾ ਨਹਾਉਣਾ ਹੈ ਸਾਫ ਸੁਥਰਾ ਰਹਿਣਾ ਹੈ। ਹੁਣ ਇਸ ਗੱਲ ਨੂੰ ਪੰਜ ਸਾਲ ਹੋ ਗਏ ਹਨ। ਹੁਣ ਉਹ ਨੌਜਵਾਨ ਨੌ ਬਰ ਨੌਰ ਹੈ ਬਿਲਕੁਲ ਠੀਕ ਹੈ। ਉਸ ਦਾ ਪ੍ਰੀਵਾਰ ਅੱਜ ਵੀ ਤਰਕਸ਼ੀਲ ਸੁਸਾਇਟੀ ਭਾਰਤ ਇਕਾਈ ਫਰੀਦਕੋਟ ਦੀ ਪ੍ਰਸ਼ੰਸਾ ਕਰਦਾ ਨਹੀਂ ਥੱਕਦਾ ਤਰਕਸ਼ੀਲ ਸੋਚ ਨੇ ਬਹੁਤ ਘਰ ਬਚਾਏ ਹਨ ਜੋ ਵਹਿਮਾ ਭਰਮਾ ਵਿੱਚ ਪੈ ਕੇ ਆਪਣੇ ਖੂਨ ਪਸੀਨੇ ਦੀ ਕਮਾਈ ਲੁਟਾ ਚੁੱਕੇ ਸੀ।

**-ਲਖਵਿੰਦਰ ਹਾਲੀ,** ਤਰਕਸ਼ੀਲ ਸੁਸਾਇਟੀ ਭਾਰਤ (ਰਜਿ :), ਇਕਾਈ ਫਰੀਦਕੋਟ, ਮੋਬਾ : 98761-63421

# ਰੋਬੋਟ ਬਦਲਣ ਗਏ ਭਵਿੱਖ ਦੀ ਦੁਨੀਆਂ...

ਕੀ ਤੁਸੀ ਇਸ ਗੱਲ ਦੀ ਕਲਪਨਾ ਕਰ ਸਕਦੇ ਹੋ ਕਿ ਦਫ਼ਤਰ ਵਿੱਚ ਤੁਹਾਡੇ ਨਾਲ ਬੈਠਕੇ ਕੰਮ ਕਰਨ ਵਾਲਾ ਕੋਈ ਇਨਸਾਨ ਨਹੀਂ ਰੋਬੋਟ ਹੈ ? ਰੋਬੋਟਸ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ, ਭਵਿੱਖ ਵਿੱਚ ਰੋਬੋਟਸ ਸਾਡੀ ਜ਼ਿੰਦਗੀ ਨੂੰ ਕਿੰਝ ਬਦਲਣ ਵਿੱਚ ਸਹਾਈ ਹੋਵੇਗਾ ਇਸ



ਦੀ ਚਰਚਾ ਅਸੀਂ 'ਵਿਗਿਆਨ ਜੋਤ' ਦੇ ਇਸ ਵਿਸ਼ੇਸ਼ ਲੇਖ ਵਿੱਚ ਕਰਾਂਗੇ.......

ਅਪਰੇਸ਼ਨ ਥਿਏਟਰ ਵਿੱਚ ਤਾਂ ਕੁੱਝ ਸਮੇਂ ਤੋਂ ਰੋਬੋਟਸ ਦਾ ਇਸਤੇਮਾਲ ਹੋ ਹੀ ਰਿਹਾ ਹੈ, ਹੁਣ ਡਰਾਮਾ ਵਾਲੇ ਥਿਏਟਰ ਵਿੱਚ ਵੀ ਇਹ ਰੋਬੋਟ ਆਪਣੀ ਜਗ੍ਹਾ ਬਣਾਉਣ ਲੱਗੇ ਹਨ। ਜੇਕਰ ਸਭ ਠੀਕ ਰਿਹਾ ਤਾਂ ਛੇਤੀ ਹੀ ਦਰਸ਼ਕਾਂ ਨੂੰ ਰੋਬੋਟ ਦਾ ਨਾਚ ਸ਼ੋਅ ਵੀ ਦੇਖਣ ਨੂੰ ਮਿਲੇਗਾ। ਤਿਆਰੀਆਂ ਜੋਰਾਂ ਨਾਲ ਚੱਲ ਰਹੀਆਂ ਹਨ।

ਇਸ ਤਰ੍ਹਾਂ ਦੀਆਂ ਤਕਨੀਕਾਂ ਵੱਖਰਾ ਸੋਚਣ ਵਾਲੇ ਦਿਮਾਗਾਂ ਦੀ ਹੀ ਉਪਜ ਹੁੰਦੀਆਂ ਹਨ। ਯੂਨੀਵਰਸਿਟੀ ਵਿੱਚ ਰੋਬੋਟ ਜਾਂ ਦੂਜੀਆਂ ਤਕਨੀਕਾਂ ਦੇ ਬਾਰੇ ਵਿੱਚ ਤਾਂ ਬਹੁਤ ਕੁੱਝ



ਦੱਸਿਆ ਜਾਂਦਾ ਹੈ, ਪਰ ਵਿਦਿਆਰਥੀਆਂ ਲਈ ਉਨ੍ਹਾਂ ਸਭ ਨੂੰ ਟੈਸਟ ਕਰਨ ਦੀ ਇੱਕ ਸੀਮਾ ਹੁੰਦੀ ਹੈ। ਉਹ ਪ੍ਰਯੋਗ ਕਰ ਸਕਦੇ ਹਨ ਪਰ ਜ਼ਰੂਰੀ ਨਹੀਂ ਕਿ ਉਨ੍ਹਾਂ ਨੂੰ ਉੱਥੇ ਹਰ ਉਹ ਚੀਜ਼ ਕਰਨ ਦਾ ਮੌਕਾ ਮਿਲੇ ਜੋ ਉਹ ਚਾਹੁੰਦੇ ਹੋਣ। ਇਸ ਲਈ ਸ਼ੌਕਿਆ ਪ੍ਰਯੋਗ ਕਰਨ ਵਾਲੇ ਕੁੱਝ ਲੋਕਾਂ ਨੇ ਆਪਦੀ ਖੁਦ ਦੀ ਹੀ ਲੈਬ ਬਣਾ ਲਈ ਹੈ।

**ਭਾਵਨਾਵਾਂ ਵਾਲੇ ਰੋਬੋਟਾਂ ਦੀ ਦੁਨੀਆਂ:** ਇਨਸਾਨ ਮਸ਼ੀਨਾਂ ਦੇ ਨਾਲ ਘੁੰਮ ਰਹੇ ਹਨ ਅਤੇ ਮਸ਼ੀਨਾਂ ਇਨਸਾਨਾਂ ਵਰਗੀਆਂ ਹੁੰਦੀਆਂ ਜਾ ਰਹੀਆਂ ਹਨ। ਬਾਜ਼ਾਰ ਵਿੱਚ ਆਏ ਗੂਗਲ ਗਲਾਸੇਜ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਕਦੇ ਕੰਪਿਊਟਰ ਸਾਡੀ ਪੂਰੀ ਮੇਜ਼ ਦੇ ਸਾਇਜ ਦੇ ਹੁੰਦੇ ਸਨ ਅਤੇ ਹੁਣ ਤਕਨੀਕ ਇੱਥੇ ਤੱਕ ਪਹੁੰਚ ਗਈ ਹੈ ਕਿ ਤੁਸੀਂ ਕੰਪਿਊਟਰ ਨੂੰ ਆਪਣੇ ਚਸ਼ਮੇ ਵਿੱਚ ਲੈ ਕੇ ਘੁੰਮ ਸਕਦੇ ਹੋ। ਮਸ਼ੀਨਾਂ ਏਨੀਆਂ ਸਟੀਕ (ਸਖ਼ਤ) ਹੋ ਗਈਆਂ ਹਨ ਕਿ ਸਾਡੀ ਕਹੀ ਹੋਈ ਗੱਲ ਸੁਣ ਅਤੇ ਸਮਝ ਕੇ ਕਿਸੇ ਕੰਮ ਨੂੰ ਅੰਜ਼ਾਮ ਦੇ ਸਕਦੀਆਂ ਹਨ।

**ਇਨਸਾਨ ਬਣਾਏ ਰੋਬੋਟ:** ਹਾਲੀਵੁਡ ਵਿੱਚ ਅਜਿਹੀਆਂ ਕਈ ਫਿਲਮਾਂ ਬਣੀਆਂ ਹਨ ਜਿਨ੍ਹਾਂ ਵਿੱਚ ਰੋਬੋਟ ਇਨਸਾਨਾਂ ਦੀ ਤਰ੍ਹਾਂ ਸਭ ਕੰਮ ਕਰ ਸਕਦੇ ਹਨ। ਕਿਸੇ ਦੂਜੇ ਗ੍ਰਹਿ ਉੱਤੇ ਜਾਕੇ ਰਹਿ ਵੀ ਸਕਦੇ ਹਨ ਪਰ ਇਹ ਸਿਰਫ ਕਲਪਨਾ ਨਹੀਂ ਹੈ। ਨਾਸਾ ਸਹੀ ਵਿੱਚ ਇਸ ਤਰ੍ਹਾਂ ਦੇ ਰੋਬੋਟ ਬਣਾਉਣ ਵਿੱਚ ਲੱਗੇ ਹੋਏ ਹਨ ਜੋ ਇਨਸਾਨਾਂ ਨਾਲ ਮੇਲ ਖਾਂਦੇ ਹਨ ਅਤੇ ਜਿਨ੍ਹਾਂ ਦਾ ਮਕਸਦ ਹੈ ਮੰਗਲ ਉੱਤੇ ਕਲੋਨੀ ਵਸਾਉਣਾ। ਦੁਨੀਆ ਭਰ ਵਿੱਚ ਕਈ ਦੇਸ਼ ਮਨੁੱਖੀ ਰੋਬੋਟ ਤਿਆਰ ਕਰਨ ਵਿੱਚ ਲੱਗੇ ਹਨ। ਇਹ ਸਿਰਫ ਚੱਲਣ ਫਿਰਨ ਵਿੱਚ ਹੀ ਇਨਸਾਨਾਂ ਜਿਹੇ ਨਹੀਂ ਹਨ, ਇਹਨਾਂ ਵਿੱਚ ਸਾਡੇ ਵਾਂਗ ਭਾਵਨਾਵਾਂ ਵੀ ਹਨ। ਇਸਦੀ ਸ਼ੁਰੂਆਤ ਤਾਂ ਉਦੋਂ ਹੋ ਗਈ ਸੀ ਜਦੋਂ ਪੰਜ ਸਦੀਆਂ ਪਹਿਲਾਂ 1495 ਵਿੱਚ ਹੀ ਸਭ ਤੋਂ ਪਹਿਲੀ ਵਾਰ ਲਿਓਨਾਰਦੋ ਦਾ ਵਿੰਚੀ ਨੇ ਮਨੁੱਖੀ ਰੋਬੋਟ ਡਿਜ਼ਾਇਨ ਕੀਤਾ ਸੀ।

ਵੱਡੀਆਂ ਵੱਡੀਆਂ ਨੀਲੀਆਂ ਅੱਖਾਂ, ਇੱਕ ਪਿਆਰੀ ਜਿਹੀ ਲਕੀਰ ਵਾਲੇ ਬੁਲ੍ਹ, ਬਿਲਕੁਲ ਛੋਟਾ ਜਿਹਾ ਚਾਰ ਸਾਲ ਦੇ ਬੱਚੇ ਜਿਹਾ, ਹੱਥ ਫੜ ਕੇ ਚੱਲਣ ਵਾਲਾ। ਇੱਥੇ ਇਨਸਾਨ ਦੀ ਨਹੀਂ ਰੋਬੋਟ ਦੀ ਗੱਲ ਹੋ ਰਹੀ ਹੈ। ਜੋ ਬਿਲਕੁਲ ਇਨਸਾਨ ਜਿਹੇ ਲੱਗਦੇ ਹਨ। ਇਹ ਰੋਬੋਟ ਹੁਣ ਵੀ ਰਿਸਰਚ ਦਾ ਹਿੱਸਾ ਹਨ ਪਰ ਕੁੱਝ ਅਜਿਹੇ ਵੀ ਹਨ ਜੋ ਬਾਜ਼ਾਰ ਵਿੱਚ ਵਿਕ ਰਹੇ ਹਨ। ਉਮੀਦ ਕੀਤੀ ਜਾ ਰਹੀ ਹੈ ਕਿ ਆਉਣ ਵਾਲੇ ਦਸ ਬਾਰਾਂ ਸਾਲਾਂ ਵਿੱਚ ਇਹ ਘਰਾਂ ਅਤੇ ਹਸਪਤਾਲਾਂ ਵਿੱਚ ਇਸਤੇਮਾਲ ਕੀਤੇ ਜਾ ਸਕਣਗੇ।

ਫਰਾਂਸੀਸੀ ਸ਼ਹਿਰ ਲੀਆਂ ਵਿੱਚ ਚੱਲ ਰਹੀ ਘਰੇਲੂ ਰੋਬੋਟਾਂ ਦੀ ਨੁਮਾਇਸ਼ ਵਿੱਚ ਕਰੀਬ 140 ਕੰਪਨੀਆਂ ਨੇ ਆਪਣੇ ਰੋਬੋਟ ਪੇਸ਼ ਕੀਤੇ। ਸਮਾਗਮ ਦੀ ਸੀਈਓ ਕੈਥਰੀਨ ਸਿਮੋਨ ਨੇ ਦੱਸਿਆ ਕਿ ਰੋਬੋਟ ਇਨਸਾਨ ਅਤੇ ਮਸ਼ੀਨ ਦੇ ਵਿੱਚ ਦਾ ਚੰਗੇਰਾ ਮਾਧਿਅਮ ਹੈ। ਅੱਜ ਭਲੇ ਹੀ ਉਹ ਰਿਸਰਚ ਸੈਂਟਰਾਂ ਤੱਕ ਸੀਮਿਤ ਹੋਣ ਪਰ ਛੇਤੀ ਹੀ ਉਹ ਸਾਡੇ ਘਰਾਂ ਵਿੱਚ ਹੋਣਗੇ। ਇਹ ਇੱਕ ਤਰ੍ਹਾਂ ਨਾਲ ਕਾਰ ਦੀ ਤਰ੍ਹਾਂ ਹੈ, ਕਿਸੇ ਸਮੇਂ ਇਹ ਵੀ ਸਾਰਿਆ ਨੂੰ ਚਾਹੀਦਾ ਹੈ।

**ਰੀਮ ਸੀਯ:** ਸਪੇਨ ਦਾ ਰੀਮ ਸੀ ਰੋਬੋਟ ਅਸਲੀ ਦੁਨੀਆ ਵਿੱਚ ਉੱਤਰਨ ਨੂੰ ਤਿਆਰ ਹੈ। ਇਨਸਾਨ ਦੀ ਤਰ੍ਹਾਂ ਇਹ ਰੋਬੋਟ ਆਪਣੇ ਆਪ ਚੱਲ ਸਕਦਾ ਹੈ ਅਤੇ 10 ਕਿੱਲੋ ਸਾਮਾਨ ਉਠਾ ਸਕਦਾ ਹੈ। ਰੋਜ਼ਾਨਾ ਵਿੱਚ ਇਸਦਾ ਇਸਤੇਮਾਲ ਜਦਕਿ ਹੁਣ ਤੱਕ ਸੰਭਵ ਨਹੀਂ। ਤਿੰਨ ਲੱਖ ਯੂਰੋ ਦਾ ਰੀਮ ਸੀ ਫਿਲਹਾਲ ਰਿਸਰਚ ਵਿੱਚ ਕੰਮ ਆ ਰਿਹਾ ਹੈ। ਜਦੋਂ ਕਿ ਇੱਕ ਹੋਰ ਯੂਰੋਪੀ ਰਿਸਰਚ ਪ੍ਰੋਜੈਕਟ ਦੇ ਤਹਿਤ ਇੱਕ ਅਜਿਹਾ ਰੋਬੋਟ ਬਣਾਇਆ ਗਿਆ ਹੈ ਜੋ ਚਾਰ ਸਾਲ ਦੇ ਬੱਚੇ ਦੀ ਤਰ੍ਹਾਂ ਚੀਜ਼ਾਂ ਫੜ੍ਹਦਾ ਹੈ ਅਤੇ ਜੇਕਰ ਉਸਦੇ ਹਾਵ ਭਾਵ ਵੇਖੇ ਜਾਣ ਤਾਂ ਉਹ ਵੀ ਇੱਕ ਚਾਰ ਸਾਲ ਦੇ ਬੱਚੇ ਦੀ ਹੀ ਤਰ੍ਹਾਂ ਹਨ। 'ਆਈ ਕਬ' ਨਾਮ ਦਾ ਇਹ ਪਿਆਰਾ ਜਿਹਾ ਰੋਬੋਟ ਪੰਜ ਤੋਂ ਦਸ ਸਾਲ ਦੇ ਅੰਦਰ ਘਰ ਲਈ ਪਰਫੈਕਟ ਮੱਦਦ ਬਣ ਸਕੇਗਾ। ਉਥੇ ਹੀ 'ਨਾਓ' ਨਾਮ ਦਾ ਰੋਬੋਟ ਇੱਕਦਮ ਰੈਡੀ ਟੂ ਵਰਕ ਹੈ ਅਤੇ ਬਾਜ਼ਾਰ ਵਿੱਚ ਖਰੀਦਿਆ ਵੀ ਜਾ ਸਕਦਾ ਹੈ। ਫ਼ਰਾਂਸ ਦਾ ਸਿਰਫ 60 ਸੈਂਟੀਮੀਟਰ ਉੱਚਾ ਇਹ ਰੋਬੋਟ ਪੰਜ ਹਜ਼ਾਰ ਯੂਰੋ ਦਾ ਹੈ ਅਤੇ ਇਸਦੇ ਕਰੀਬ ਛੇ ਹਜ਼ਾਰ ਨਮੂਨੇ ਇਸਤੇਮਾਲ ਵਿੱਚ ਹਨ।

**ਰੋਬੋਟ ਤੋਂ ਡਰ:** ਦੁਨੀਆਂ ਵਿੱਚ ਹੁਣ ਵੀ ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਦੇ




ਦਿਮਾਗ ਵਿੱਚ ਰੋਬੋਟ ਦੇ ਡਰਾਉਣੇ ਵਿਚਾਰ ਵਸੇ ਹੋਏ ਹਨ ਅਤੇ ਇਸ ਲਈ ਉਹ ਹੁਣ ਵੀ ਅਜਿਹੇ ਕਿਸੇ ਦ੍ਰਿਸ਼ ਦੀ ਕਲਪਨਾ ਨਹੀਂ ਕਰਨਾ ਚਾਹੁੰਦੇ ਜਿੱਥੇ ਉਨ੍ਹਾਂ ਦੀ ਮਦਦ ਲਈ ਰੋਬੋਟ ਮੌਜੂਦ ਹੋਣ। 'ਨਾਓ' ਰੋਬੋਟ ਬਣਾਉਣ ਵਾਲੀ ਆਲਦੇਬਾਰਾਨ ਕੰਪਨੀ ਦੇ ਸੰਸਥਾਪਕ ਬਰੂਨੋ ਮੈਸੋਨਿਏ ਕਹਿੰਦੇ ਹਨ – ਜੇਕਰ ਤੁਸੀ ਲੋਕਾਂ ਨਾਲ ਰੋਬੋਟ ਦੇ ਬਾਰੇ ਵਿੱਚ ਗੱਲ ਕਰੋ, ਅਜਿਹੇ ਰੋਬੋਟ ਜੋ ਘਰ ਵਿੱਚ ਹੋਰ ਬੱਚਿਆਂ ਦੀ ਮਦਦ ਕਰ ਸਕਣ ਤਾਂ ਉਹ ਅਕਸਰ ਕਹਿੰਦੇ ਹਨ, ਪਤਾ ਨਹੀਂ ਕਿ ਘਰ 'ਚ ਮੈਂ ਸਚਮੁੱਚ ਅਜਿਹਾ ਰੋਬੋਟ ਚਾਹਾਂਗਾ ਜਾਂ ਨਹੀਂ। ਇਹ ਮਾਨਸਿਕਤਾ ਹੈ ਜਿਵੇਂ ਹੀ ਉਹ 'ਨਾਓ' ਵੇਖਦੇ ਹਾਂ, ਕਹਿੰਦੇ ਹੋ, ਓਏ, ਕਿੰਨਾ ਪਿਆਰਾ ਹੈ ਇਹ, ਇਹ ਸਾਨੂੰ ਚਾਹੀਦਾ ਹੈ। ਫਿਲਮਾਂ ਦੇ ਕਾਰਨ ਲੋਕਾਂ ਵਿੱਚ ਰੋਬੋਟ ਦੀ ਛਵੀ ਡਰਾਉਣੀ ਬਣਦੀ ਹੈ।

ਤੇਜ਼ ਬੁੱਧੀ ਵਾਲੇ ਰੋਬੋਟਾਂ ਉੱਤੇ ਹੁਣ ਮਿਊਨਿਖ ਦੇ ਕੋਲ ਗਾਰਸ਼ਿੰਗ ਦੀ ਤਕਨੀਕੀ ਯੂਨੀਵਰਸਿਟੀ ਵਿੱਚ ਖੋਜ ਦਾ ਕੰਮ ਚੱਲ ਰਿਹਾ ਹੈ। ਇੱਕ ਮੀਟਰ ਚਾਲੀ ਸੈਂਟੀਮੀਟਰ ਦਾ ਰੋਬੋਟ ਆਦਰਸ਼ ਮਨੁੱਖੀ ਰੋਬੋਟ ਦੀ ਪਰਿਭਾਸ਼ਾ ਦੇ ਇੱਕਦਮ ਨੇੜੇ ਹੈ। ਇਸ ਵਿੱਚ ਸਿਰਫ ਇਨਸਾਨ ਦੇ ਚਿਹਰੇ ਨੂੰ ਹੀ ਨਹੀਂ, ਸਗੋਂ ਪੂਰੇ ਸਰੀਰ ਦੀ ਸੰਰਚਨਾ ਨੂੰ ਕਾਪੀ ਕੀਤਾ ਗਿਆ ਹੈ।

ਇਸ ਲਈ ਰੋਬੋਟ ਦੇ ਜੋੜਿਆਂ ਵਿੱਚ ਮੋਟਰ ਦੀ ਬਜਾਏ ਮਾਸਪੇਸ਼ੀਆਂ ਅਤੇ ਫਾਇਬਰ ਹਨ। ਉਹ ਭਾਵਨਾਵਾਂ ਸਾਫ਼ ਕਰ ਸਕਦਾ ਹੈ ਅਤੇ ਬੋਲ ਵੀ ਸਕਦਾ ਹੈ। ਰੋਬੋਟ ਨੂੰ ਜਾਨ ਬੁੱਝ ਕੇ ਕਿਸੇ ਕਾਮਿਕ ਦੀ ਤਰ੍ਹਾਂ ਬਣਾਇਆ ਗਿਆ ਹੈ। ਪ੍ਰੋਜੇਕਟ ਲੀਡਰ ਰਾਫਾਇਲ ਹੋਸਟੇਟਲਰ ਦੱਸਦਾ ਹੈ, ਅਸੀਂ ਇੱਕ ਦੋ ਵਾਰ ਡਿਜ਼ਾਇਨ ਬਦਲੀ। ਫੇਸਬੁੱਕ ਵੋਟਿੰਗ ਵਿੱਚ ਲੋਕਾਂ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਕਿਹੜਾ ਚਿਹਰਾ ਪਸੰਦ ਹੈ। ਸਾਡੇ ਲਈ ਇਹ ਸਭ ਤੋਂ ਅਹਿਮ ਸੀ ਕਿਉਂਕਿ ਰੋਬੋਟ ਦਾ ਸਰੀਰ ਪਿੰਜਰ ਦੀ ਤਰ੍ਹਾਂ ਹੈ ਅਤੇ ਇਸ ਲਈ ਉਹ ਦੋਸਤਾਨਾ ਵੀ ਨਹੀਂ ਲੱਗਦਾ। ਪਰ ਰੋਬੋਟ ਨੂੰ ਅਸੀਂ ਇਸ ਰਿਸਰਚ ਲਈ ਸਕਾਰਾਤਮਕ ਬਣਾਉਣਾ ਚਾਹੁੰਦੇ ਹਾਂ। ਆਉਣ ਵਾਲੇ ਦਿਨਾਂ ਵਿੱਚ ਇਹ ਰੋਬੋਟ ਰੋਜ਼ਾਨਾਂ ਦੀਆਂ ਲੋੜਾਂ ਵਿੱਚ ਇਨਸਾਨ ਦੀ ਮਦਦ ਕਰੇਗਾ। ਹੋਸਟੇਟਲਰ ਦੇ ਮੁਤਾਬਕ, ਸਾਡੇ ਕੋਲ ਰੋਜ਼ਾਨਾ ਰੋਬੋਟ ਹੋਵੇਗਾ, ਯਾਨੀ ਜੋ ਘਰ ਵਿੱਚ ਖਾਣਾ ਪਕਾਉਣ ਜਾਂ ਕੱਪੜੇ ਪ੍ਰੈਸ ਕਰਨ ਜਾਂ ਧੋਣ ਵਿੱਚ ਮਦਦ ਕਰੇਗਾ।

**ਕੰਪਿਊਟਰ ਆਪਣੇ ਆਪ ਹੀ ਲਿਖੇਗਾ ਖਬਰਾਂ**: ਕੈਲੇਫੋਰਨੀਆ ਵਿੱਚ ਲਾਸ ਏਜੇਲਿਸ ਟਾਈਮਸ ਲਈ ਕੰਮ ਕਰਨ ਵਾਲੇ ਕੇਨ ਸ਼ਵੇਂਕ ਨੂੰ ਰਾਤ ਦੇ ਸਮੇਂ ਭੂਚਾਲ ਦੇ ਹਲਕੇ ਝਟਕੇ ਮਹਿਸੂਸ ਹੋਏ ਤੇ ਇਸ ਬਾਰੇ ਵਿੱਚ ਖਬਰ ਲਿਖਣ ਲਈ ਉਨ੍ਹਾਂ ਨੂੰ ਹੜਬੜ ਕਰਨ ਦੀ ਕੋਈ ਜ਼ਰੂਰਤ ਨਹੀਂ ਸੀ। ਉਨ੍ਹਾਂ ਦਾ ਕੰਪਿਊਟਰ ਆਪਣੇ ਆਪ ਹੀ ਇਹ ਕੰਮ ਕਰ ਦਿੰਦਾ ਹੈ।

ਇਸ ਇਲਾਕੇ ਵਿੱਚ ਭੂਚਾਲ ਦੇ ਹਲਕੇ ਝਟਕੇ ਆਮ ਗੱਲ ਹੈ। ਉਨ੍ਹਾਂ ਦੇ ਕੰਪਿਊਟਰ



ਵਿੱਚ ਕਵੇਕਬੋਟ ਸਾਫਟਵੇਅਰ ਹੈ ਜੋ ਭੂਚਾਲ ਦੇ ਬਾਰੇ ਵਿੱਚ ਖਬਰ ਦਾ ਪਹਿਲਾ ਸੰਸਕਰਣ ਤਦ ਤੱਕ ਉਪਲੱਬਧ ਸਾਰੇ ਮੂਲ ਜਾਣਕਾਰੀਆਂ ਵਲੋਂ ਆਪਣੇ ਆਪ ਤਿਆਰ ਕਰਨ ਵਿੱਚ ਸਮਰੱਥ ਹੈ। ਜਿਵੇਂ ਕਿ ਝਟਕਿਆਂ ਦਾ ਸਮਾਂ ਕੀ ਸੀ, ਤੀਵਰਤਾ ਵਗੈਰਾ ਕਿੰਨੀ ਸੀ।

ਤੁਸੀ ਇਸਨੂੰ ਪੱਤਰਕਾਰਤਾ ਕਹੋ ਜਾਂ ਰੋਬੋਟ ਪੱਤਰਕਾਰਤਾ, ਪਰ ਇਹ ਤਾਂ ਸੱਚ ਹੈ ਕਿ ਰਫ਼ਤਾਰ ਅਤੇ ਤਕਨੀਕ ਦੇ ਇਸ ਦੌਰ ਵਿੱਚ ਪੱਤਰਕਾਰਤਾ ਦੀ ਸੂਰਤ ਵੀ ਬਦਲ ਰਹੀ ਹੈ। ਇਸ ਤਰ੍ਹਾਂ ਕੰਪਿਊਟਰ ਨੇ ਆਪਣੇ ਆਪ ਤਿਆਰ ਕੀਤੀ ਹੋਈ ਪਹਿਲੀ ਰਿਪੋਰਟ ਰਿਲੀਜ ਕਰਕੇ ਕੁੱਝ ਲੋਕਾਂ ਨੂੰ ਵਿਖਾਈ ਗਈ ਅਤੇ ਵਾਸਤਵ ਵਿੱਚ ਕਿਸੇ ਸੰਪਾਦਕ ਦੀ ਲਿਖੀ ਗਈ ਖਬਰ ਅਤੇ ਕੰਪਿਊਟਰ ਸਾਫਟਵੇਅਰ ਦੀ ਮਦਦ ਵਲੋਂ ਤਿਆਰ ਖਬਰ ਦੇ ਵਿੱਚ ਕੋਈ ਅੰਤਰ ਨਹੀਂ ਸੀ। ਕੈਲੇਫੋਰਨੀਆਂ ਦੇ ਇਸ ਮਾਮਲੇ ਵਿੱਚ ਕੰਪਿਊਟਰ ਨੇ ਜਾਣਕਾਰੀ ਅਮਰੀਕਾ ਦੇ ਮੌਸਮ ਵਿਭਾਗ ਦੀ ਵੈਬਸਾਈਟ ਵਲੋਂ ਚੁੱਕੀ। ਕੁੱਝ ਹੀ ਸੈਕਿੰਡ ਵਿੱਚ ਕੰਪਿਊਟਰ ਜਾਣਕਾਰੀ ਨੂੰ ਉਸੇ ਰੂਪ ਵਿੱਚ ਪੇਸ਼ ਕਰ ਦਿੰਦਾ ਹੈ ਜਿਵੇਂ ਕਿ ਕਿਸੇ ਅਖਬਾਰ ਜਾਂ ਉਸਦੀ ਵੈਬਸਾਈਟ ਉੱਤੇ ਲਿਖਿਆ ਜਾਂਦਾ ਹੈ।

ਬਰਲਿਨ ਦੇ ਸੋਸ਼ਲ ਮੀਡਿਆ ਮਾਹਰ ਫਰੇਡਰਿਕ ਫਿਸ਼ਰ ਕਹਿੰਦੇ ਹਨ, ਜਿੱਥੇ ਕਿਤੇ ਵੀ ਤੁਹਾਨੂੰ ਠੀਕ ਉਹੋ ਜਿਹਾ ਹੀ ਟੈਕਸਟ (ਡਾਟਾ) ਚਾਹੀਦਾ ਹੈ, ਉੱਥੇ ਇਹ ਤਕਨੀਕ ਡਾਟਾ ਬਦਲ ਕੇ ਬਾਕੀ ਸਭ ਕੁੱਝ ਉਸੇ ਢਾਂਚੇ ਉੱਤੇ ਪੇਸ਼ ਕਰ ਦਿੰਦੀ ਹੈ। ਉਹ ਮੰਨਦਾ ਹੈ ਕਿ ਇਸ ਤਰ੍ਹਾਂ ਦੇ ਸਾਫਟਵੇਅਰ ਬਹੁਤ ਛੇਤੀ ਮੀਡੀਆ ਉਦਯੋਗ ਵਿੱਚ ਆਮ ਹੋਣਗੇ। ਖੇਲ, ਮੌਸਮ ਅਤੇ ਸਟਾਕ ਮਾਰਕੀਟ ਆਦਿ ਵਿੱਚ ਪੱਤਰਕਾਰਤਾ ਪਹਿਲਾਂ ਤੋਂ ਹੀ ਇੱਕ ਬੱਝੇ ਹੋਏ ਢਾਂਚੇ ਉੱਤੇ ਚੱਲੀ ਆ ਰਹੀ ਹੈ।

ਇਸ ਸਾਫਟਵੇਅਰ ਨੂੰ ਤਿਆਰ ਕਰਨ ਦਾ ਸੇਹਰਾ ਅਮਰੀਕੀ ਕੰਪਨੀ ਨੈਰੇਟਿਵ ਸਾਇੰਸ ਨੂੰ ਜਾਂਦਾ ਹੈ ਜਿਨ੍ਹਾਂ ਦੀ ਕੋਸ਼ਿਸ਼ ਵਲੋਂ ਡਾਟਾ ਤੋਂ ਡਾਕਿਊਮੈਂਟ ਤਿਆਰ ਕਰਨਾ ਸੰਭਵ ਹੋ ਸਕਿਆ। ਅਮਰੀਕੀ ਪਤ੍ਰਿਕਾ ਫੋਰਬਸ ਆਰਥਿਕ ਮਾਮਲਿਆਂ ਦੀਆਂ ਰਿਪੋਰਟਾਂ ਵਿੱਚ ਪਹਿਲਾਂ ਹੀ ਇਸ ਤਕਨੀਕ ਦੀ ਵਰਤੋਂ ਕਰ ਰਹੀ ਹੈ। ਜਰਮਨੀ ਦੇ ਸ਼ਟੁਟਗਾਰਟ ਦੀ ਕੰਪਨੀ ਆਇਕਸਿਆ ਵੀ ਇਸਦੇ ਇਸਤੇਮਾਲ ਨੂੰ ਤਿਆਰ ਹੈ।

ਬਾਸਕੇਟਬਾਲ ਜਾਂ ਕਿਸੇ ਹੋਰ ਮੈਚ ਦੇ ਬਾਰੇ ਵਿੱਚ ਖਬਰ ਤਿਆਰ ਕਰਦੇ ਸਮੇਂ ਕੰਪਿਊਟਰ ਇਸ ਤਕਨੀਕ ਦੀ ਮਦਦ ਲਈ ਸਿਰਫ਼ ਇਸ ਗੱਲ ਦਾ ਧਿਆਨ ਰੱਖਦਾ ਹੈ ਕਿ ਪੁਆਇੰਟਸ ਕਿੰਨੇ ਹਨ, ਸਗੋਂ ਪਿਛਲੇ ਮੈਚਾਂ ਨਾਲ ਤੁਲਨਾ ਵੀ ਕਰਦਾ ਹੈ। ਇਸ ਪ੍ਰੋਗਰਾਮ ਦੇ ਡਿਜਾਇਨਰ ਫਰੈਂਕ ਫਿਊਲਨਰ ਨੇ ਦੱਸਿਆ, ਕੰਪਿਊਟਰ ਇਹ ਵੀ ਪਤਾ ਲਗਾ ਸਕਦਾ ਹੈ ਕਿ ਕੀ ਸਭ ਤੋਂ ਜ਼ਿਆਦਾ ਪੁਆਇੰਟਸ ਬਣਾਉਣ ਵਾਲੇ ਖਿਡਾਰੀ ਨੇ ਇਸ ਤੋਂ ਪਿਛਲੇ ਮੈਚ ਵਿੱਚ ਨਿਰਾਸ਼ ਕੀਤਾ ਸੀ।

ਕੰਪਨੀ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਇਹ ਤਕਨੀਕ ਬਿਨਾਂ ਜ਼ਿਆਦਾ ਮੁਸ਼ਕਿਲ ਦੇ ਫੁਟਬਾਲ ਫੈਂਸ ਲਈ ਉਨ੍ਹਾਂ ਦੇ ਪਸੰਦੀ ਦਾ ਖਿਡਾਰੀ ਜਾਂ ਟੀਮ ਦੇ ਬਾਰੇ ਵਿੱਚ ਵੀ ਆਰਟੀਕਲ ਤਿਆਰ ਕਰ ਸਕਦੀ ਹੈ। ਫਿਊਲਨਰ ਨੇ ਦੱਸਿਆ ਕਿ ਉਨ੍ਹਾਂ ਨਾਲ ਬਹੁਤ ਸਾਰੇ ਪ੍ਰਕਾਸ਼ਕ ਸੰਪਰਕ ਕਰ ਰਹੇ ਹਨ।

ਜਦਕਿ ਸਵੀਡਿਸ਼ ਕੰਪਨੀ ਕਾਰਲਸਟਾਡ ਦਾ ਕਹਿਣਾ ਹੈ ਕਿ ਕੰਪਿਊਟਰ ਦੁਆਰਾ ਤਿਆਰ ਕੀਤੀਆਂ ਗਈਆਂ ਖਬਰਾਂ ਜ਼ਿਆਦਾ ਬੋਰਿੰਗ ਹਨ। ਪਰ ਅਜਿਹੀ ਵੀ ਨਹੀਂ ਕਿ ਪਾਠਕ ਨੂੰ ਇਹ ਸਮਝ ਆ ਜਾਵੇ ਕਿ ਇਸਨੂੰ ਕਿਸੇ ਵਿਅਕਤੀ ਨੇ ਨਹੀਂ ਸਗੋਂ ਆਪਣੇ ਆਪ ਕੰਪਿਊਟਰ ਨੇ ਤਿਆਰ ਕੀਤਾ ਹੈ।

ਸ਼ਵੇਂਕ ਜਿਨ੍ਹਾਂ ਨੇ ਕਵੇਕਬੋਟ ਤਿਆਰ ਕਰਨ ਵਿੱਚ ਵੀ ਮਦਦ ਕੀਤੀ ਹੈ, ਦੱਸਦੇ ਹਨ ਕਿ ਆਪਣੇ ਰੋਬੋਟ ਦੁਆਰਾ ਤਿਆਰ ਰਿਪੋਰਟ ਨੂੰ ਉਹ ਛਾਪਣ ਵਲੋਂ ਪਹਿਲਾਂ ਇੱਕ ਵਾਰ ਆਪਣੇ ਆਪ ਉਸਨੂੰ ਵੇਖਦਾ ਹੈ। ਜਦੋਂ ਉਹ ਭੂਚਾਲ ਦੀ ਰਾਤ ਉੱਠਿਆ ਤੱਦ ਤੱਕ ਉਨ੍ਹਾਂ ਦਾ ਕੰਪਿਊਟਰ ਰਿਪੋਰਟ ਤਿਆਰ ਕਰ ਚੁੱਕਿਆ ਸੀ, ਲੇਕਿਨ ਉਸਨੂੰ ਇੱਕ ਨਜ਼ਰ ਆਪਣੇ ਆਪ ਦੇਖਣ ਦੇ ਬਾਅਦ ਹੀ ਉਨ੍ਹਾਂ ਨੇ ਉਸਨੂੰ ਪ੍ਰਕਾਸ਼ਿਤ ਕਰਨ ਦਾ ਬਟਨ ਦਬਾਇਆ।

**ਰੋਬੋਟ ਖੋਜ ਸਕਦਾ ਹੈ ਲਾਪਤਾ ਜਹਾਜ਼**: ਗੁਆਚੇ ਮਲੇਸ਼ਿਆਈ ਹਵਾਈ ਜਹਾਜ਼ ਨੇ ਜਾਂਚ ਕਰਤਾਵਾਂ ਨੂੰ ਹੈਰਾਨ ਕਰ ਦਿੱਤਾ ਹੈ। ਪਲੇਨ ਜਾਂ ਉਸਦੇ ਮਲਬੇ ਦਾ ਕਿਤੇ ਪਤਾ ਨਹੀਂ ਹੈ। ਕਈ ਸੈਟੇਲਾਇਟ ਅਤੇ ਹਾਇਟੇਕ ਤਕਨੀਕ ਦੇ ਇਸਤੇਮਾਲ ਦੇ ਬਾਅਦ ਵੀ ਜਹਾਜ਼ ਦੀ ਤਲਾਸ਼ ਵਿੱਚ ਕਾਮਯਾਬੀ ਨਹੀਂ ਮਿਲੀ ਹੈ।

ਹਵਾਈ ਜਹਾਜ, ਲੰਮੀ ਦੂਰੀ ਦੀ ਉਡਾਨ ਭਰਦਾ ਹੈ ਅਤੇ ਅਚਾਨਕ ਰਡਾਰ ਵਲੋਂ ਗਾਇਬ ਹੋ ਜਾਂਦਾ ਹੈ। ਅਜਿਹਾ ਕਿਵੇਂ ਸੰਭਵ ਹੈ? ਜਰਮਨੀ ਦੇ ਪਾਇਲਟ ਅਤੇ ਪਲੇਨ ਇੰਜੀਨੀਅਰਾਂ ਦੇ ਸੰਘ ਦੇ ਯੋਰਗ ਹੰਡਵੈਰਗ ਦਲੀਲ ਦਿੰਦੇ ਹਨ ਕਿ ਜਹਾਜ਼ ਦੇ ਗੁਆਚਣ ਦਾ ਮਤਲਬ ਇਹ ਨਹੀਂ ਹੈ ਕਿ ਮਸ਼ੀਨ ਦੁਰਘਟਨਾਗਰਸਤ ਹੋ ਗਈ ਹੈ ਪਰ ਕੁਝ ਸਮੇਂ ਬਾਅਦ ਉਸਨੂੰ ਕਿਤੇ ਨਾ ਕਿਤੇ ਵਿਖਾਈ ਦਿੱਤਾ ਜਾਣਾ ਚਾਹੀਦਾ ਸੀ। ਉਹ ਦੱਸਦੇ ਹਨ ਕਿ ਰਡਾਰ ਸਿਸਟਮ ਜਹਾਜ਼ ਉੱਤੇ ਨਜ਼ਰ ਰੱਖਣ ਦਾ ਅਹਿਮ ਸਾਧਨ ਹੈ ਪਰ ਦੁਨੀਆਂ ਦੇ ਹਰ ਹਿੱਸੇ ਵਿੱਚ ਇਸਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਸਮੁੰਦਰ ਦੇ ਉੱਤੇ ਰਡਾਰ ਦੀ ਨਜ਼ਰ ਨਹੀਂ ਰਹਿੰਦੀ ਕਿਉਂਕਿ ਤਕਨੀਕ ਦਾ ਕਵਰੇਜ ਸੀਮਿਤ ਹੈ।

**ਗਾਇਬ ਹੋ ਜਾਂਦੇ ਹਨ ਜਹਾਜ਼**: ਹਵਾ



ਵਿੱਚ ਜਹਾਜ਼ ਦੀ ਜਗ੍ਹਾ ਪਤਾ ਲਗਾਉਣ ਲਈ ਧਰਤੀ ਵਲੋਂ ਰਡਾਰ ਸੰਕੇਤ ਭੇਜੇ ਜਾਂਦੇ ਹਨ ਅਤੇ ਜਹਾਜ਼ ਇਨ੍ਹਾਂ ਨੂੰ ਵਾਪਸੀ ਸੰਦੇਸ਼ ਭੇਜਦੇ ਹਨ। ਪਰ ਪਾਣੀ ਉੱਤੇ ਅਜਿਹਾ ਕਰਨਾ ਸੰਭਵ ਨਹੀਂ ਹੁੰਦਾ ਇਸ ਲਈ ਜਿਵੇਂ ਹੀ ਸਮੁੰਦਰ ਦੇ ਉੱਤੇ ਜਹਾਜ਼ ਪੁੱਜਦਾ ਹੈ, ਉਹ ਰਡਾਰ ਮਸ਼ੀਨ ਵਲੋਂ ਵੀ ਗਾਇਬ ਹੋ ਜਾਂਦਾ ਹੈ। ਪਾਇਲਟ ਹੰਡਵੈਰਗ ਕਹਿੰਦਾਂ ਹੈ, ਜਿਵੇਂ ਹੀ ਤਟ ਦੇ ਨਜਦੀਕ ਪਲੇਨ ਪੁੱਜਦਾ ਹੈ ਉਹ ਫਿਰ ਰਾਡਾਰ ਉੱਤੇ ਵਿਖਾਈ ਦੇਣ ਲੱਗਦਾ ਹੈ।

ਪਰ ਅਜਿਹਾ ਨਹੀਂ ਹੁੰਦਾ ਕਿ ਉਡਾਨ ਭਰਨ ਵਾਲੇ ਸਾਰੇ ਲੋਕ ਗਾਇਬ ਹੋ ਜਾਣ। ਜਿਵੇਂ ਹੀ ਉਹ ਸਮੰਦਰ ਉੱਤੇ 10 ਹਜ਼ਾਰ ਮੀਟਰ ਉਚਾਈ ਉੱਤੇ ਪੁੱਜਦੇ ਹਨ, ਜਹਾਜ਼ ਵਲੋਂ ਰੇਡੀਓ ਸੰਪਰਕ ਸਥਾਪਤ ਹੋ ਜਾਂਦਾ ਹੈ। ਰਡਾਰ ਦੇ ਨਾਲ ਹੀ ਜਹਾਜ਼ ਉੱਤੇ ਨਜ਼ਰ ਰੱਖਣ ਲਈ ਇਹ ਇੱਕ ਪ੍ਰਣਾਲੀ ਹੈ। ਹੰਡਵੈਰਗ ਨੇ ਦੱਸਿਆ ਕਿ ਇੱਕੋ ਜਿਹੇ ਤੌਰ

ਉੱਤੇ ਤੈਅ ਰੂਟ ਉੱਤੇ ਹੀ ਜਹਾਜ਼ ਜਾਂਦੇ ਹਨ। ਇਹ ਹਾਇਵੇ ਦੀ ਤਰ੍ਹਾਂ ਹੈ। ਪਹਿਲਾਂ ਵਲੋਂ ਤੈਅ ਰੂਟ ਦੇ ਪਵਾਇੰਟ ਹੁੰਦੇ ਹਨ, ਜਿਨ੍ਹਾਂ ਦੇ ਬਾਰੇ ਵਿੱਚ ਏਅਰ ਟਰੈਫਿਕ ਕੰਟਰੋਲਰਾਂ ਨੂੰ ਲਗਾਤਾਰ ਦੱਸਿਆ ਜਾਂਦਾ ਹੈ।

ਦੁਰਘਟਨਾ ਦੀ ਹਾਲਤ ਵਿੱਚ, ਜਦੋਂ ਰਡਾਰ ਅਤੇ ਰੇਡੀਓ ਸੰਕੇਤ ਵਲੋਂ ਸੰਪਰਕ ਕਰਨਾ ਸੰਭਵ ਨਹੀਂ ਹੁੰਦਾ, ਤਦ ਵੀ ਜਹਾਜ਼ ਦੀ ਹਾਲਤ ਦਾ ਪਤਾ ਲਗਾਇਆ ਜਾ ਸਕਦਾ ਹੈ। ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਲੋਕ ਰਹਿੰਦੇ ਹਨ, ਇਸ ਲਈ ਕਿਸੇ ਦੇਸ਼ ਵਿੱਚ ਹੋਈ ਦੁਰਘਟਨਾ ਦਾ ਛੇਤੀ ਹੀ ਪਤਾ ਚੱਲ ਜਾਂਦਾ ਹੈ। ਇਸਦੇ ਇਲਾਵਾ ਹਰ ਪਲੇਨ ਵਿੱਚ ਇੱਕ ਬਲੈਕ ਬਾਕਸ ਹੁੰਦਾ ਹੈ, ਜਿਸ ਵਿੱਚ ਜਹਾਜ਼ ਦੀ ਹਰ ਗਤੀਵਿਧੀ ਦੀ ਜਾਣਕਾਰੀ ਹੁੰਦੀ ਹੈ ਅਤੇ ਦੁਰਘਟਨਾ ਦੀ ਹਾਲਤ ਵਿੱਚ ਇਸ ਬਲੈਕ ਬਾਕਸ ਵਲੋਂ ਸੰਕੇਤ ਭੇਜੇ ਜਾਂਦੇ ਹਨ। ਲੇਕਿਨ ਹੰਡਵੈਰਗ ਦੇ ਮੁਤਾਬਕ ਪਾਣੀ ਦੇ ਹੇਠਾਂ ਬਲੈਕ ਬਾਕਸ ਦੂਰੀ ਤੱਕ ਇਹ ਸੰਕੇਤ ਨਹੀਂ ਭੇਜ ਸਕਦਾ। ਜੇਕਰ ਸਮੁੰਦਰ ਦੇ ਉੱਤੇ ਹਵਾਈ ਜਹਾਜ ਦਾ ਐਕਸੀਡੈਂਟ ਹੁੰਦਾ ਹੈ, ਤਾਂ ਸੰਕੇਤ




ਪਾਣੀ ਦੇ ਉੱਤੇ ਨਹੀਂ ਫੜੇ ਜਾ ਸਕਦੇ।

ਪਰ ਸੋਨਾਰ ਤਕਨੀਕ ਵਲੋਂ ਪਾਣੀ ਉੱਤੇ ਜਹਾਜ਼ ਲੱਭਿਆ ਜਾ ਸਕਦਾ ਹੈ। ਇਸ ਤਕਨੀਕ ਦੀ ਮਦਦ ਵਲੋਂ 2009 ਵਿੱਚ ਇੱਕ ਰੋਬੋਟ ਨੇ ਪਾਣੀ ਦੇ ਹੇਠੋਂ ਏਇਰ ਫ਼ਰਾਂਸ ਦਾ ਦੁਰਘਟਨਾਗਰਸਤ ਜਹਾਜ਼ ਖੋਜ ਕੱਢਿਆ ਸੀ। ਲਾਇਬਨਿਤਸ ਸਮੁੰਦਰੀ ਵਿਗਿਆਨ ਸੰਸਥਾਨ ਦੇ ਪੇਟਰ ਹੈਰਤਸਿਸ਼ ਅਤੇ ਉਨ੍ਹਾਂ ਦੀ ਟੀਮ ਨੇ ਕਾਰਟੋਗਰਾਫੀ ਲਈ ਇਹ ਰੋਬੋਟ ਵਿਕਸਿਤ ਕੀਤਾ ਸੀ। ਉਨ੍ਹਾਂ ਨੂੰ ਉਮੀਦ ਸੀ ਕਿ ਇਸਤੋਂ ਹਵਾਈ ਜਹਾਜ ਦਾ ਵੀ ਪਤਾ ਲਗਾਇਆ ਜਾ ਸਕਦਾ ਹੈ।

**ਆਪਣੇ ਆਪ ਸੋਚਣਾ ਹੋਵੇਗਾ ਰੋਬੋਟਾਂ ਨੂੰ:** ਰੋਬੋਟਾਂ ਨੂੰ ਆਪਣੇ ਆਪ ਵਲੋਂ ਸੋਚਣਾ ਸੀਖਣਾ ਹੋਵੇਗਾ। ਧਰਤੀ ਵਲੋਂ ਬਾਹਰ ਜਾਣ ਵਾਲੇ ਰੋਬੋਟਾਂ ਲਈ ਤਾਂ ਇਹ ਹੋਰ ਵੀ ਜਰੂਰੀ ਹੈ ਲੇਕਿਨ ਕੀ ਸਚਮੁੱਚ ਇਹ ਸੰਭਵ ਹੈ ਕਿ ਰੋਬੋਟ ਆਪਣੇ ਆਪ ਹੀ ਸੋਚੇ ਅਤੇ ਆਪਣੇ ਆਪ ਹੀ ਕੰਮ ਕਰੇ।

ਬਰੇਮੇਨ ਦੀ ਜੈਕਬ ਯੂਨੀਵਰਸਿਟੀ ਦੇ ਆਂਦਰਿਆਸ ਬਿਰਕ ਨੇ ਇਸੇ ਤਰ੍ਹਾਂ ਦੇ ਰੋਬੋਟੋਂ ਦਾ ਇਸਤੇਮਾਲ ਕੁਦਰਤੀ ਸਮੱਸਿਆਵਾਂ ਦੇ ਸਮੇਂ ਖਤਰਨਾਕ ਥਾਵਾਂ ਉੱਤੇ ਕੀਤਾ ਹੈ। ਅਸੀਂ ਇਹ ਵਿਖਾ ਸਕਦੇ ਹਾਂ ਕਿ ਰੋਬੋਟ ਗਰਿਪਰ ਚੀਜ਼ਾਂ ਨੂੰ ਬਹੁਤ ਚੰਗੇ ਤਰੀਕੇ ਨਾਲ ਫੜ ਸਕਦਾ ਹੈ ਅਤੇ ਇਹ ਉਸਨੂੰ ਸਿੱਧਾ ਰੱਖਦਾ ਹੈ।

ਆਉਣ ਵਾਲਾ ਭਵਿੱਖ ਰੋਬੋਟਾਂ ਦਾ ਹੈ। ਜਲਦੀ ਅਸੀਂ ਅਜਿਹੀ ਦੁਨੀਆਂ ਵਿੱਚ ਪ੍ਰਵੇਸ਼ ਕਰਨ ਵਾਲੇ ਹਾਂ ਜਦੋਂ ਹਰ ਆਮ ਘਰੇਲੂ ਵਰਤੋਂ ਦੇ ਕੰਮਾਂ ਕਾਰਾਂ ਵਿੱਚ ਸਾਨੂੰ ਰੋਬੋਟ ਹੀ ਨਜ਼ਰ ਆਉਣਗੇ। ਇਹ ਸੋਚਣਾ ਬਣਦਾ ਹੈ ਕਿ ਕੀ ਮਨੁੱਖ ਇਸ ਨਾਲ ਨਿਕਾਰਾ ਤਾਂ ਨੀਂ ਹੋ ਜਾਵੇਗਾ।

**-ਜਸਪ੍ਰੀਤ ਕੌਰ ਸੋਹੀ**

## ਚਰਬੀ ਘੱਟ ਕਰਨੀ ਹੈ ਤਾਂ ਪੌੜੀਆਂ ਚੜ੍ਹੋ

ਪਹਿਲਾਂ ਅਮੀਰ ਦੇਸ਼ਾਂ ਦੀ ਸਮੱਸਿਆ ਮੰਨਿਆ ਜਾਣ ਵਾਲਾ ਮੋਟਾਪਾ ਹੁਣ ਕਈ ਦੱਖਣੀ ਏਸ਼ੀਆ ਦੇਸ਼ਾਂ ਦਾ ਸਿਰ ਦਰਦ ਬਣ ਗਿਆ ਹੈ, ਸਿੰਗਾਪੁਰ ਵਿੱਚ ਮਹਾਂਮਾਰੀ ਦੀ ਤਰ੍ਹਾਂ ਫੈਲਦੇ ਮੋਟਾਪੇ ਨੂੰ ਜੜ੍ਹ ਫਲਾਉਣ ਤੋਂ ਪਹਿਲਾਂ ਹੀ ਮਿਟਾ ਦੇਣ ਦੇ ਲਈ ਅਨੋਖੇ ਪ੍ਰਯੋਗ ਕਰ ਰਹੇ ਹਨ।

ਸੱਤ ਸਾਲ ਪਹਿਲਾਂ ਸਿੰਗਾਪੁਰ ਦੇ ਸ਼ਾਨ ਚਿਨ ਦੇ ਸਰੀਰ ਵਿੱਚ ਫੈਟ ਦੀ ਮਾਤਰਾ 24 ਫੀਸਦੀ ਮਿਲੀ, ਹੁਣ ਉਹ ਘਟਕੇ ਕੇਵਲ ਨੌ ਪ੍ਰਤੀਸ਼ਤ ਰਹਿ ਗਈ ਹੈ ਅਤੇ ਉਹ ਪਹਿਲਾਂ ਨਾਲੋਂ ਕਾਫੀ ਜ਼ਿਆਦਾ ਪਤਲੇ ਹੋ ਗਏ ਹਨ। ਚਿਨ ਹੁਣ ਪਰਸਨਲ ਟ੍ਰੇਨਰ ਦੇ ਰੂਪ ਵਿੱਚ ਆਪਣੇ ਕਈ ਗਾਹਕਾਂ ਨੂੰ ਘਰ ਜਾਕੇ ਮੋਟਾਪਾ ਘੱਟ ਕਰਨ ਦੀ ਜੰਗ ਵਿੱਚ ਮਦਦ ਕਰ ਰਹੇ ਹਨ। ਇੱਕ ਵੱਡੀ ਮੁਸਕਾਨ ਦੇ ਨਾਲ ਉਹ ਕਹਿੰਦੇ ਹਨ, "ਮੋਟਾਪੇ ਤੋਂ ਨਿਜਾਤ ਪਾਉਣ ਲਈ ਸਭ ਤੋਂ ਜ਼ਰੂਰੀ ਕਦਮ ਹੈ ਆਤਮ ਵਿਸ਼ਵਾਸ ਵਧਾਉਣਾ। ਮੈਂ ਆਪਣੇ ਮੋਟਾਪੇ ਦੇ ਸਮੇਂ ਦੀਆਂ ਤਸਵੀਰਾਂ ਦਿਖਾਕੇ ਗਾਹਕਾਂ ਦੇ ਮਨ 'ਚ ਵਿਸ਼ਵਾਸ ਜਗਾਉਣ ਦੀ ਕੋਸ਼ਿਸ਼ ਕਰਦਾ ਹਾਂ। ਮੇਰਾ ਵਿਚਾਰ ਹੈ, ਜੇਕਰ ਮੈਂ ਅਜਿਹਾ ਕਰ ਸਕਦਾ ਤਾਂ ਤੁਸੀਂ ਵੀ ਕਰ ਸਕਦੇ ਹੋ।"

### ਇਸ ਲਈ ਕਿ ਮੋਟਾਪਾ ਨਾ ਹੋਵੇ ਆਮ

ਸਿੰਗਾਪੁਰ ਦੇ ਸਵਸਥ ਵਿਕਾਸ ਬੋਰਡ ਦੇ ਸੀ. ਆਈ. ਓ ਜੀ ਯੂੰਗ ਕਾਂਗ ਦਾ ਕਹਿਣਾ ਹੈ ਕਿ ਮੋਟਾਪਾ ਸਰਕਾਰ ਦੀ ਪ੍ਰਾਥਮਿਕਤਾ ਹੈ, "ਅਜਿਹਾ ਹੁੰਦਾ ਹੈ ਕਿ ਜੇਕਰ ਜ਼ਿਆਦਾਤਰ ਲੋਕ ਮੋਟੇ ਹੋ ਜਾਂਦੇ ਤਾਂ ਉਹ ਇਕ ਬਰਾਬਰਤਾ ਵਾਲੀ ਗੱਲ ਹੋ ਜਾਂਦੀ ਹੈ ਅਤੇ ਹੌਲੀ-ਹੌਲੀ ਬਾਜ਼ਾਰ ਅਤੇ ਪੂਰਾ ਢਾਂਚਾ ਉਸਨੂੰ ਅਪਨਾ ਲੈਂਦਾ ਹੈ ਅਤੇ ਇਸ ਨਾਲ ਕਈ ਦੂਸਰੇ ਲੋਕ ਵੀ ਉਸੇ ਤਰ੍ਹਾਂ ਦੀ ਜੀਵਨਸ਼ੈਲੀ ਦਾ ਹਿੱਸਾ ਬਣ ਜਾਂਦੇ ਹਨ।" 2010 ਵਿੱਚ ਸਿੰਗਾਪੁਰ ਵਿੱਚ ਮੋਟਾਪੇ ਦੀ ਦਰ ਲਗਭਗ 13 ਤੋਂ 14 ਫੀਸਦੀ ਦਰਜ ਕੀਤੀ ਗਈ ਜੋ 2004 ਵਿੱਚ ਦਰਜ ਹੋਈ 8.6 ਫੀਸਦੀ ਤੋਂ ਕਿਤੇ ਜ਼ਿਆਦਾ ਦਿਖਾਈ ਦਿੰਦੀਆਂ ਹਨ। ਮਲੇਸ਼ੀਆ ਵਿੱਚ ਹਰ ਦੋ ਵਿੱਚੋਂ ਇੱਕ ਵਿਅਕਤੀ ਜਾਂ ਤਾਂ ਆਪਣੇ ਆਦਰਸ਼ ਭਾਰ ਤੋਂ ਜ਼ਿਆਦਾ ਭਾਰ ਵਾਲਾ ਜਾਂ ਫਿਰ ਸਾਫ਼ ਸਾਫ਼ ਮੋਟਾਪੇ ਦਾ ਸ਼ਿਕਾਰ ਹੈ। ਥਾਈਲੈਂਡ ਵਿੱਚ ਮੋਟਾਪਾ 1991 ਤੋਂ 2009 ਦੇ ਵਿੱਚ ਲਗਭਗ ਦੋਗੁਣਾ ਹੋ ਗਿਆ ਹੈ।

ਪੂਰੀ ਦੁਨੀਆਂ ਵਿੱਚ ਦੇਖਿਆ ਜਾਵੇ ਤਾਂ ਹੁਣ ਵੀ ਦੱਖਣੀ ਪੂਰਵੀ ਏਸ਼ੀਆਈ ਦੇਸ਼ਾਂ ਵਿੱਚ ਮੋਟਾਪੇ ਦੀ ਦਰ ਸਭ ਤੋਂ ਘੱਟ ਹੈ ਪਰ



ਕਾਫੀ ਤੇਜੀ ਨਾਲ ਵਧ ਰਹੀ ਹੈ। ਲੋਕਾਂ ਦਾ ਕੰਮ ਘੱਟ ਕਰਨਾ, ਦੌੜ ਭੱਜ ਘੱਟ ਕਰਨੀ ਅਤੇ ਫਾਸਟ ਫੂਡ ਵੱਲ ਵਧਦਾ ਧਿਆਨ ਇਨ੍ਹਾਂ ਦੇਸ਼ਾਂ ਵਿੱਚ ਮੋਟਾਪੇ ਦਾ ਕਾਰਨ ਬਣ ਸਕਦਾ ਹੈ। ਵਿਸ਼ਵ ਸਵਸਥ ਸੰਗਠਨ ਨੇ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਮੋਟਾਪੇ ਤੋਂ ਬਚਣ ਦੇ ਲਈ ਪਹਿਲਾਂ ਤੋਂ ਹੀ ਕਦਮ ਉਠਾਏ ਜਾਣ ਜਿਸ ਨਾਲ ਬਾਅਦ ਵਿੱਚ ਛੁਟਕਾਰਾ ਪਾਉਣ ਦੀ ਕੋਸ਼ਿਸ਼ ਬਹੁਤ ਮਹਿੰਗੀ ਪੈਂਦੀ ਹੈ।

### ਬੀਮਾਰੀਆਂ ਦੀ ਜੜ੍ਹ

ਮੋਟਾਪੇ ਦੇ ਕਾਰਨ ਡਾਇਬਟੀਜ਼ ਅਤੇ ਦਿਲ ਦੀਆਂ ਬੀਮਾਰੀਆਂ ਤੋਂ ਲੈਕੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਘੇਰ ਲੈਂਦੀਆ ਹਨ। ਥਾਈਲੈਂਡ ਵਿੱਚ ਸਰਕਾਰੀ ਸਕੂਲਾਂ ਵਿੱਚ ਕਾਰਬਨੇਟਡ ਸਾਫਟ ਡ੍ਰਿਕਸ ਦੀ ਬਿਕਰੀ 'ਤੇ ਰੋਕ ਲਗਾ ਦਿੱਤੀ ਗਈ ਹੈ। ਸਰਕਾਰ ਜ਼ਿਆਦਾ ਕੈਲੋਰੀ ਵਾਲੀਆਂ ਚੀਜ਼ਾਂ ਅਤੇ ਮਿੱਠੀਆਂ ਖਾਣ ਵਾਲੀਆਂ ਚੀਜ਼ਾਂ 'ਤੇ ਟੈਕਸ ਵਧਾਉਣ ਬਾਰੇ ਵਿੱਚ ਵੀ ਸੋਚ ਰਹੀ ਹੈ। ਇਹ ਕਦਮ ਇਸ ਗੱਲ ਦੇ ਮੱਦੇਨਜ਼ਰ ਉਠਾਇਆ ਜਾ ਸਕਦਾ ਹੈ ਕਿ ਆਮ ਤੌਰ 'ਤੇ ਥਾਈ ਲੋਕ ਹਰ ਦਿਨ ਔਸਤਨ ਛੇ ਚਮਚ ਦੇ ਬਜਾਏ ਲਗਭਗ 23 ਚਮਚ ਚੀਨੀ ਜਿਨਾਂ ਮਿੱਠਾ ਖਾਂਦੇ ਹਨ।

### ਰੱਖੋ ਪੋਸ਼ਣ ਦਾ ਖਿਆਲ

ਸਿੰਗਾਪੁਰ ਵਿੱਚ ਕਈ ਕੇਅਰ ਹੋਮ ਬੱਚਿਆਂ ਨੂੰ ਚਿੱਟੇ ਚੌਲਾਂ ਦੀ ਥਾਂ ਘੱਟ ਮੋਟਾ ਕਰਨ ਵਾਲੇ ਭੂਰੇ ਰੰਗ ਦੇ ਚੌਲ ਖਿਵਾਉਦੇ ਹਨ। ਥਾਂ-ਥਾਂ ਤੇ ਇਮਾਰਤਾਂ 'ਤੇ ਨਿਸ਼ਾਨ ਬਣਾਕੇ ਲਿਖਿਆ ਗਿਆ ਹੈ ਕਿ ਲਿਫਟ ਦੀ ਥਾਂ ਪੌੜੀਆਂ ਦੀ ਵਰਤੋਂ ਕਰੋ। ਇੱਥੋਂ ਤੱਕ ਕਿ ਸਰਕਾਰ ਨੇ ਆਪਣੇ ਨਿਵਾਸਿਆਂ ਦੇ ਸਾਹਮਣੇ ਆਉਣ ਵਾਲੇ ਤਿੰਨ ਸਾਲਾਂ ਦੇ ਅੰਦਰ ਕੁੱਲ ਮਿਲਾਕੇ 10 ਲੱਖ ਕਿਲੋਗ੍ਰਾਮ ਭਾਰ ਘੱਟ ਕਰਨ ਦਾ ਦਾਅਵਾ ਕੀਤਾ ਹੈ। ਅਜਿਹਾ ਕਰਨ ਲਈ ਹਰ ਥਾਂ 'ਤੇ ਲੋਕਾਂ ਨੂੰ ਕਈ ਤਰ੍ਹਾਂ ਦੇ ਇਨਾਮ ਦੇ ਕੇ ਭਾਰ ਘੱਟ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਚਿਨ ਦਾ ਕਹਿਣਾ ਹੈ ਕਿ, "ਕਸਰਤ ਦੇ ਨਾਲ-ਨਾਲ ਪੋਸ਼ਣ ਦਾ ਵੀ ਖਿਆਲ ਰੱਖਣਾ ਜ਼ਰੂਰੀ ਹੈ। ਇਸਦਾ ਅੰਤ ਵੀ ਨੁਕਸਾਨ ਕਰ ਸਕਦਾ ਹੈ। ਚੰਗਾ ਖਾਵੋਂਗੇ ਤਾਂ ਸਰੀਰ ਵੀ ਤੁਹਾਨੂੰ ਆਪਣੇ ਅੰਦਾਜ਼ ਵਿੱਚ ਧੰਨਵਾਦ ਕਹੇਗਾ।"

# ਜਾਦੂ ਦੇ ਟਰਿੱਕ

**ਸਰਜੀਤ ਤਲਵਾਰ**



## ਹਵਾ ਵਿਚ ਉਠਾ ਕੇ ਲੜਕੀ ਨੂੰ ਗਾਇਬ ਕਰਨਾ

ਜਾਦੂਗਰ ਸਭ ਤੋਂ ਪਹਿਲਾਂ ਇਕ ਕੁੜੀ ਨੂੰ ਹਿਪਨੋਟਾਇਜ਼ ਕਰਦਾ ਹੈ ਫਿਰ ਉਸ ਨੂੰ ਮੇਜ਼ ਦੇ ਉੱਪਰ ਲਿਟਾ ਦਿੰਦਾ ਹੈ। ਜਾਦੂਗਰ ਦੇ ਸਹਿਯੋਗੀ ਉਸ ਦੇ ਉੱਪਰ ਚਾਦਰ ਪਾ ਦਿੰਦੇ ਹਨ। ਇਸ ਤੋਂ ਬਾਅਦ ਜਾਦੂਗਰ ਆਪਣੇ ਜਾਦੂ ਦੇ ਪ੍ਰਭਾਵ ਦੇ ਕਾਰਨ ਉਸ ਲੜਕੀ ਨੂੰ ਹਵਾ ਦੇ ਵਿਚ ਆਪਣੇ ਸਿਰ ਤੋਂ ਚਾਰ ਪੰਜ ਫੁੱਟ ਉੱਚੀ ਚੁੱਕ ਦਿੰਦਾ ਹੈ। ਲੜਕੀ ਹਵਾ ਦੇ ਵਿਚ ਲਟਕ ਜਾਂਦੀ ਹੈ। ਫਿਰ ਜਾਦੂਗਰ ਕੁਝ ਮੰਤਰਾਂ ਦਾ ਜਾਪ ਕਰਦਾ ਹੈ ਅਤੇ ਇਕਦਮ ਕੱਪੜਾ ਥੱਲੇ ਖਿੱਚ ਲੈਂਦਾ ਹੈ ਪਰ ਲੜਕੀ ਕੱਪੜੇ ਦੇ ਵਿਚ ਨਹੀਂ ਹੁੰਦੀ। ਸਾਰੇ ਦਰਸ਼ਕ ਦੇਖ ਹੈਰਾਨ ਹੋ ਤਾਲੀਆਂ ਵਜਾਉਂਦੇ ਹਨ।



**ਜਾਦੂ ਦਾ ਸਾਮਾਨ** : ਕੁਝ ਸਹਿਯੋਗੀ, ਚਾਦਰ, ਇਕ ਵੱਡਾ ਰਬੜ ਦਾ ਗੁਬਾਰਾ, ਰੁਮਾਲ ਅਤੇ ਬਾਰੀਕ ਸੂਈ।

**ਜਾਦੂ ਦੀ ਤਿਆਰੀ** : ਪਰੈਕਟਿਸ। ਇਕ ਵੱਡਾ ਪਰਦਾ ਸਟੇਜ਼ ਦੇ ਪਿੱਛੇ ਅਤੇ ਉਸੇ ਰੰਗ ਦਾ ਛੋਟਾ ਪਰਦਾ ਮੇਜ਼ ਦੀਆਂ ਪਿਛਲੀਆਂ ਲੱਤਾਂ ਨਾਲ ਬੰਨ੍ਹ ਦਿਓ।

**ਜਾਦੂ ਦਾ ਪ੍ਰਦਰਸ਼ਨ** : ਕਿਸੇ ਦਰਸ਼ਕ ਨੂੰ ਸਟੇਜ਼ ਉੱਪਰ ਬੁਲਾਓ। ਇਹ ਤੁਹਾਡਾ ਸਾਥੀ ਹੋਵੇਗਾ ਉਸਨੂੰ ਹਿਪਨੋਟਾਇਜ਼ ਕਰਨ ਦਾ ਬਹਾਨਾ ਕਰੋ। ਉਹ ਅੱਖਾਂ ਬੰਦ ਕਰ ਲਵੇਗਾ। ਉਸਨੂੰ ਵਿਸ਼ੇਸ਼ ਪਰਦੇ ਵਾਲੀ ਮੇਜ਼ ਤੇ ਲਿਟਾ ਦਿਓ। ਉਸ ਦੇ ਕੋਲ ਖੜ ਕੇ ਆਪਣਾ ਡੰਡਾ ਉਸ ਦੇ ਚਾਰੇ ਪਾਸੇ ਘੁਮਾਓ। ਮੰਤਰਾਂ ਦਾ ਜਾਪ ਕਰੋ। ਇਸ ਤੋਂ ਬਾਅਦ ਤੁਹਾਡੇ ਸਹਿਯੋਗੀ ਤੁਹਾਡੇ ਆਦੇਸ਼ ਤੇ ਉਸ ਮੇਜ਼ ਤੇ ਪਏ ਦਰਸ਼ਕ ਦੇ ਸਰੀਰ ਨੂੰ ਕੱਪੜੇ ਦੇ ਨਾਲ ਢੱਕ ਦਿੰਦੇ ਹਨ। ਉਹ ਇਸ ਢੰਗ ਨਾਲ ਮੇਜ਼ ਨੂੰ ਢੱਕਦੇ ਹਨ ਕਿ ਮੇਜ਼ ਤੇ ਪਿਆ ਦਰਸ਼ਕ ਉਨ੍ਹਾਂ ਦੇ ਉਹਲੇ ਵਿਚ ਮੇਜ਼ ਤੇ ਲੱਗੇ ਛੋਟੇ ਪਰਦੇ ਦੇ ਪਿੱਛੇ ਜਾ ਕੇ ਛੁਪ ਜਾਂਦਾ ਹੈ ਅਤੇ ਆਪਣੀ ਸਿਰ ਵਾਲੀ ਥਾਂ ਹਵਾ ਦਾ ਭਰਿਆ ਗੁਬਾਰਾ ਰੱਖ ਦਿੰਦਾ ਹੈ ਅਤੇ ਆਪ ਪਰਦੇ ਦੇ ਪਿਛੋਂ ਦੀ ਸਟੇਜ਼ ਤੋਂ ਉਤਰ ਕੇ ਦਰਸ਼ਕਾਂ ਦੇ ਪਿੱਛੇ ਜਾ ਕੇ ਛੁਪ ਜਾਂਦਾ ਹੈ। ਹੁਣ ਤੁਸੀਂ ਬੇਹੋਸ਼ ਸਰੀਰ ਨੂੰ ਉੱਪਰ ਉੱਠਣ ਦਾ ਆਦੇਸ਼ ਦਿੰਦੇ ਹੋ ਜਿਸ ਨੂੰ ਸੁਣ ਕੇ ਤੁਹਾਡੇ ਸਹਿਯੋਗੀ ਜੋ ਪਰਦੇ ਦੇ ਪਿੱਛੇ ਛੁਪੇ ਹੁੰਦੇ ਹਨ ਲੰਬੀਆਂ ਸੋਟੀਆਂ ਦੇ ਨਾਲ ਕੱਪੜੇ ਨੂੰ ਉੱਪਰ ਚੁੱਕਣਾ ਸ਼ੁਰੂ ਕਰ ਦਿੰਦੇ ਹਨ ਅਤੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਸਰੀਰ ਹਵਾ ਦੇ ਵਿਚ ਉੱਡ ਰਿਹਾ ਹੈ। ਜਦੋਂ ਸਰੀਰ ਉੱਪਰ ਜਾ ਰਿਹਾ ਹੁੰਦਾ ਹੈ ਤਾਂ ਤੁਹਾਨੂੰ ਸਟੇਜ਼ ਤੇ ਕਿਸੇ ਪ੍ਰਕਾਰ ਦਾ ਸੰਗੀਤ ਜ਼ਰੂਰ ਵਜਾਉਣਾ ਚਾਹੀਦਾ ਹੈ। ਹੁਣ ਜਦੋਂ ਕੱਪੜਾ ਕਾਫੀ ਉੱਚਾ ਚੁੱਕਿਆ ਜਾਵੇ ਤਾਂ ਤੁਸੀਂ ਇਕਦਮ ਕੱਪੜਾ ਥੱਲੇ ਖਿੱਚ ਲਵੋ ਅਤੇ ਉਸ ਵਿਚਲੇ ਗੁਬਾਰੇ ਨੂੰ ਕਿਸੇ ਤਿੱਖੀ ਚੀਜ਼ ਦੇ ਨਾਲ ਫੋੜ ਦੇਵੋ। ਸੰਗੀਤ ਦੀ ਆਵਾਜ਼ ਦੇ ਕਾਰਨ ਗੁਬਾਰੇ ਦੇ ਫਟਣ ਦੀ ਆਵਾਜ਼ ਨਹੀਂ ਆਵੇਗੀ। ਦਰਸ਼ਕ ਖਾਲੀ ਕੱਪੜਾ ਦੇਖ ਕੇ ਹੈਰਾਨ ਹੋ ਜਾਣਗੇ ਅਤੇ ਸੋਚਣ ਤੇ ਮਜ਼ਬੂਰ ਹੋ ਜਾਣਗੇ ਕਿ ਦਰਸ਼ਕ ਗਿਆ ਤਾਂ ਕਿਥੇ ਗਿਆ। ਇਸੇ ਦੌਰਾਨ ਤੁਸੀਂ ਤਾੜੀ ਮਾਰੋ ਦਰਸ਼ਕਾਂ ਦੇ ਪਿੱਛੇ ਛੁਪਿਆ ਤੁਹਾਡਾ ਸਹਿਯੋਗੀ ਦਰਸ਼ਕ ਸਟੇਜ਼ ਵੱਲ ਆ ਜਾਵੇਗਾ। ਦਰਸ਼ਕ ਉਸ ਨੂੰ ਆਪਣੇ ਪਿੱਛੇ ਦੇਖ ਕੇ ਹੈਰਾਨ ਹੋ ਜਾਣਗੇ। ਦਰਸ਼ਕ ਤੁਹਾਡੀ ਜਾਦੂਸ਼ਕਤੀ ਤੋਂ ਪ੍ਰਭਾਵਿਤ ਹੋ ਕੇ ਤੁਹਾਡੀ ਪ੍ਰਸ਼ੰਸਾ ਕਰਨਗੇ।

## ਸ਼ਕਤੀਸ਼ਾਲੀ ਨੋਟ

ਜਾਦੂਗਰ ਸਟੇਜ਼ ਦੇ ਉੱਪਰ ਕਿਸੇ ਦਰਸ਼ਕ ਨੂੰ ਬੁਲਾਉਂਦਾ ਹੈ। ਉਸ ਦੇ ਹੱਥ ਵਿਚ ਇਕ ਪੈਨਸਲ ਪਕੜਾ ਦਿੰਦਾ ਹੈ ਅਤੇ ਉਸਨੂੰ ਉਹ ਪੈਂਸਿਲ ਚੈੱਕ ਕਰਨ ਦੇ ਲਈ ਆਖਦਾ ਹੈ। ਦਰਸ਼ਕ ਪੈਨਸਲ ਦੇ ਬਿਲਕੁਲ ਠੀਕ ਹੋਣ ਦੀ ਪੁਸ਼ਟੀ ਕਰਦਾ ਹੈ। ਜਾਦੂਗਰ ਇਸ ਪੈਨਸਲ ਦੇ ਉੱਪਰ ਪੰਜ ਰੁਪਏ ਦਾ ਨੋਟ ਮਾਰਦਾ ਹੈ। ਪਰ ਪੈਨਸਲ ਨਹੀਂ ਟੁੱਟਦੀ। ਫਿਰ ਜਾਦੂਗਰ ਸੌ ਦਾ ਨੋਟ ਪੈਨਸਲ ਤੇ ਮਾਰਦਾ ਹੈ ਪੈਨਸਲ ਟੁੱਟ ਜਾਂਦੀ ਹੈ। ਸਾਰੇ ਦਰਸ਼ਕ ਹੈਰਾਨ ਰਹਿ ਜਾਂਦੇ ਹਨ। ਸਟੇਜ਼ ਤੇ ਆਏ ਦਰਸ਼ਕ ਦੇ ਹੱਥ ਦੇ ਵਿੱਚ ਪੈਂਸਿਲ ਦੇ ਟੋਟੇ ਰਹਿ ਜਾਂਦੇ ਹਨ।

**ਜਾਦੂ ਦਾ ਸਾਮਾਨ** : ਪੰਜ, ਦਸ, ਪੰਜਾਹ ਅਤੇ ਸੌ ਰੁਪਏ ਦੇ ਨੋਟ, ਇਕ ਪੈਂਸਿਲ।

**ਜਾਦੂ ਦੀ ਤਿਆਰੀ** : ਆਪਣੇ ਸਹਿਯੋਗੀ ਨੂੰ ਦਰਸ਼ਕਾਂ ਦੇ ਵਿਚ ਦਰਸ਼ਕ ਬਣਾ ਕੇ ਪਹਿਲਾਂ ਤੋਂ ਹੀ ਬੈਠਾ ਦਿਓ।

**ਜਾਦੂ ਦਾ ਪ੍ਰਦਰਸ਼ਨ** : ਤੁਸੀਂ ਸਟੇਜ਼ ਦੇ ਉੱਪਰ ਆ ਕੇ ਆਪਣੇ ਦਿਖਾਏ ਜਾਣ ਵਾਲੇ ਜਾਦੂ ਦੇ ਬਾਰੇ ਵਿਚ ਦਰਸ਼ਕਾਂ ਨੂੰ ਦੱਸੋ ਕਿ ਪੈਸੇ ਵਿਚ ਬਹੁਤ ਤਾਕਤ ਹੁੰਦੀ ਹੈ ਅਤੇ ਦੂਜੀ ਦਰਸ਼ਕਾਂ ਨੂੰ ਪੈਸੇ ਦੀ ਇਸ ਤਾਕਤ ਦਾ ਪ੍ਰਦਰਸ਼ਨ ਕਰਕੇ ਦਿਖਾ ਰਹੇ ਹੋ।" ਸਾਰੇ ਦਰਸ਼ਕ ਤੁਹਾਡੇ ਵੱਲ ਹੈਰਾਨੀ ਦੇ ਨਾਲ ਦੇਖਣਗੇ। ਹੁਣ ਤੁਸੀਂ ਕਿਸੇ ਦਰਸ਼ਕ ਨੂੰ ਸਟੇਜ਼ ਤੇ ਬੁਲਾਓ ਕਈ ਦਰਸ਼ਕ ਆਉਣ ਲਈ ਤਿਆਰ ਹੋ ਜਾਣਗੇ। ਤੁਸੀਂ ਸਿਰਫ ਆਪਣੇ ਸਹਿਯੋਗੀ ਦਰਸ਼ਕ ਨੂੰ ਹੀ ਸਟੇਜ਼ ਦੇ ਉੱਪਰ ਬੁਲਾਓ। ਉਸ ਦੇ ਹੱਥ ਦੇ ਵਿਚ ਪੈਂਸਿਲ ਪਕੜਾ ਦਿਓ ਅਤੇ ਉਸ ਨੂੰ ਚੈੱਕ ਕਰਨ ਦੇ ਲਈ ਕਹੋ ਅਤੇ ਉਹ ਇਸ ਪੈਂਸਿਲ ਨੂੰ ਚੈਕ ਕਰ ਲਵੇ ਤਾਂ ਉਸਨੂੰ ਇਹ ਪੈਂਸਿਲ ਦੂਸਰੇ ਦਰਸ਼ਕਾਂ ਨੂੰ ਦਿਖਾਉਣ ਦੇ ਲਈ ਆਖੋ। ਜਦੋਂ ਸਾਰੇ ਦਰਸ਼ਕ ਸੰਤੁਸ਼ਟ ਹੋ ਜਾਣ ਤਾਂ ਤੁਸੀਂ ਆਪਣੇ ਸਹਿਯੋਗੀ ਨੂੰ ਪੈਂਸਿਲ ਦੋਨੋਂ ਪਾਸਿਆਂ ਤੋਂ ਪਕੜਨ ਦੇ ਲਈ ਕਹੋ। ਜਦੋਂ ਉਹ ਪੈਂਸਿਲ ਦੋਨਾਂ ਪਾਸਿਆਂ ਤੋਂ ਪਕੜ ਲਵੇ ਤਾਂ ਤੁਸੀਂ ਆਪਣੀ ਜੇਬ ਦੇ ਵਿਚੋਂ 5 ਰੁਪਏ ਦਾ ਨੋਟ ਕੱਢੋ ਅਤੇ ਇਸ ਨੂੰ ਇਸ ਪੈਂਸਿਲ ਤੇ ਚਿੱਤਰ ਅਨੁਸਾਰ ਮਾਰੋ। ਪੈਂਸਿਲ ਨਹੀਂ ਟੁੱਟੇਗੀ। ਤੁਸੀਂ ਇਸੇ ਤਰ੍ਹਾਂ 10,50 ਦੇ ਨੋਟ ਵੀ ਇਕ ਇਕ ਕਰਕੇ ਪੈਂਸਿਲ ਦੇ ਉੱਪਰ ਮਾਰੋ ਪੈਨਸਲ ਨਹੀਂ ਟੁੱਟੇਗੀ। ਤੁਸੀਂ 100 ਰੁਪਏ ਦਾ ਨੋਟ ਆਪਣੀ ਜੇਬ ਦੇ ਵਿਚੋਂ ਕੱਢੋ ਅਤੇ ਪੈਂਸਿਲ ਤੇ ਬਾਹਰ ਹੀ ਜੋਰ ਨਾਲ ਮਾਰੋ ਅਤੇ ਪੈਂਸਿਲ ਟੁੱਟ ਜਾਵੇਗੀ ਕਿਉਂਕਿ ਤੁਹਾਡੇ ਦੁਆਰਾ ਜਦੋਂ ਨੋਟ ਪੈਂਸਿਲ ਦੇ ਉੱਪਰ ਮਾਰਿਆ ਜਾਂਦਾ ਹੈ ਤਾਂ ਤੁਹਾਡਾ ਸਹਿਯੋਗੀ ਦਰਸ਼ਕ ਪੈਂਸਿਲ ਨੂੰ ਨੋਟ ਵਜਣ ਸਾਰ ਜ਼ੋਰ ਨਾਲ ਤੋੜ ਦਿੰਦਾ ਹੈ ਅਤੇ ਪ੍ਰਦਰਸਨ ਇਸ ਗੱਲ ਦਾ ਕਰਦਾ ਹੈ ਕਿ ਪੈਂਸਿਲ ਨੋਟ ਵਜਣ

ਕਾਰਨ ਟੁੱਟੀ ਹੈ। ਸਹਿਯੋਗੀ ਦਰਸ਼ਕ ਹੈਰਾਨੀ ਦੇ ਨਾਲ ਪੈਂਸਿਲ ਦੇ ਦੋ ਟੁਕੜੇ ਹੱਥ ਵਿਚ ਲੈ ਖੜਾ ਰਹਿੰਦਾ ਹੈ। ਦਰਸ਼ਕ ਹੈਰਾਨ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਕਿਸੇ ਕਿਸਮ ਦਾ ਸ਼ੱਕ ਨਹੀਂ ਹੁੰਦਾ ਹੈ।

ਸ਼ੁਰੂ ਵਿਚ ਕਹੀ ਗੱਲ ਕਿ "ਰੁਪਏ ਵਿਚ ਬਹੁਤ ਤਾਕਤ ਹੈ" ਤੁਸੀਂ ਸਾਬਤ ਕਰ ਦਿੱਤੀ ਹੈ।

## ਕਾਰਨਾਮਾ ਮਾਚਿਸ ਦੀ ਤੀਲੀ ਦਾ

ਜਾਦੂਗਰ ਦੇ ਹੱਥ ਦੇ ਵਿਚ ਇਕ ਪਾਇਕ ਪਕੜਿਆ ਹੁੰਦਾ ਹੈ। ਉਹ ਉਸ ਪਾਇਪ ਦੇ ਵਿਚ ਮਾਚਿਸ ਦੀ ਤੀਲੀ ਦਾ ਮਸਾਲੇ ਵਾਲਾ ਪਾਸਾ ਹੇਠਾਂ ਕਰਕੇ ਪਾਉਂਦਾ ਹੈ ਪਰ ਜਦੋਂ ਮਾਚਿਸ ਪਾਇਪ ਦੇ ਵਿਚੋਂ ਬਾਹਰ ਨਿਕਲਦੀ ਹੈ ਤਾਂ ਉਸ ਦਾ ਮਸਾਲੇ ਵਾਲਾ ਪਾਸਾ ਥੱਲੇ ਦੀ ਥਾਂ ਉੱਪਰ ਨੂੰ ਹੁੰਦਾ ਹੈ ਸਾਰੇ ਦਰਸ਼ਕ ਹੈਰਾਨ ਰਹਿ ਜਾਂਦੇ ਹਨ ਕਿਉਂਕਿ ਪਾਇਪ ਦੇ ਵਿਚ ਇਨ੍ਹੀਂ ਥਾਂ ਨਹੀਂ ਹੁੰਦੀ ਕਿ ਮਾਚਿਸ ਦੀ ਤੀਲੀ ਪਾਇਪ ਦੇ ਅੰਦਰ ਮੁੜ ਕੇ ਸਿੱਧੀ ਹੋ ਜਾਵੇ।




**ਜਾਦੂ ਦਾ ਸਾਮਾਨ** : ਇਕ ਪਾਇਪ ਅਤੇ ਮਾਚਿਸ।

**ਜਾਦੂ ਦੀ ਤਿਆਰੀ** : ਇਕ ਸੀਂਖ (ਤੀਲੀ) ਬਣਾਓ ਜਿਸ ਦੇ ਦੋਨੋਂ ਪਾਸੇ ਮਸਾਲਾ ਲੱਗਿਆ ਹੋਵੇ। ਇਸ ਵਿਸ਼ੇਸ਼ ਮਾਚਿਸ ਦੀ ਤੀਲੀ ਨੂੰ ਤਿਆਰ ਕਰਕੇ ਮਾਚਿਸ ਦੀ ਡੱਬੀ ਦੇ ਵਿਚ ਪਾ ਦਿਓ। ਇਹ ਡੱਬੀ ਸਟੇਜ਼ ਦੇ ਉੱਪਰ ਪਏ ਮੇਜ਼ ਤੇ ਰੱਖੋ।

**ਜਾਦੂ ਦਾ ਪ੍ਰਦਰਸ਼ਨ** : ਸਟੇਜ਼ ਦੇ ਉੱਪਰ ਆ ਕੇ ਮੇਜ਼ ਤੋਂ ਕਾਗਜ਼ ਦੀ ਬਣੀ ਪਾਇਪ ਨੂੰ ਉਠਾਓ ਅਤੇ ਉਹ ਪਾਇਪ ਦਰਸ਼ਕਾਂ ਨੂੰ ਚੈੱਕ ਕਰਨ ਦੇ ਲਈ ਆਖੋ। ਜਦੋਂ ਦਰਸ਼ਕ ਕਹਿ ਦੇਣ ਕੇ ਪਾਇਪ ਸਧਾਰਨ ਕਾਗਜ਼ ਦੇ ਮੋੜਨ ਨਾਲ ਬਣੀ ਹੋਈ ਹੈ ਤਾਂ ਤੁਸੀਂ ਉਹ ਪਾਇਪ ਆਪਣੇ ਹੱਥ ਦੇ ਵਿਚ ਪਕੜ ਲਵੋ। ਹੁਣ ਤੁਸੀਂ ਮੇਜ਼ ਤੇ ਪਈ ਮਾਚਿਸ ਦੀ ਡੱਬੀ ਚੁਕੋ ਅਤੇ ਉਸ ਦੇ ਵਿਚੋਂ ਕੁਝ ਕੁ ਸੀਖਾਂ ਇਕ-ਇਕ ਕਰਕੇ ਮਚਾ ਦਿਓ। ਇਸ ਤੋਂ ਬਾਅਦ ਦਰਸ਼ਕਾਂ ਨੂੰ ਸੰਬੋਧਿਤ ਕਰਦੇ ਹੋਏ ਕਹੋ ਕਿ ਤੁਸੀਂ ਹੁਣ ਜਾਦੂ ਦਾ ਪ੍ਰਦਰਸ਼ਨ ਕਰਨ ਜਾ ਰਹੇ ਹੋ। ਪਾਇਪ ਨੂੰ ਖੱਬੇ ਹੱਥ ਦੇ ਵਿਚ ਵਿਚਕਾਰੋਂ ਪਕੜ ਲਵੋ ਅਤੇ ਮਾਚਿਸ ਦੇ ਵਿਚ ਵਿਸ਼ੇਸ਼ ਮਾਚਿਸ ਬਾਹਰ ਕੱਢ ਲਵੋ ਇਸ ਦਾ ਇਕ ਮਸਾਲੇ ਵਾਲਾ ਭਾਗ ਆਪਣੇ ਅੰਗੂਠੇ ਅਤੇ ਅੰਗੂਠੇ ਦੇ ਨਾਲ ਲੱਗਦੀ ਉਂਗਲ ਦੇ ਨਾਲ ਪਕੜ ਕੇ ਛੁਪਾ ਲਵੋ। ਇਹ ਮਾਚਿਸ ਦੀ ਤੀਲੀ ਸਧਾਰਨ ਮਾਚਿਸ ਦੀ ਤੀਲੀ ਲੱਗੇਗੀ ਹੁਣ ਤੁਸੀਂ ਇਸ ਦਾ ਮੂੰਹ ਥੱਲੇ ਕਰਕੇ ਪਾਇਪ ਦੇ ਵਿੱਚ ਪਾ ਦਿਓ ਅਤੇ ਜਲਦੀ ਦੇ ਨਾਲ ਆਪਣਾ ਹੱਥ ਥੱਲੇ ਲੈ ਜਾ ਕੇ ਤੀਲੀ ਦਾ ਹੇਠਲਾ ਮਸਾਲੇ ਵਾਲਾ ਦੂਸਰਾ ਸਿਰਾ ਆਪਣੇ ਅੰਗੂਠੇ ਅਤੇ ਉਂਗਲ ਦੇ ਨਾਲ ਅਸਾਨੀ ਨਾਲ ਛੁਪਾ ਲਵੋ ਅਤੇ ਇਸ ਮਾਚਿਸ ਦੀ ਤੀਲੀ ਨੂੰ ਹੌਲੀ ਹੌਲੀ ਪਾਇਪ ਦੇ ਵਿਚੋਂ ਬਾਹਰ ਕੱਢੋ ਦਰਸ਼ਕ ਮਸਾਲੇ ਨੂੰ ਉੱਪਰ ਦੇਖ ਕੇ ਹੈਰਾਨ ਰਹਿ ਜਾਣਗੇ ਕਿਉਂਕਿ ਪਾਇਪ ਦੇ ਇਨੇ ਬਾਰੀਕ ਹੋਣ ਕਾਰਨ ਤੀਲੀ ਮੁੜ ਤਾਂ ਸਕਦੀ ਨਹੀਂ ਇਸ ਲਈ ਉਸ ਦਾ ਮਸਾਲੇ ਵਾਲਾ ਸਿਰਾ ਥੱਲੇ ਹੋਣਾ ਚਾਹੀਦਾ ਸੀ ਪਰ ਉਹ ਸਿਰਾ ਥੱਲੇ ਦੀ ਥਾਂ ਉੱਪਰ ਹੈ। ਸਾਰੇ ਸੋਚਣ ਤੇ ਮਜਬੂਰ ਹੋ ਜਾਣਗੇ ਕਿ ਇਹ ਹੋਇਆ ਤੇ ਹੋਇਆ ਕਿਵੇਂ?

## ਪੱਤਾ ਬੋਲੇ ਆਪਣੇ ਆਪ

ਜਾਦੂਗਰ ਸਟੇਜ਼ ਦੇ ਉੱਪਰ ਆ ਕਿ ਇਕ ਤਾਸ਼ ਦੀ ਗੁੱਟੀ ਨੂੰ ਚੁੱਕਦਾ ਹੈ ਅਤੇ ਕਿਸੇ ਦਰਸ਼ਕ ਨੂੰ ਸਟੇਜ਼ ਦੇ ਉੱਪਰ ਬੁਲਾਉਂਦਾ ਹੈ ਉਹ ਦਰਸ਼ਕ ਦੇ ਸਾਹਮਣੇ ਸਾਰੀ ਤਾਸ਼ ਨੂੰ ਕਈ ਵਾਰ ਫੈਂਟਦਾ ਵੀ ਹੈ। ਜਾਦੂਗਰ ਦਰਸ਼ਕ ਨੂੰ ਸਾਰੀ ਤਾਸ਼ ਦੇ ਵਿਚੋਂ ਆਪਣੇ ਆਪ ਇਕ ਪੱਤਾ ਕੱਢ ਕੇ ਦਿੰਦਾ ਹੈ ਅਤੇ ਆਪਣੀਆਂ ਅੱਖਾਂ ਬੰਦ ਰੱਖਦਾ ਹੈ। ਜਾਦੂਗਰ ਇਹ ਪੱਤਾ ਉਸਨੂੰ ਵੇਖਣ ਲਈ ਆਖਦਾ ਹੈ ਅਤੇ ਹੋਰ ਦਰਸ਼ਕਾਂ ਨੂੰ ਵੀ ਦਿਖਾਉਣ ਦੇ ਲਈ ਆਖਦਾ ਹੈ। ਦਰਸ਼ਕ ਸਾਰੇ ਦਰਸ਼ਕਾਂ ਨੂੰ ਪੱਤਾ ਦਿਖਾਉਂਦਾ ਹੈ। ਫਿਰ ਜਾਦੂਗਰ ਉਸ ਨੂੰ ਹੌਲੀ-ਕੁ ਦੇਣੇ ਪੱਤਾ ਤਾਸ਼ ਦੇ ਵਿਚ ਰਲਾਉਣ ਦੇ ਲਈ ਆਖਦਾ ਹੈ ਜਦੋਂ ਦਰਸ਼ਕ ਆਪਣਾ ਪੱਤਾ ਤਾਸ਼ ਦੀ ਗੁੱਟੀ ਦੇ ਅੰਦਰ ਪਾ ਦਿੰਦਾ ਹੈ ਤਾਂ ਜਾਦੂਗਰ ਉਸ ਤਾਸ਼ ਦੇ ਕਈ ਫੈਂਟੇ ਮਾਰਦਾ ਹੈ ਅਤੇ ਅੱਖਾਂ ਬੰਦ ਕਰ ਲੈਂਦਾ ਹੈ। ਫਿਰ ਕੁਝ ਮੰਤਰਾਂ ਦਾ ਜਾਪ ਕਰਦਾ ਹੈ ਅਤੇ ਤਾਸ਼ ਨੂੰ ਦਰਸ਼ਕ ਦੇਕੋਲ ਕਰਦਾ ਹੈ ਇਕ ਪੱਤਾ ਤਾਸ਼ ਦੇ ਵਿਚ ਜਾਦੂਗਰ ਦੀ ਨਜ਼ਰ ਤੋਂ ਛੁਪਾ ਕੇ ਪਾਇਆ ਸੀ।

**ਜਾਦੂ ਦਾ ਸਾਮਾਨ** : ਤਾਸ਼ ਦੀ ਗੁੱਟੀ, ਇਕ ਪਤਲੀ ਲਾਸਟਿਕ।

**ਜਾਦੂ ਦੀ ਤਿਆਰੀ** : ਤਾਸ਼ ਦੇ ਕੋਈ ਵੀ ਦੋ ਪੱਤੇ ਲਵੋ ਉਨ੍ਹਾਂ ਦੋਨਾਂ ਦੇ ਵਿਚਕਾਰ ਇਕ ਪਤਲੀ ਲਾਸਟਿਕ ਇਸ ਤਰ੍ਹਾਂ ਬੰਨ੍ਹ ਦੇਵੋ ਕਿ ਜਦੋਂ ਕੋਈ ਤੀਸਰਾ ਪੱਤਾ ਇਨ੍ਹਾਂ ਦੇ ਵਿਚਕਾਰ ਪਾਇਆ ਜਾਵੇ ਤਾਂ ਉਹ ਪੱਤਾ ਇਨ੍ਹਾਂ ਦੋਨਾਂ ਪੱਤਿਆਂ ਦੇ ਅੰਤ ਤੱਕ ਸਮੇਤ ਲਾਸਟਿਕ ਅਸਾਨੀ ਨਾਲ ਪਹੁੰਚ ਜਾਵੇ। ਇਸ ਤਰ੍ਹਾਂ ਪ੍ਰਤੀਤ ਹੋਣਾ ਚਾਹੀਦਾ ਹੈ ਜਿਵੇਂ ਇਹ ਤਿੰਨੇ ਪੱਤੇ ਆਮ ਹੀ ਹਨ। ਇਨ੍ਹਾਂ ਵਿਸ਼ੇਸ਼ ਦੋ ਪੱਤਿਆਂ ਨੂੰ ਤਾਸ਼ ਦੇ ਵਿਚਕਾਰ ਹੀ ਰੱਖੋ। ਇਹ ਦੋਵੇਂ ਪੱਤੇ ਦਰਸ਼ਕਾਂ ਨੂੰ ਨਜ਼ਰ ਨਹੀਂ ਪੈਣੇ ਚਾਹੀਦੇ।

**ਜਾਦੂ ਦਾ ਪ੍ਰਦਰਸ਼ਨ** : ਸਭ ਤੋਂ ਪਹਿਲਾਂ ਇਕ ਦਰਸ਼ਕ ਨੂੰ ਸਟੇਜ਼ ਉੱਪਰ ਸੱਦੋ ਉਸ ਦੇ ਸਾਹਮਣੇ ਤਾਸ਼ ਦੇ ਫੈਂਟੇ ਵੀ ਮਾਰੋ। ਉਸ ਨੂੰ ਤਾਸ਼ ਦੇ ਕੁਝ ਉਪਰਲੇ ਅਤੇ ਕੁਝ ਥੱਲੇ ਵਾਲੇ ਪੱਤੇ ਦਿਖਾਓ। ਦਰਸ਼ਕ ਨੂੰ ਪੂਰਾ ਵਿਸ਼ਵਾਸ ਦਵਾ ਦੇਵੋ ਕਿ ਤਾਸ਼ ਆਮ ਹੀ ਹੈ। ਹੁਣ ਤੁਸੀਂ ਆਪ ਅੱਖਾਂ ਬੰਦ ਕਰ ਲਵੋ ਅਤੇ ਤਾਸ਼ ਦੇ ਵਿਚੋਂ ਇਕ ਪੱਤਾ ਕੱਢ ਕੇ ਦਰਸ਼ਕ ਨੂੰ ਪਕੜਾ ਦਿਓ। ਉਸਨੂੰ ਇਹ ਪੱਤਾ ਦਰਸ਼ਕਾਂ ਨੂੰ ਦਿਖਾਉਣ ਦੇ ਲਈ ਕਹੋ ਅਤੇ ਉਸਨੂੰ ਇਹ ਪੱਤਾ ਹੌਲੀ-ਕੁ-ਦੇਣੇ ਤਾਸ਼ ਵਿਚ ਮਿਲਾਉਣ ਦੇ ਲਈ ਆਖੋ। ਜਦੋਂ ਦਰਸ਼ਕ ਪੱਤਾ ਮਿਲਾਉਣ ਲੱਗੇ ਤਾਂ ਤੁਸੀਂ ਉਸ ਦਾ ਪੱਤਾ ਵਿਸ਼ੇਸ਼ ਤਿਆਰ ਕੀਤੇ ਪੱਤਿਆਂ ਦੇ ਵਿਚਕਾਰ ਹੀ ਧਰਾਉਣਾ ਹੈ ਜਦੋਂ ਦਰਸ਼ਕ ਆਪਣਾ ਪੱਤਾ ਅੱਧਾ ਤਾਸ਼ ਦੀ ਗੁੱਟੀ ਦੇ ਅੰਦਰ ਪਾ ਦੇਵੇ ਤਾਂ ਸਾਰੀ ਤਾਸ਼ ਸਮੇਤ ਪੱਤੇ ਆਪਣੇ ਖੱਬੇ ਹੱਥ ਦੇ ਵਿਚ ਲੈ ਲਵੋ ਅਤੇ ਦਰਸ਼ਕ ਦਾ ਬਾਕੀ ਅੱਧਾ ਰਹਿੰਦਾ ਪੱਤਾ ਵੀ ਤਾਸ਼ ਵਿਚ ਪਾ ਲਵੋ ਹੁਣ ਤਾਸ਼ ਨੂੰ ਇਕ ਪਾਸੇ ਤੋਂ ਕੱਸ ਕੇ ਪਕੜ ਲਵੋ। ਜਿਸ ਪਾਸੇ ਤੋਂ ਤਾਸ਼ ਦੇ ਪੱਤੇ ਨੇ ਲਾਸਟਿਕ ਦੀ ਸਹਾਇਤਾ ਨਾਲ ਬਾਹਰ ਨਿਕਲਣਾ ਹੈ। ਉਪਰਲੇ ਪਾਸੇ ਆਪਣੀ ਉਂਗਲ ਲਗਾ ਕੇ ਰੱਖੋ ਤਾਂ ਕੇ ਪੱਤਾ ਵਿਚ ਹੀ ਰਹੇ। ਹੁਣ ਤਾਸ਼ ਦੇ ਫੈਂਟੇ ਮਾਰੋ। ਅਤੇ ਫੈਂਟੇ ਮਾਰਨ ਤੋਂ ਬਾਅਦ ਮੰਤਰਾਂ ਦਾ ਜਾਪ ਕਰੋ। ਅਤੇ ਤਾਸ਼ ਦਾ ਉਹ ਪਾਸਾ ਜਿਥੋਂ ਪੱਤਾ ਬਾਹਰ ਆਉਣਾ ਹੈ। ਉੱਪਰ ਰੱਖ ਕੇ ਚਿੱਤਰ ਅਨੁਸਾਰ ਆਪਣੇ ਹੱਥ ਦੀ ਹਥੇਲੀ ਦੇ ਵਿਚ ਕਸ ਕੇ ਪਕੜ ਲਵੋ। ਅਤੇ ਦਰਸ਼ਕ ਦੇ ਮੂੰਹ ਦੇ ਕੋਲ ਲਿਜਾ ਕੇ ਹੌਲੀ ਕੁ-ਦੇਣੇ ਆਪਣੇ ਹੱਥ ਦੀ ਪਕੜ ਨੂੰ ਤਾਸ਼ ਤੋਂ ਢਿੱਲੀ ਕਰ ਦੇਵੋ। ਪੱਤਾ ਲਾਸਟਿਕ ਕਾਰਨ ਇਕਦਮ ਉੱਪਰ ਨੂੰ ਉਛਲੇਗਾ ਦਰਸ਼ਕ ਉਸਨੂੰ ਦੇਖ ਕੇ ਹੈਰਾਨ ਰਹਿ ਜਾਵੇਗਾ ਕਿਉਂਕਿ ਇਹ ਉਹੀ ਪੱਤਾ ਹੋਵੇਗਾ ਜੋ ਉਸ ਨੇ ਤਾਸ਼ ਦੇ ਵਿਚ ਤੁਹਾਡੀ ਨਜ਼ਰ ਤੋਂ ਛੁਪਾ ਕੇ ਪਾਇਆ ਸੀ ਅਤੇ ਤੁਸੀਂ ਪੱਤਾ ਤਾਸ਼ ਵਿਚ ਪਵਾਉਣ ਤੋਂ ਬਾਅਦ ਫੈਂਟੇ ਮਾਰ ਦਿੱਤੇ ਸੀ। ਉਹ ਪੱਤਾ ਕਿਵੇਂ ਬਾਹਰ ਆ ਗਿਆ ਦਰਸ਼ਕ ਸੋਚਣ ਤੇ ਮਜ਼ਬੂਰ ਹੋ ਜਾਣਗੇ।

# ਪੁਸਤਕ ਰਿਵਿਊ

## ਚਾਰ ਕ੍ਰਾਂਤੀਕਾਰੀ ਵਿਰਾਗਣਾਂ

'ਚਾਰ ਕ੍ਰਾਂਤੀਕਾਰੀ ਵਿਰਾਂਗਣਾਂ' ਪੁਸਤਕ 'ਤਾਰਾ ਸ਼ਰਮਾ' ਜੀ ਦੀ ਲਿਖੀ ਹੋਈ ਹੈ। ਇਸ ਪੁਸਤਕ ਵਿੱਚ ਸਾਡੇ ਦੇਸ਼ ਦੀਆਂ ਚਾਰ ਮਹਾਨ ਕ੍ਰਾਂਤੀਕਾਰੀ ਵਿਰਾਂਗਣਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਇਸ ਵਿੱਚ ਗਦਰੀ ਗੁਲਾਬ ਕੌਰ ਮੈਡਮ ਕਾਮਾ, ਦੁਰਗਾ ਭਾਬੀ ਅਤੇ ਕੈਪਟਨ ਲਕਸਮੀ ਸਹਿਗਲ ਦੀਆਂ ਜੀਵਨੀਆਂ ਬਾਰੇ ਲਿਖਿਆ ਗਿਆ ਹੈ। ਪੰਜਾਬ ਦੀ ਧਰਤੀ, ਜ਼ਿਲ੍ਹਾ ਸੰਗਰੂਰ ਦੇ ਪਿੰਡ ਬਖ਼ਸ਼ੀਵਾਲਾ ਦੇ ਇੱਕ ਸਧਾਰਨ ਪਰਿਵਾਰ ਦੀ ਬੇਟੀ ਗੁਲਾਬ ਕੌਰ, ਜਿਸਨੂੰ ਪੰਜਾਬ ਦੀ 'ਸ਼ੇਰਨੀ' ਕਿਹਾ ਜਾਂਦਾ ਹੈ, ਨੇ ਦੇਸ਼ ਪਿਆਰ ਲਈ ਆਪਣੇ ਪੇਕਿਆਂ ਅਤੇ ਸਹੁਰੇ ਪਰਿਵਾਰ ਨੂੰ ਛੱਡ ਦਿੱਤਾ। ਪਤੀ ਮਾਨ ਸਿੰਘ ਦੇ ਸਾਥ ਨਾ ਦੇਣ ਕਾਰਨ ਉਸਨੇ ਆਪਣੇ ਪਤੀ ਨੂੰ ਵੀ ਛੱਡ ਦਿੱਤਾ ਤੇ ਇਕੱਲੀ ਦੇਸ਼ ਨੂੰ ਆਜ਼ਾਦ ਕਰਵਾਉਣ ਚੱਲ ਪਈ। ਉਸਦੇ ਇਸ ਹੌਸਲੇ ਸਦਕਾ ਹੀ ਉਸ ਨੂੰ ਗ਼ਦਰੀਆਂ ਦੀ 'ਭੈਣ' ਹੋਣ ਦਾ ਮਾਨ ਮਿਲਿਆ। ਵਿਦੇਸ਼ੀ ਸਰਕਾਰਾਂ ਦੇ ਅਣਮਨੁੱਖੀ ਤਸੀਹੇ ਸਹਿ ਕੇ ਵੀ ਉਹ ਕਮਜ਼ੋਰ ਨਹੀਂ ਹੋਈ ਤੇ ਅੰਤ ਤੱਕ ਲੜਦੀ ਰਹੀ। ਦੂਸਰੀ ਵਿਰਾਗਣ ਮੈਡਮ ਕਾਮਾ, 'ਭੀਖਾ ਜੀ ਰੁਸਤਮ ਜੀ ਕਾਮਾ, ਬੰਬਈ ਦੇ ਅਮੀਰ ਪਾਰਸੀ ਪਰਿਵਾਰ ਵਿੱਚ ਜਨਮੀ, ਪਰ ਉਸਨੇ ਹਮੇਸ਼ਾਂ ਗਰੀਬਾਂ ਦੀ ਸੇਵਾ ਕੀਤੀ। ਵਿਆਹੁਤਾ ਜੀਵਨ ਮਗਰੋਂ ਪਤੀ ਅਤੇ ਸਹੁਰਾ ਪਰਿਵਾਰ ਦੀ ਆਗਿਆ ਦੇ ਵਿਰੁੱਧ ਉਸਨੇ ਦੇਸ਼ ਭਗਤੀ ਦਾ ਰਾਹ ਅਪਣਾਇਆ ਤੇ ਪਲੇਗ ਦੇ ਮਰੀਜ਼ਾਂ ਦਾ ਇਲਾਜ ਕੀਤਾ। ਉਹ ਕ੍ਰਾਂਤੀਕਾਰੀਆਂ ਨਾਲ ਮਿਲ ਗਈ ਅਤੇ ਹਥਿਆਰ ਪਹੁੰਚਾਣ ਦਾ ਕੰਮ ਕਰਦੀ ਰਹੀ। ਉਹ ਪਹਿਲੀ ਇਸਤਰੀ ਸੀ ਜਿਸਨੇ ਪਹਿਲੀ ਵਾਰ ਵਿਦੇਸ਼ ਵਿੱਚ ਤਿਰੰਗਾ ਝੰਡਾ ਲਹਿਰਾਇਆ ਅਤੇ ਅੰਤ ਤੱਕ ਦੇਸ਼ ਦੀਆਂ ਆਜ਼ਾਦੀ ਲਈ ਲੜਦੀ ਰਹੀ। ਤੀਸਰੀ ਵਿਰਾਗਣ ਮਹਾਨ ਕ੍ਰਾਂਤੀਕਾਰੀ ਦੁਰਗਾ ਭਾਬੀ, ਜਿਸਦਾ ਵਿਆਹ ਛੋਟੀ ਉਮਰ ਵਿੱਚ ਹੀ ਭਗਵਤੀ ਚਰਨ ਵੋਹਰਾ ਨਾਲ ਹੋ ਗਿਆ। ਉਸਨੇ ਪਤੀ ਨਾਲ ਮਿਲ ਕੇ ਕ੍ਰਾਂਤੀਕਾਰੀ ਲਹਿਰ ਨੂੰ ਅੱਗੇ ਵਧਾਇਆ ਤੇ ਉਸ ਲਹਿਰ ਪ੍ਰਤੀ ਸਮਰਪਿਤ ਰਹੀ। ਇਹ ਦੁਰਗਾ ਭਾਬੀ ਸੀ ਜਿਸਨੇ ਲੋੜ ਪੈਣ 'ਤੇ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਪਤਨੀ ਬਣ ਕੇ ਉਸ ਨੂੰ ਪੁਲਿਸ ਤੋਂ ਬਚਾਉਣ ਲਈ ਲਾਹੌਰ ਤੋਂ ਕਲਕੱਤੇ ਪਹੁੰਚਾਇਆ। ਬੰਬ ਟੈਸਟ ਕਰਨ ਗਏ ਪਤੀ ਦੀ ਹੋਈ ਅਚਾਨਕ ਮੌਤ ਪਿੱਛੋਂ ਆਪਣੇ ਕ੍ਰਾਂਤੀਕਾਰੀ ਸਾਥੀਆਂ ਦਾ ਸਾਥ ਨਾ ਛੱਡ ਕੇ ਅਧੂਰੇ ਕੰਮ ਨੂੰ ਪੂਰਾ ਕੀਤਾ ਤੇ ਆਪਣੇ ਦੁੱਖਾਂ ਨੂੰ ਅੰਦਰ ਹੀ ਦਫਨ ਕਰ ਲਿਆ। ਉਸਨੇ ਅੰਤ ਸਮੇਂ ਤੱਕ ਦੇਸ਼ ਲਈ ਲੜਾਈ ਲੜੀ ਤੇ ਹਾਰ ਨਾ ਮੰਨੀ। ਚੌਥੀ ਵਿਰਾਗਣ ਕੈਪਟਨ ਲਕਸ਼ਮੀ ਸਹਿਗਲ ਇੱਥੇ ਅਮੀਰ ਘਰਾਣੇ ਦੀ ਜੰਮੀ ਪਲੀ ਦੂਸਰਿਆਂ ਦੀ ਮੱਦਦ ਕਰਨ ਦਾ ਜ਼ਜਬਾ ਰੱਖਦੀ ਸੀ। ਉਸਦਾ ਪਤੀ ਉਸਦੇ ਵਿਚਾਰਾਂ ਨਾਲ ਸਹਿਮਤ ਨਹੀਂ ਸੀ ਜਿਸ ਕਾਰਨ ਉਹਨਾਂ ਦਾ ਵਿਆਹ ਸਿਰਫ ਦੋ ਸਾਲ ਤੱਕ ਹੀ ਬਣਿਆ ਰਿਹਾ। ਪਤੀ ਨੂੰ ਛੱਡ ਕੇ ਉਸਨੇ ਲੋਕਾਂ 'ਤੇ ਮਰੀਜਾਂ ਦੀ ਸੇਵਾ ਕੀਤੀ। ਉਹ ਇੱਕ ਡਾਕਟਰ ਸੀ ਤੇ 'ਰਾਣੀ ਝਾਂਸੀ ਰੈਜਮੈਂਟਾਂ ਔਰਤ' ਫੌਜ ਦੀ ਕੈਪਟਨ ਬਣੀ। ਉਸਨੇ ਭਾਰਤ ਦੀ ਆਜ਼ਾਦੀ ਲਈ ਅਹਿਮ ਯੋਗਦਾਨ ਦਿੱਤਾ ਤੇ ਅੰਤ ਤੱਕ ਆਜ਼ਾਦੀ ਲਹਿਰ ਲਈ ਸਮਰਪਿਤ ਰਹੀ। ਪਰ ਦੁੱਖ ਦੀ ਗੱਲ ਹੈ ਕਿ ਅੱਜ ਦੇਸ਼ ਨੂੰ ਆਜ਼ਾਦ ਹੋਏ 66 ਸਾਲ ਹੋ ਚੁੱਕੇ ਹਨ ਅਤੇ ਅਸੀਂ 8 ਮਾਰਚ ਕੌਮਾਂਤਰ ਇਸਤਰੀ ਦਿਵਸ ਮਨਾਉਂਦੇ ਹਾਂ ਤਾਂ ਇਹਨਾਂ ਵਿਰਾਗਣਾਂ ਨੂੰ ਭੁੱਲ ਚੁੱਕੇ ਹਾਂ। ਦੇਸ਼ ਦੀਆਂ ਸੱਤਾਧਾਰੀ ਪਾਰਟੀਆਂ ਆਪਣੇ ਚਹੇਤਿਆਂ ਦੇ ਬੁੱਤ ਜਾਂ ਯਾਦਗਾਰ ਬਣਾ ਲੈਂਦੀਆਂ ਹਨ, ਪਰ ਅਸਲੀ ਦੇਸ਼ ਭਗਤਾਂ ਨੂੰ ਇਤਿਹਾਸ ਦੇ ਪੰਨਿਆਂ ਉੱਤੇ ਲਿਆਉਣ ਦੀ ਕਿਸੇ ਨੂੰ ਚਿੰਤਾ ਨਹੀਂ। ਸਭ ਤੋਂ ਵੱਡੀ ਦੁੱਖਦਾਈ ਗੱਲ ਇਹ ਹੈ ਕਿ ਇਨਕਲਾਬ ਵਰਗੇ ਕਠਿਨ ਕਾਰਜ ਵਿੱਚ ਔਰਤਾਂ ਦੀ ਕੁਰਬਾਨੀ ਦਾ ਜ਼ਿਕਰ ਜੇ ਘੱਟ ਹੋਇਆ ਤਾਂ ਸ਼ਾਇਦ ਇਸ ਦਾ ਇੱਕ ਕਾਰਨ ਇਹ ਹੈ ਕਿ ਅਸੀਂ ਅਜੇ ਔਰਤ ਨੂੰ ਉਹ ਸਥਾਨ ਦੇ ਨਹੀਂ ਰਹੇ ਜਿਹੜਾ ਮਿਲਣਾ ਚਾਹੀਦਾ ਹੈ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਦੇਸ਼ ਪ੍ਰਤੀ ਕੀਤੀਆਂ ਗਈਆਂ ਲਾਮਿਸਾਲ ਕੁਰਬਾਨੀਆਂ ਨੂੰ ਯਾਦ ਨਹੀਂ ਕੀਤਾ ਜਾਂਦਾ ਜਾਂ ਸਨਮਾਨਿਤ ਨਹੀਂ ਕੀਤਾ ਜਾਂਦਾ, ਤਦ ਤੱਕ ਭਾਰਤ ਦੀਆਂ ਔਰਤਾਂ ਨੂੰ ਆਪਣੀ ਸ਼ਕਤੀ ਦਾ ਪਤਾ ਨਹੀਂ ਚੱਲ ਸਕਦਾ ਅਤੇ ਨਾ ਹੀ ਉਹਨਾਂ ਨੂੰ ਆਪਣੇ ਸਹੀ ਸਥਾਨ ਮਿਲ ਸਕਦੇ ਹਨ। ਲੋੜ ਹੈ ਸਾਡੀਆਂ ਅਣਗਿਣਤ ਵਿਰਾਂਗਣਾਂ ਬਾਰੇ ਜਾਣਨ ਦੀ ਤੇ ਇਤਿਹਾਸ ਵਿੱਚ ਸਹੀ ਜਗ੍ਹਾ ਦੇਣ ਦੀ।




'ਦਿਲ ਸੇ ਨਿਕਲੇਗੀ ਨਾ ਮਰ ਕਰ ਭੀ ਵਤਨ ਕੀ ਉਲਫਤ,
ਮੇਰੀ ਮਿੱਟੀ ਸੇ ਭੀ ਖੁਸ਼ਬੂਏਂ ਵਤਨ ਆਏਗੀ।'

**– ਪਰਮਿੰਦਰ ਬਾਜਵਾ**

## *ਤਰਕ ਕੁਟੇਸ਼ਨਾਂ*

**ਸੰਗ੍ਰਹਿ ਕਰਤਾ: ਅਮਰਜੀਤ ਢਿੱਲੋਂ**

ਕੁਦਰਤ ਨੇ ਮਨੁੱਖ ਨੂੰ ਇਕੋ ਇਕ ਸ਼ਰਤ 'ਤੇ ਆਜ਼ਾਦੀ ਦਿਤੀ ਹੈ, ਉਹ ਹੈ ਸਦਾ ਲਈ ਚੇਤੰਨਤਾ। ਜੇ ਇਹ ਟੁੱਟ ਗਈ, ਤਾਂ ਗੁਲਾਮੀ ਦੀਆਂ ਜ਼ੰਜੀਰਾਂ ਏਸ ਗੁਨਾਹ ਦੀ ਸਜ਼ਾ ਹੋਣਗੀਆਂ।

*-ਜੌਹਨ ਕੁਰਨ*

ਸੰਸਾਰ ਦੀ ਮੁੱਖ ਸਮੱਸਿਆ ਇਹ ਹੈ ਕਿ ਸਿਆਣੇ ਲੋਕ ਸ਼ੰਕਾਵਾਦੀ ਹਨ ਜਦੋਂ ਕਿ ਮੂਰਖ ਵਿਸ਼ਵਾਸ਼ੀ ਹਨ।

*–ਚਾਰਲਸ ਬੁਕੋਵਸਕੀ*

✪ ਜਿਹੜਾ ਆਦਮੀ ਆਪਣੇ ਕਥਿਤ ਚਮਤਕਾਰਾਂ ਦੀ ਪੜਤਾਲ ਕਰਨ ਦੀ ਆਗਿਆ ਨਹੀਂ ਦਿੰਦਾ, ਉਹ ਧੋਖੇਬਾਜ ਹੈ।

✪ ਜਿਸ ਆਦਮੀ 'ਚ ਪੜਤਾਲ ਕਰਨ ਦਾ ਹੌਸਲਾ ਨਹੀਂ ਹੁੰਦਾ, ਉਹ ਲਾਈਲੱਗ ਹੈ।

✪ ਜੋ ਬਿਨਾਂ ਪੜਤਾਲ ਕਰਿਆਂ ਮੰਨ ਜਾਂਦਾ ਹੈ, ਉਹ ਮੂਰਖ ਹੈ।

*–ਡਾਕਟਰ ਇਬਰਾਹੀਮ ਟੀ ਕਵੂਰ*

ਕਿਸਮਤ ਵਿਚ ਵਿਸ਼ਵਾਸ਼ ਕਰਨ ਵਾਲਿਆਂ ਨੂੰ ਸਿਰਫ ਉਨਾ ਹੀ ਮਿਲਦਾ ਹੈ ਜਿੰਨਾ ਹਿੰਮਤ ਕਰਨ ਵਾਲੇ ਛੱਡ ਜਾਂਦੇ ਹਨ।

*– ਏ ਪੀ ਜੇ ਅਬਦੁਲ ਕਲਾਮ*

✪ ਮੈਨੂੰ ਇਸ ਗੱਲ ਦਾ ਗਰਬ ਹੈ ਕਿ ਮੇਰੀਆਂ ਅੱਖਾਂ ਮਰਨ ਤੋਂ ਬਾਅਦ ਦੋ ਅੰਨੇ ਵਿਅੱਕਤੀਆਂ ਦੀ ਦੁਨੀਆਂ ਰੌਸ਼ਨ ਕਰਨਗੀਆਂ ਅਤੇ ਮੇਰਾ ਮਿਰਤਕ ਸਰੀਰ ਸਮਾਜ ਦੀ ਸੇਵਾ ਕਰਨ ਵਾਲੇ ਡਾਕਟਰ ਰੂਪੀ ਸੈਨਿਕਾਂ ਨੂੰ ਸਿਖਲਾਈ ਦੇਵੇਗਾ।

*–ਜੂਲੀਅਨ*

# ਯਾਦਾਂ ਦੇ ਝਰੋਖੇ ਚੋਂ....

## ਭੋਲੀ ਜਨਤਾ ਨੋਟਾਂ ਦੇ ਲਈ ਮੱਥਾ ਮਾਰ ਰਹੀ....

1998 ਵਿੱਚ ਇਹ ਗੱਲ ਉੱਤਰੀ ਭਾਰਤ ਦੇ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਛਾਈ ਰਹੀ ਕਿ ਕੋਈ ਸੰਤ ਆਪਣੀਆਂ ਕਰਾਮਾਤਾਂ ਰਾਹੀਂ ਲੋਕਾਂ ਨੂੰ ਪੁਰਾਣੇ ਸਿੱਕੇ ਅਤੇ ਨੋਟਾਂ ਬਦਲੇ ਕਰੋੜਾਂ ਰੁਪਿਆ ਦਿੰਦਾ ਹੈ। ਇਹ ਕਰਾਮਾਤ ਪੰਜਾਬ ਵਿੱਚ ਕੰਮ ਕਰਦੀ ਤਰਕਸ਼ੀਲ ਲਹਿਰ ਲਈ ਗੰਭੀਰ ਚੁਣੌਤੀ ਦਾ ਵਿਸ਼ਾ ਸੀ। ਜਿਵੇਂ ਪਹਿਲਾਂ ਹੀ ਇਸ ਲਹਿਰ ਨੇ ਗਣੇਸ਼ ਦੇ ਦੁੱਧ ਪੀਣ ਵਾਲੀ ਘਟਨਾ, ਪਸ਼ੂਆਂ ਦਾ ਮਰਨਾ ਅਤੇ ਸੱਪਾਂ ਦਾ ਆਉਣਾ ਜਿਹੇ ਅਨੇਕਾਂ ਵੱਡੇ ਅੰਧਵਿਸ਼ਵਾਸ਼ਾਂ ਦਾ ਪਰਦਾਫ਼ਾਸ਼ ਕੀਤਾ ਸੀ। ਇਸ ਲਈ ਇਸ ਬਾਬੇ ਨੂੰ ਕਾਬੂ ਕਰਨ ਲਈ ਵੀ ਸੁਸਾਇਟੀ ਨੇ ਇੱਕ ਜਾਲ ਬੁਣਿਆ ਜਿਸ ਵਿੱਚ ਬਾਬੇ ਦੇ ਚੇਲੇ ਫਸ ਗਏ।

**ਘਟਨਾ ਦਾ ਵੇਰਵਾ**: ਉਹਨੀਂ ਦਿਨੀਂ ਤਰਕਸ਼ੀਲ ਲਹਿਰ ਦੇ ਹਮਦਰਦ ਅਤੇ ਪੰਜਾਬ ਦੇ ਉੱਘੇ ਚਿੱਤਰਕਾਰ ਸ਼੍ਰੀ ਭੁਪਿੰਦਰ ਸਿੰਘ ਧਨੌਲਾ ਜੀ ਨੇ ਤਰਕਸ਼ੀਲ ਨਿਵਾਸ ਵਿਖੇ ਫੋਨ ਕਰਕੇ ਦੱਸਿਆ ਕਿ ਉਹਨਾਂ ਨੇ ਨੋਟਾਂ ਵਾਲੇ ਬਾਬੇ ਦਾ ਥਹੁ-ਟਿਕਾਣਾ ਲੱਭ ਲਿਆ ਹੈ। ਉਹਨਾਂ ਨੇ ਬਾਬੇ ਦੇ ਪ੍ਰਮੁੱਖ ਚੇਲੇ ਨੂੰ ਆਪਣੇ ਪ੍ਰਭਾਵ ਵਿੱਚ ਲੈ ਕੇ ਕਿਹਾ ਕਿ ਸਾਡੇ ਕੋਲ ਪੁਰਾਣੇ ਸਿੱਕੇ, ਨੋਟ ਅਤੇ ਗਲਾਸ ਆਦਿ ਹਨ। ਇਸ ਗੱਲ ਤੇ ਵਿਸ਼ਵਾਸ ਕਰਦਿਆਂ ਚੇਲੇ ਨੇ ਸੁਨਾਮ ਨੇੜੇ ਚੀਮਾ ਮੰਡੀ ਦੇ ਇੱਕ ਫਾਰਮ ਹਾਊਸ ਵਿੱਚ ਮਿਲਣ ਦਾ ਸਮਾਂ ਦੇ ਦਿੱਤਾ। ਤਰਕਸ਼ੀਲ ਆਗੂਆਂ ਨੂੰ ਇਸ ਘਟਨਾ ਦੀ ਜਾਣਕਾਰੀ ਮਿਲਣ ਤੇ ਉਹਨਾਂ ਨੇ ਦੇਸ਼ ਸੇਵਕ ਦੇ ਬਰਨਾਲਾ ਤੋਂ ਉਸ ਸਮੇਂ ਦੇ ਪ੍ਰੈਸ ਰਿਪੋਰਟਰ ਸ਼੍ਰੀ ਦਵਿੰਦਰਪਾਲ ਨੂੰ ਨਾਲ ਲੈ ਕੇ ਬਰਨਾਲਾ ਪੁਲਸ ਜ਼ਿਲ੍ਹੇ ਦੇ ਐਸ. ਐਸ. ਪੀ. ਸ਼੍ਰੀ ਇਕਬਾਲਪ੍ਰੀਤ ਸਿੰਘ ਸਹੋਤਾ ਨੂੰ ਸਾਰੀ ਘਟਨਾ ਦੱਸ ਦਿੱਤੀ। ਸ਼੍ਰੀ ਸਹੋਤਾ ਨੇ ਉਸੇ ਸਮੇਂ ਪਾਖੰਡੀ ਬਾਬੇ ਨੂੰ ਗ੍ਰਿਫਤਾਰ ਕਰਨ ਦੀ ਡਿਊਟੀ ਐਂਟੀ ਗੁੰਡਾ ਸਟਾਫ ਦੇ ਇੰਚਾਰਜ ਸ਼੍ਰੀ ਨਛੱਤਰ ਸਿੰਘ ਦੀ ਲੱਗਾ ਦਿੱਤੀ।

ਬਾਬੇ ਦੁਆਰਾ ਦਿੱਤੇ ਗਏ ਸਮੇਂ ਤੇ ਐਸ. ਐਚ. ਓ. ਨਛੱਤਰ ਸਿੰਘ, ਦਵਿੰਦਰਪਾਲ, 'ਵਿਗਿਆਨ ਜੋਤੀ' ਦੇ ਸੰਪਾਦਕ ਅਤੇ ਤਰਕਸ਼ੀਲ ਸੁਸਾਇਟੀ ਦੇ ਸਕੱਤਰ ਅਮਿਤ ਮਿੱਤਰ ਤੇ ਕੁੱਝ ਪੁਲਸ ਕਰਮਚਾਰੀਆਂ ਨੇ ਉਕਤ ਫਾਰਮ ਹਾਊਸ 'ਤੇ ਛਾਪਾ ਮਾਰਿਆਂ ਤਾਂ ਬਾਬੇ ਦੇ ਚਾਰ ਚੇਲੇ ਕਾਬੂ ਆ ਗਏ। ਉਹਨਾਂ ਤੋਂ ਪੁਲਸ ਦੁਆਰਾ ਕੀਤੀ ਗਈ ਪੁੱਛਗਿੱਛ ਰਾਹੀਂ ਸਾਹਮਣੇ ਆਇਆ ਕਿ ਇਹ ਗੈਂਗ ਬਹੁਤ ਹੀ ਅਜੀਬ ਢੰਗ ਨਾਲ ਠੱਗੀਆਂ ਮਾਰਦਾ ਹੈ। ਪੁਲਸ ਨੇ ਇਹਨਾਂ ਦੇ ਕੁੱਝ ਸਾਥੀ ਮੁੱਲਾਂਪੁਰ, ਮੋਗਾ, ਫਤਿਹਾਬਾਦ ਆਦਿ ਸ਼ਹਿਰਾਂ ਤੋਂ ਵੀ ਹਿਰਾਸਤ ਵਿੱਚ ਲੈ ਲਏ!

ਮੁੱਢਲੀ ਜਾਣਕਾਰੀ ਅਨੁਸਾਰ ਇਸ ਗੈਂਗ ਦਾ ਲੀਡਰ ਫਲੌਰ ਦੇ ਨਜਦੀਕ ਪਿੰਡ ਤਲਬਨ ਦਾ ਰਹਿਣ ਵਾਲਾ ਹੈ ਜੋ ਕਿ ਆਪਣੇ ਸਿਆਸੀ ਅਸਰ ਰਸੂਖ ਨਾਲ ਪੁਲਸ ਹੱਥੋਂ ਬਚਣ ਵਿੱਚ ਸਫ਼ਲ ਹੋ ਗਿਆ ਹੈ।

ਬਾਬਿਆਂ ਦਾ ਠੱਗੀ ਮਾਰਨ ਦਾ ਢੰਗ: ਇਹਨਾਂ ਪਾਖੰਡੀ ਸਾਧਾਂ ਦੁਆਰਾ ਠੱਗੀ ਮਾਰਨ ਦਾ ਢੰਗ ਬਹੁਤ ਅਜੀਬ ਸੀ। ਇਹ ਗੈਂਗ ਸਾਰੇ ਉੱਤਰੀ ਭਾਰਤ ਵਿੱਚ ਕੰਮ ਕਰਦਾ ਸੀ। ਇਹ ਬਾਬਾ ਲੋਕਾਂ ਨੂੰ ਪੁਰਾਤਨ ਸਿੱਕਿਆ ਨੋਟਾਂ ਆਦਿ ਦੇ ਬਦਲੇ ਕਰੋੜਾਂ ਰੁਪਏ ਦੇਣ ਦਾ ਵਾਅਦਾ ਕਰਦਾ ਸੀ। ਉਕਤ ਸਾਧ ਵੱਲੋਂ ਫੈਲਾਈਆਂ ਗਈਆਂ ਅਫਵਾਹਾਂ ਅਨੁਸਾਰ ਇੱਕ ਹਜ਼ਾਰ ਰੁਪਏ ਦਾ ਤਾਰ ਵਾਲਾ ਨੋਟ, ਇੱਕ ਰੁਪਏ ਦਾ ਨੋਟ ਜਾਂ ਚਾਂਦੀ ਦਾ ਸਿੱਕਾ (ਸੰਨ 1801-1839) ਜਿਸ ਉੱਪਰ ਮਲਕਾ ਵਿਕਟੋਰੀਆ ਦੀ ਫੋਟੋ ਅਤੇ 5,15,25,35 ਨੰਬਰ ਦਾ ਹੋਵੇ।

ਇੱਕ ਰੁਪਏ ਅਤੇ ਪੰਜਾਹ ਪੈਸੇ ਦਾ ਸਿੱਕਾ ਜਿਸ ਉੱਪਰ ਇੰਦਰਾ ਗਾਂਧੀ, ਰਾਜੀਵ ਗਾਂਧੀ ਦੀ ਫੋਟੋ 25 ਪੈਸੇ 1970 ਤੋਂ 1974 ਤੱਕ ਦੇ ਜਿਸ ਉੱਤੇ ਖੰਜੂਰ ਥੱਲੇ ਸ਼ੇਰ ਦੀ ਫੋਟੋ ਹੋਵੇ, ਪੰਜ ਰੁਪਏ ਦਾ ਨੋਟ ਜਾਂ ਸਿੱਕਾ ਜਿਸ 'ਤੇ ਪੰਜ ਹਿਰਨੀਆਂ ਛਪੀਆਂ ਹੋਣ, 9 ਇੰਚ ਦਾ ਪਿੱਤਲ ਦਾ ਗਲਾਸ ਜੋ ਧਰਤੀ ਤੋਂ ਆਪਣੇ-ਆਪ ਲੌਂਗ ਚਕੱਦਾ ਹੋਵੇ, ਪੁਰਾਣੇ ਦੇਸੀ ਵੱਟੇ ਜਿੰਨ੍ਹਾਂ ਤੇ ਦੋ ਅੱਖਰਾਂ ਦਾ ਮਾਰਕਾ ਹੋਵੇ, 20 ਪੈਸੇ 1971 ਦੇ ਜਿਸ ਉੱਤੇ ਫੁੱਲ ਅਤੇ ਸੂਰਜ ਹੋਵੇ, ਇੱਕ ਪੈਸਾ ਤਾਂਬੇ ਦਾ ਸੰਨ 1962, ਇੱਕ ਪੈਸਾ ਪਿੱਤਲ ਦਾ ਸੰਨ 1961 ਆਦਿ ਸਿੱਕਿਆ, ਨੋਟਾਂ ਬਦਲੇ ਬਾਬਾ ਜੀ 20 ਮਿੰਟ ਲਈ ਪੈਸੇ ਚੁੱਕਣ ਦਾ ਸਮਾਂ ਦੇਣਗੇ ਅਤੇ ਨਾਲ ਹੀ ਇਹ ਸ਼ਰਤ ਵੀ ਕਿ ਇਹਨਾਂ ਚੁੱਕੇ ਪੈਸਿਆਂ ਨਾਲ ਨਾ ਤਾਂ ਕੋਈ ਜ਼ਮੀਨ ਜਾਇਦਾਦ ਖਰੀਦਣੀ ਹੈ ਅਤੇ ਨਾ ਹੀ ਬੈਂਕ ਵਿੱਚ ਰੱਖਣੇ ਹਨ।




ਮੇਘ ਰਾਜ ਮਿੱਤਰ
ਫੋਨ ਨੰ: 98887-87440


ਇਹ ਗੈਂਗ ਜਿਨ੍ਹਾਂ ਲੋਕਾਂ ਕੋਲ ਉਕਤ ਪੁਰਾਣੀਆਂ ਵਸਤਾਂ ਹੁੰਦੀਆਂ ਉਨ੍ਹਾਂ ਲੋਕਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਦਾ। ਜਦੋਂ ਲੋਕਾਂ ਦੀ ਗਿਣਤੀ ਦੋ ਢਾਈ ਸੌ ਦੇ ਕਰੀਬ ਹੋ ਜਾਂਦੀ ਤਾਂ ਉਹਨਾਂ ਨੂੰ ਕਿਸੇ ਨਾ ਕਿਸੇ ਪਿੰਡ ਵਿੱਚ ਇਕੱਠੇ ਕਰ ਲਿਆ ਜਾਂਦਾ ਅਤੇ ਗੈਂਗ ਦੇ ਲੀਡਰ ਨੂੰ ਉਸ ਥਾਂ ਤੇ ਲਿਜਾਇਆ ਜਾਂਦਾ। ਉਹ ਲੋਕਾਂ ਨੂੰ ਕਹਿੰਦਾ ਤੁਸੀਂ ਪੈਸੇ ਲੈਣ ਲਈ ਬਹੁਤ ਉਤਾਵਲੇ ਹੋ। ਤੁਹਾਡੇ ਵਿੱਚੋਂ ਬਹੁਤੇ ਲੋਕਾਂ ਕੋਲ ਸਹੀ ਚੀਜਾ ਨਹੀਂ। ਜਿਸ ਨੂੰ ਵਿਸ਼ਵਾਸ ਹੈ ਕਿ ਉਸ ਦੀਆਂ ਵਸਤਾਂ ਸਹੀ ਹਨ ਉਹ ਢਾਈ ਸੌ ਰੁਪਿਆ ਜਮਾਂ ਕਰਵਾ ਦੇਵੇ। ਇਸਤੋਂ ਬਾਅਦ ਹੀ ਚੀਜਾਂ ਦੀ ਪਰਖ ਹੋਵੇਗੀ। 50-60 ਹਜਾਰ ਰੁਪਏ ਇਕੱਠੇ ਕਰਨ ਤੋਂ ਬਾਅਦ ਹੀ ਬਾਬਾ ਪਰਖ ਸ਼ੁਰੂ ਕਰਨਾ। ਜੇ ਕਿਸੇ ਕੋਲ 9 ਇੰਚ ਦਾ ਪਿੱਤਲ ਦਾ ਗਲਾਸ ਹੁੰਦਾ ਤਾਂ ਉਹ ਉਸਨੂੰ ਫੁੱਟੇ ਨਾਲ ਮਿਣਦਾ ਅਤੇ ਥੋੜਾ ਜਿਹਾ ਵੱਡਾ ਜਾਂ ਛੋਟਾ ਕਹਿ ਕੇ ਆਪਣੇ ਕੋਲ ਰੱਖ ਲੈਂਦਾ, ਜੋ ਕਿਸੇ ਕੋਲ 5 ਰੁਪਏ ਦਾ ਪੰਜ ਹਿਰਨੀਆਂ ਵਾਲਾ ਨੋਟ ਹੁੰਦਾ ਤਾਂ ਉਸਨੂੰ ਕਿਹਾ ਜਾਂਦਾ ਕਿ ਹਿਰਨੀਆਂ ਤਾਂ ਠੀਕ ਹਨ ਪਰ ਜੇ ਪੰਜ ਹਿਰਨੀਆਂ ਹਨ ਤਾਂ ਵੀਹ ਲੱਤਾਂ ਵੀ ਹੋਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਨੋਟ ਨੂੰ ਵੀ ਆਪਣੇ ਕੋਲ ਰੱਖ ਲੈਂਦਾ। ਜੇ ਕਿਸੇ ਕੋਲ ਇੰਦਰਾ ਗਾਂਧੀ ਦੀ ਫੋਟੋ ਵਾਲਾ ਸਿੱਕਾ ਹੁੰਦਾ ਤਾਂ ਉਸਨੂੰ ਇੰਦਰਾ ਗਾਂਧੀ ਦੇ ਗਲ ਵਿਚਲੀਆਂ ਤਬੀਤੀਆਂ ਗਿਣਨ ਲਈ ਕਿਹਾ ਜਾਂਦਾ ਅਤੇ ਇੱਕ ਘੱਟ ਜਾਂ ਵੱਧ ਕਹਿ ਕੇ ਆਪਣੇ ਕੋਲ ਰੱਖ ਲੈਂਦਾ। ਇਸ ਤਰ੍ਹਾਂ ਬਾਕੀ ਚੀਜਾਂ ਬਾਰੇ ਵੀ ਕੁੱਝ ਨਾ ਕੁੱਝ ਕਹਿ ਕੇ ਬਾਬਾ ਅਤੇ ਉਸਦੇ ਚੇਲੇ ਸਧਾਰਨ ਲੋਕਾਂ ਨੂੰ ਢਾਈ ਢਾਈ ਸੌ ਰੁਪਿਆ ਅਤੇ ਸਮਾਨ ਠੱਗ ਕੇ ਰਫੂ-ਚੱਕਰ ਹੋ ਜਾਂਦੇ। ਤਕਰਸ਼ੀਲ ਸੁਸਾਇਟੀ ਭਾਰਤ ਨੂੰ ਮਿਲੀ ਜਾਣਕਾਰੀ ਅਨੁਸਾਰ ਸ਼ਾਹਕੋਟ ਏਰੀਏ ਦੇ ਇੱਕ ਪਿੰਡ ਵਿੱਚ ਅਤੇ ਸੁਨਾਮ ਏਰੀਏ ਦੇ ਕਈ ਪਿੰਡਾਂ ਵਿੱਚ ਅਜਿਹੇ ਢੰਗ ਨਾਲ ਠੱਗੀਆਂ ਮਾਰੀਆਂ ਗਈਆਂ। ਇਕੱਠਾ ਕੀਤਾ ਸਮਾਨ ਮੁੜ ਸਧਾਰਨ ਲੋਕਾਂ ਨੂੰ ਹਜ਼ਾਰਾਂ ਲੱਖਾਂ ਰੁਪਿਆਂ ਵਿੱਚ ਵੇਚ ਦਿੱਤਾ ਜਾਂਦਾ। ਅੰਧ ਵਿਸ਼ਵਾਸ ਵਿੱਚ ਫਸ ਕੇ ਸੁਨਾਮ ਏਰੀਏ ਦੇ ਚਾਰ ਸਧਾਰਨ ਪੇਂਡੂ ਲੋਕਾਂ ਨੇ ਬਾਬੇ ਦੇ ਚੇਲਿਆਂ ਤੋਂ ਇੱਕ ਲੱਖ ਰੁਪਏ ਦਾ ਇੱਕ ਸਿੱਕਾ ਖਰੀਦਿਆ।

ਉਹਨਾਂ ਨੂੰ ਵਿਸ਼ਵਾਸ ਸੀ ਕਿ ਇਸ ਨਾਲ ਬਾਬਾ ਜੀ ਕਰੋੜਾਂ ਰੁਪਏ ਉਨ੍ਹਾਂ ਨੂੰ ਦੇ ਦੇਣਗੇ। ਸਿੱਕੇ ਨੂੰ ਲੈ ਕੇ ਜਦੋਂ ਉਹ ਬਾਬਾ ਜੀ ਕੋਲ ਗਏ ਤਾਂ ਬਾਬੇ ਨੇ ਰੂੰ ਦੇ ਵਿੱਚ ਚਿੱਟਾ ਫਾਸਫੋਰਸ ਮਿਲਾ ਕੇ ਅਤੇ ਸਿੱਕਾ ਰੂੰ ਤੇ ਰੱਖ ਕੇ ਉਨ੍ਹਾਂ ਦੇ ਹੱਥ ਤੇ ਰੱਖ ਦਿੱਤਾ। ਕੁੱਝ ਦੇਰ ਬਾਦ ਜਦੋਂ ਰੂੰ ਵਿੱਚੋਂ ਧੂੰਆਂ ਨਿਕਲਣ ਲੱਗਿਆ ਤਾਂ ਬਾਬੇ ਨੇ ਹੱਥ ਦੀ ਸਫ਼ਾਈ ਨਾਲ ਸਿੱਕਾ ਚੱਕ ਕੇ ਦੁਬਾਰਾ ਜੇਬ ਵਿੱਚ ਪਾ ਲਿਆ ਅਤੇ ਉਹਨਾਂ ਨੂੰ ਕਿਹਾ ਕਿ ਸਿੱਕਾ ਗਾਇਬ ਹੋ ਗਿਆ ਹੈ ਅਤੇ ਰੂੰ ਦੀ ਸੁਆਹ ਬਣਾ ਕੇ ਚਾਰ ਪੁੜੀਆਂ ਬਣਾ ਕੇ ਉਹਨਾਂ ਨੂੰ ਦੇ ਦਿੱਤੀਆਂ ਅਤੇ ਕਿਹਾ ਕਿ ਪੁੜੀਆਂ ਨੂੰ ਘਰ ਜਾ ਕੇ ਕਮਰੇ ਦੇ ਚਾਰ ਕੋਨਿਆਂ ਵਿੱਚ ਰੱਖ ਦੇਵੋ। ਹਫ਼ਤੇ ਦੇ ਵਿੱਚ ਵਿੱਚ ਤੁਹਾਡਾ ਕਮਰਾ ਨੋਟਾਂ ਨਾਲ ਭਰ ਜਾਵੇਗਾ। ਉਕਤ ਨੌਜਵਾਨ ਅਜੇ ਤੱਕ ਕਮਰੇ ਦਾ ਨੋਟਾਂ ਨਾਲ ਭਰਨ ਦਾ ਇੰਤਜਾਰ ਕਰ ਰਹੇ ਹਨ। ਇਸੇ ਤਰ੍ਹਾਂ ਹੀ ਸਾਧ ਦੇ ਚੇਲਿਆਂ ਨੇ ਇੱਕ ਸਧਾਰਨ ਵਿਅਕਤੀ ਜੋ ਕਿ ਕਿਸੇ ਜੱਟ ਨਾਲ ਸੀਰੀ ਰਲਿਆ ਹੋਇਆ ਸੀ ਉਸ ਨੂੰ ਦਸ ਹਜਾਰ ਰੁਪਏ ਦਾ ਪੰਜ ਹਿਰਨੀਆਂ ਵਾਲਾ ਨੋਟ ਦੇ ਦਿੱਤਾ।

ਇਸ ਸਾਰੇ ਗੈਂਗ ਬਾਰੇ ਗੰਭੀਰਤਾ ਨਾਲ ਪੜਤਾਲ ਕਰਨ ਤੋਂ ਬਾਅਦ ਤਰਕਸ਼ੀਲ ਆਗੂ ਇਸ ਨਤੀਜੇ ਤੇ ਪਹੁੰਚੇ ਕਿ ਇਹ ਭੋਲੇ ਭਾਲੇ ਲੋਕਾਂ ਨੂੰ ਬੇਵਕੂਫ ਬਣਾ ਕੇ ਠੱਗ ਲੈਂਦੇ ਹਨ। ਇਸ ਸਾਰੇ ਗੈਂਗ ਬਾਰੇ ਪੁਲਿਸ ਗੰਭੀਰਤਾ ਨਾਲ ਪੜਤਾਲ ਕਰ ਰਹੀ ਹੈ। ਪਰ ਨਾਲ ਹੀ ਤਲਵਾਨ ਵਾਲੇ ਬਾਬੇ ਨੂੰ ਨਾ ਫੜੇ ਜਾਣ ਕਰਕੇ ਤਰਕਸ਼ੀਲਾਂ ਦੇ ਦਿਮਾਗ ਵਿੱਚ ਪੁਲਿਸ ਪ੍ਰਤੀ ਕੁੱਝ ਸ਼ੰਕੇ ਵੀ ਖੜੇ ਹੋਏ ਹਨ।

# ਸ਼ਹੀਦ ਭਗਤ ਸਿੰਘ ਤੇ ਅੰਬੇਦਕਰ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਕਰਵਾਇਆ





ਸੰਦੌੜ-ਨੌਜਵਾਨ ਸਭਾ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਚੱਕ ਸ਼ੇਖੂਪੁਰ ਕਲਾਂ ਵਿਖੇ ਸ਼ੁਹੀਦ ਭਗਤ ਸਿੰਘ ਅਤੇ ਡਾ ਅੰਬੇਦਕਰ ਦੀ ਯਾਦ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਇਸ ਨਾਟਕ ਮੇਲੇ ਦਾ ਆਗਾਜ ਮੁੱਖ ਮਹਿਮਾਨ ਤਰਕਸ਼ੀਲ ਲਹਿਰ ਦੇ ਬਾਨੀ ਸ਼੍ਰੀ ਮੇਘ ਰਾਜ ਮਿੱਤਰ ਅਤੇ ਉੱਘੇ ਲੇਖਿਕ ਰਣਜੀਤ ਝੁਨੇਰ ਤੇ ਕਹਾਣੀਕਾਰ ਕ੍ਰਿਸ਼ਨ ਮਹਿਤੋ ਨੇ ਸਾਂਝੇ ਤੌਰ ਤੇ ਰਿਬਨ ਕੱਟ ਕੇ ਅਤੇ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ। ਇਸ ਨਾਟਕ ਮੇਲੇ ਦੌਰਾਨ ਉੱਘੇ ਨਾਟਕਕਾਰ ਅਤੇ ਨਿਰਦੇਸ਼ਕ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਹੇਠ ਚੇਤਨਾ ਕਲਾ ਕੇਂਦਰ ਬਰਨਾਲਾ ਦੀ ਟੀਮ ਨੇ ਸਮਾਜ ਦੀਆਂ ਕੁਰੀਤੀਆਂ ਨੂੰ ਉਜਾਗਰ ਕਰਨ ਵਾਲੇ ਨਾਟਕਾਂ ਦਾ ਮੰਚਨ ਕੀਤਾ। ਮੇਲੇ ਦੌਰਾਨ ਸਵ ਗੁਰਸ਼ਰਨ ਭਾਜੀ ਦਾ ਲਿਖਿਆ ਨਾਟਕ ਨਵਾਂ ਜਨਮ,ਦਰਸ਼ਨ ਮਿੱਤਵਾ ਦਾ ਨਾਟਕ ਪ੍ਰੇਤ ਅਤੇ ਕੋਰੀਓਗਰਾਫੀਆਂ ਪੇਸ਼ ਕੀਤੀਆ ਗਈਆਂ। ਇਸ ਮੇਲੇ ਦੌਰਾਨ ਜਗਦੇਵ ਕੰਮੋਮਾਜਰਾ ਨੇ ਜਾਦੂ ਦੇ ਟਰਿੱਕ ਦਿਖਾ ਕੇ ਦਰਸ਼ਕਾਂ ਨੂੰ ਆਚੰਭੇ ਚ ਪਾ ਦਿੱਤਾ। ਮੰਚ ਸੰਚਾਲਕ ਦੀ ਭੂਮਿਕਾ ਗੋਬਿੰਦ ਸੰਦੌੜਵੀ ਵਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਮੇਘ ਰਾਜ ਮਿੱਤਰ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਚੋਂ ਨਿੱਕਲਣ ਦਾ ਸੰਦੇਸ਼ ਦਿੱਤਾ ਅਤੇ ਉਹਨਾਂ ਨੇ ਵੱਖ ਵੱਖ ਦੇਸਾਂ ਦੇ ਆਪਣੇ ਸਫਰਨਾਮਿਆਂ ਦੌਰਾਨ ਪ੍ਰਾਪਤ ਜਾਣਕਾਰੀ ਮੁਤਾਬਕ ਦੱਸਿਆ ਕਿ ਜਿਨਾਂ ਅੰਧਵਿਸਵਾਸ ਭਾਰਤ ਵਿੱਚ ਹੋ ਰਿਹਾ ਹੈ ਉਸ ਦਾ ਬੁਰਾ ਪ੍ਰਭਾਵ ਪ੍ਰਵਾਸੀ ਭਾਰਤੀਆਂ ਨੂੰ ਵੀ ਉਠਾਉਣਾ ਪੈ ਰਿਹਾ ਹੈ। ਮਾਸਟਰ ਸੁਖਦੀਪ ਦਿੰਘ ਬੋਪਾਰਾਏ ਨੇ ਨਸ਼ਿਆਂ ਬਾਰੇ ਕਵਿਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸ ਲਛਮਣ ਸਿੰਘ, ਕੁਲਵਿੰਦਰ ਸਿੰਘ, ਹਰਜਿੰਦਰ ਚੌਹਾਨ, ਬੂਟਾ ਮੁਹੰਮਦ, ਭਗਵਾਨ ਸਿੰਘ, ਹਰਬੰਸ ਸਿੰਘ ਖਾਲਸਾ, ਚਮਕੌਰ ਸਿੰਘ ਧਨੌਂ, ਹਰਨੇਕ ਸਿੰਘ ਫੌਜੀ ਅਤੇ ਗੁਰਦੀਪ ਸਿੰਘ ਵੀ ਹਾਜਿਰ ਸਨ।

-ਹਰਮਿੰਦਰ ਭੱਟ

# ਅਲਵਿਦਾ ਸੁਖਵੰਤ




ਸੁਖਵੰਤ ਤੂੰ ਤੁਰ ਗਿਆ ਮਨ ਵਿੱਚ ਇਕ ਹੌਲ ਜਿਹਾ ਪੈ ਗਿਆ ਕਿ ਤੂੰ ਹੁਣ ਸਾਨੂੰ ਕਦੇ ਵੀ ਨਹੀਂ ਮਿਲੇਗਾ ਪਿੰਡੀ ਦੇ ਸਰਧਾਂਜਲੀ ਵਾਲੇ ਦਿਨ ਤੂੰ ਮੈਨੂੰ ਕਹਿ ਰਿਹਾ ਸੀ ਕਿ ਆਪਾਂ ਮਿਲ ਬੈਠ ਕੇ ਤਰਕਸ਼ੀਲ ਸੁਸ-ਾਇਟੀ ਦੇ ਮੁੱਢਲੇ ਦਿਨਾਂ ਦੀਆਂ ਯਾਦਾਂ ਨੂੰ ਤਾਜਾ ਕਰੀਏ ਪਰ ਉਸਤੋਂ ਤੁਰੰਤ ਬਾਅਦ ਹੀ ਤੂੰ ਹਸਪਤਾਲ ਵਿੱਚ ਅਜਿਹਾ ਗਿਆ ਕਿ ਤੈਨੂੰ ਮੁੜ ਬਰਨਾਲਾ ਵੇਖਣਾ ਨਸੀਬ ਨਾ ਹੋਇਆ ਹਸਪਤਾਲ ਵਿੱਚ ਤੂੰ ਮੇਰੀਆਂ ਗੱਲਾਂ ਯਾਦ ਕਰਕੇ ਇਹ ਕਹਿ ਰਿਹਾ ਸੀ ਕਿ "ਮੇਘ ਰਾਜ ਨੇ ਤਦ ਮੈਨੂੰ ਬੜਾ ਸਮਝਾਇਆ ਸੀ ਕਿ ਹੋਮੀਓਪੈਥੀ ਕੋਈ ਦਵਾਈ ਨਹੀਂ ਹੁੰਦੀ ਪਰ ਹੋਮੀਓਪੈਥ ਨੇ ਬੀਮਾਰੀ ਕੱਢਦੇ ਕੱਢਦੇ ਨੇ ਮੇਰੀ ਜਾਨ ਹੀ ਜੋਖ਼ਮ ਵਿੱਚ ਪਾ ਦਿੱਤੀ।"

ਸੁਖਵੰਤ ਮੈਨੂੰ 3 ਜੂਨ 1984 ਨੂੰ ਸ਼ਾਮ ਦੇ 4.00 ਵਜੇ ਦਾ ਉਹ ਸਮਾਂ ਯਾਦ ਹੈ ਜਦੋਂ ਆਪਾਂ ਬਰਨਾਲੇ ਮੇਰੇ ਘਰ ਵਿੱਚ ਪਏ ਨਵਾਰ ਦੇ ਮੰਜੇ ਤੇ ਦੋ ਕੁਰਸੀਆਂ 'ਤੇ ਬੈਠੇ ਸੁਸਾਇਟੀ ਦੀ ਪਹਿਲੀ ਮੀਟਿੰਗ ਕਰ ਰਹੇ ਸਾਂ, ਸ਼ਾਇਦ ਮੀਟਿੰਗ ਵਿੱਚ ਤੇਜਿੰਦਰ, ਨਰਿੰਦਰ, ਤੂੰ, ਸੁਖਦਰਸ਼ਨ ਗੁਡੂ ਤੇ ਮੈਂ ਹੀ ਸ਼ਾਮਿਲ ਸਾਂ, ਉਸ ਮੀਟਿੰਗ ਵਿੱਚ ਆਪਾਂ ਵਿਉਤਾਂ ਬਣਾ ਰਹੇ ਸਾਂ ਕਿ ਧਰਮ ਰੂਪੀ ਪਹਾੜ ਨਾਲ ਆਪਾਂ ਰਾਈ ਦੀ ਹੈਸੀਅਤ ਰੱਖਣ ਵਾਲੇ ਵਿਅ-ਕਤੀ ਕਿਵੇਂ ਟਕਰਾਵਾਂਗੇ। ਪਰ ਆਪਣੇ ਕੋਲ ਸੱਚ ਤੇ ਉਹਨਾਂ ਕੋਲ ਝੂਠ ਆਪਣਾ ਫਾਰਸ ਬਣਾਉਣਾ ਸੀ। ਸੋਚਿਆਂ ਸੀ ਕਿ ਜਿੱਤ ਤਾਂ ਆਪਣੀ ਹੀ ਹੋਣੀ ਹੈ। ਸੀ.ਆਰ.ਪੀ. ਐਫ. ਵਾਲਿਆਂ ਨੇ ਸਾਡੀ ਉਹ ਮੀਟਿੰਗ ਵਿਚਕਾਰ ਛੁਡਵਾ ਦਿੱਤੀ ਸੀ ਕਹਿਣ ਲੱਗੇ ਸਾਰੇ ਪੰਜਾਬ ਵਿੱਚ ਕਰਫਿਊ ਲਾ ਦਿੱਤਾ ਗਿਆ ਹੈ।

ਮੈਨੂੰ ਉਹ ਰਾਤ ਵੀ ਯਾਦ ਹੈ ਜਿਸ ਦਿਨ ਤੇਰੇ ਪਿਤਾ ਜੀ ਕਹਿ ਰਿਹੇ ਸੀ ਕਿ ਤੂੰ ਸਾਡੀ ਰਾਤਾਂ ਦੀ ਨੀਂਦ ਕਿਉਂ ਖ਼ਰਾਬ ਕਰਦਾ ਹੈਂ ? ਦਿਨ ਮਾੜੇ ਹਨ ਖਾੜਕੂ ਸੰਹਾਲੀਆਂ ਚੁੱਕੀ ਦਗੜ ਦਗੜ ਕਰਦੇ ਫਿਰਦੇ ਹਨ। ਤੇਰੇ ਘਰੋਂ ਬਾਹਰ ਰਹਿਣ ਨਾਲ ਸਾਨੂੰ ਰਾਤਾਂ ਨੂੰ ਨੀਂਦ ਨਹੀਂ ਪੈਂਦੀ। ਪਿਤਾ ਦਾ ਆਗਿਆਕਾਰੀ ਪੁੱਤਰ ਹੋਣ ਕਾਰਨ ਤੂੰ ਚੁੱਪ ਕਰਕੇ ਤੁਰ ਪੈਂਦਾ ਸੀ। ਮੈਨੂੰ ਇਹ ਵੀ ਪਤਾ ਹੈ ਕਿ ਤੇਰੇ ਘਰ ਵਿੱਚ ਧਰਮ ਦਾ ਬੋਲ ਬਾਲਾ ਸੀ। ਪਰ ਤੂੰ ਤਰਕਸ਼ੀਲਤਾ ਦਾ ਝੰਡਾ ਆਪਣੇ ਘਰ ਵਿੱਚ ਵੀ ਨੀਵਾਂ ਨਹੀਂ ਹੋਣ ਦਿੱਤਾ। ਸ਼ਾਇਦ ਤੇਰਾ ਪਿਤਾ ਮੇਰਾ ਇਸ ਲਈ ਵਿਚਾਰਕ ਵਿਰੋਧੀ ਸੀ ਕਿਉਂਕਿ ਉਹ ਸੋਚਦਾ ਸੀ ਕਿ ਤੇਰੇ ਤਰਕਸ਼ੀਲ ਵਿਚਾਰਾਂ ਦਾ ਕਾਰਨ ਮੈਂ ਹੀ ਸਾਂ। ਪਰ ਮੈਨੂੰ ਕਦੇ ਵੀ ਇਸ ਗੱਲ ਦਾ ਅਫਸੋਸ ਨਾ ਹੋਇਆ ਸਗੋਂ ਮਾਣ ਸੀ ਤੇ ਅੱਜ ਵੀ ਹੈ ਕਿ ਤੇਰੇ ਵਰਗੇ ਬਹੁਤ ਸਾਰੇ ਬੁੱਧੀਮਾਨ ਵਿਅਕਤੀ ਅੱਜ ਤਰਕਸ਼ੀਲਾਂ ਦੇ ਝੰਡਾ ਬਰਦਾਰ ਹਨ।

ਮੈਨੂੰ ਇਹ ਵੀ ਪਤਾ ਹੈ ਕਿ ਤੈਨੂੰ ਆਪਣੇ ਘਰ ਵਿੱਚ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਤੇਰੀ ਪਤਨੀ ਦੀ ਗਠੀਏ ਦੀ ਬੀਮਾਰੀ ਤੇ ਉਸ ਨਾਲ ਹੀ ਹੋਈ ਮੌਤ ਤੈਨੂੰ ਹੱਡੀ ਹੰਢਾਉਣੀ ਪਈ ਹੈ। ਉਸਦੇ ਇਲਾਜ ਤੇ ਕੰਮ ਨਾ ਕਰਨ ਦੀ ਲਾਚਾਰੀ ਨੇ ਘਰ ਦੇ ਰੋਟੀ ਟੁੱਕ ਦੇ ਆਹਾਰ ਤੋਂ ਲੈ ਕੇ ਬਹੁਤੀਆਂ ਜੁਮੇਵਾਰੀਆਂ ਤੇਰੇ ਉਪਰ ਹੀ ਸਨ।

ਫਿਰ ਵੀ ਤੂੰ ਬਹੁਤ ਦੂਰ ਅੰਦੇਸ਼ਾ ਸੀ ਜਿਸ ਕਰਕੇ ਹੀ ਤੂੰ ਆਪਣੇ ਬੇਟੇ ਨੂੰ ਡਾਕਟਰੀ ਵਿੱਚ ਦਾਖਲਾ ਦੁਆ ਸਕਿਆ। ਸੁਖਵੰਤ ਹੁਣ ਤੂੰ ਕਦੇ ਵੀ ਨਹੀਂ ਮਿਲਣਾ। ਮਰ ਚੁੱਕੇ ਸਿਤਾਰੇ ਵੀ ਕਿਰਨਾਂ ਛੱਡਦੇ ਰਹਿੰਦੇ ਨੇ ਤੇਰੀਆਂ ਯਾਦਾਂ ਹੀ ਸਾਡੇ ਲਈ ਕਿਰਨਾਂ ਹੋਣਗੀਆਂ। 13 ਜੂਨ 2014 ਸ਼ਾਮੀ 7 ਵਜੇ ਮੈਂ ਆਪਣੇ ਸੈਰ ਕਰ ਰਹੇ ਸਾਥੀਆਂ ਨੂੰ ਕਹਿ ਰਿਹਾ ਸਾਂ ਕਿ ਸੁਖਵੰਤ ਨੂੰ ਮੋੜ ਪੈ ਰਿਹਾ ਹੈ, ਪਰ ਜਦੋਂ ਘਰ ਆਇਆ ਮੇਰੇ ਬੇਟੇ ਅਮਿੱਤ ਨੇ ਤੇਰੀ ਜੁਦਾਈ ਦੀ ਖ਼ਬਰ ਹੀ ਦੇ ਦਿੱਤੀ। ਇੱਕ ਗੱਲ ਜਰੂਰ ਕਹਿਣੀ ਬਣਦੀ ਹੈ ਕਿ ਸੁਖਵੰਤ ਘੱਟ ਹੀ ਹੁੰਦੇ ਨੇ।

**-ਮੇਘ ਰਾਜ ਮਿੱਤਰ**